New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 14 March, 2025 C ੧ ਚੇਤ ਨਾਨਕਸ਼ਾਹੀ ਸੰਮਤ ੫੫੭
Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਮਾਰਕ ਕਾਰਨੀ ਅੱਜ ਚੁੱਕਣਗੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ


ਔਟਵਾ, (ਸਿਮਰਨਜੀਤ ਸਿੰਘ): ਲਿਬਰਲ ਆਗੂ ਮਾਰਕ ਕਾਰਨੀ ਅੱਜ ਯਾਨੀ ਸ਼ੁੱਕਰਵਾਰ ਨੂੰ ਕੈਨੇਡਾ ਦੇ 24ਵੇਂ ਪ੍ਰਧਾਨ ਮੰਤਰੀ ਵਜੋਂ ਹਲਫ਼ ਉਠਾਉਣਗੇ। ਇਹ ਜਾਣਕਾਰੀ ਗਵਰਨਰ ਜਨਰਲ ਮੈਰੀ ਸਾਈਮਨ ਦੇ ਦਫ਼ਤਰ ਵੱਲੋਂ ਸਾਂਝੀ ਕੀਤੀ ਗਈ ।

ਜਾਣਕਾਰੀ ਮੁਤਾਬਕ, ਕਾਰਨੀ ਅਤੇ ਉਨ੍ਹਾਂ ਦੀ ਮੰਤਰੀ ਮੰਡਲ ਦੀ ਹਲਫ਼ ਉਠਾਉਣ ਦੀ ਰਸਮ ਸ਼ੁੱਕਰਵਾਰ ਸਵੇਰੇ 11 ਵਜੇ (ਸਥਾਨਕ ਸਮੇਂ ਅਨੁਸਾਰ) ਔਟਵਾ ਵਿੱਚ ਹਾਊਸ ਆਫ਼ ਕਾਮਨ 'ਚ ਹੋਵੇਗੀ। ਮਾਰਕ ਕਾਰਨੀ ਆਪਣਾ ਮੰਤਰੀ ਮੰਡਲ ਵੀ ਛੋਟਾ ਹੀ ਰੱਖਣਗੇ ਅਤੇ ਇਸ ਦੌਰਾਨ ਉਹ ਮੰਤਰੀ ਮੰਡਲ 'ਚ ਫੇਰ-ਬਦਲ ਵੀ ਕਰਨਗੇ।

ਉਹ ਜਸਟਿਨ ਟਰੂਡੋ ਦੀ ਥਾਂ ਲੈਣਗੇ, ਜੋ ਕਿ ਆਉਣ ਵਾਲੇ ਦਿਨਾਂ 'ਚ ਆਪਣੇ ਅੱਹੁਦੇ ਤੋਂ ਹਟਣ ਜਾ ਰਹੇ ਹਨ। ਕਾਰਨੀ ਨੇ ਐਤਵਾਰ ਨੂੰ ਹੋਏ ਲਿਬਰਲ ਆਗੂ ਚੋਣ ਮੁਕਾਬਲੇ 'ਚ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਨਵੇਂ ਲਿਬਰਲ ਆਗੂ ਨਿਯੁੱਕਤ ਹੋਏ ਹਨ।

ਜ਼ਿਕਰਯੋਗ ਹੈ ਕਿ ਕਾਰਨੀ ਪਹਿਲਾਂ ਕਦੇ ਵੀ ਸੰਸਦ ਵਿੱਚ ਨਹੀਂ ਰਹੇ ਅਤੇ ਨਾ ਹੀ ਕਿਸੇ ਸਿਆਸੀ ਅਹੁਦੇ 'ਤੇ ਰਹੇ ਹਨ। ਉਹ ਕੈਨੇਡਾ ਅਤੇ ਇੰਗਲੈਂਡ ਦੇ ਕੇਂਦਰੀ ਬੈਂਕਾਂ ਦੇ ਗਵਰਨਰ ਰਹੇ ਹਨ ਅਤੇ ਲੰਬੇ ਸਮੇਂ ਤੱਕ ਵਿੱਤੀ ਮਾਮਲਿਆਂ 'ਚ ਦੋਹਾਂ ਦੇਸ਼ਾਂ ਦੇ ਸਰਕਾਰਾਂ ਨੂੰ ਲੰਬਾ ਸਮਾਂ ਸਲਾਹਕਾਰ ਵਜੋਂ ਸੇਵਾਵਾਂ ਦਿੰਦੇ ਆਏ ਹਨ।

ਉਨ੍ਹਾਂ ਨੇ ਸੋਮਵਾਰ ਨੂੰ ਓਟਾਵਾ ਵਿੱਚ ਆਪਣੀ




ਪਹਿਲੀ ਮੰਤਰੀ ਮੰਡਲ ਮੀਟਿੰਗ ਤੋਂ ਬਾਅਦ ਕਿਹਾ ਕਿ ਸਰਕਾਰ ਦਾ ਸੰਚਾਲਨ "ਬਿਲਕੁਲ ਤੇਜ਼ ਅਤੇ ਬਿਨਾ ਕਿਸੇ ਵਿਘਨ ਦੇ ਹੋਵੇਗਾ"।


ਦੂਜੇ ਪਾਸੇ ਇਸ ਸਮੇਂ ਜੋ ਹਾਲਾਤ ਹਨ ਕਾਰਨੀ ਕੈਨੇਡਾ-ਅਮਰੀਕਾ ਦਰਮਿਆਨ ਚਲ ਰਹੇ ਗੰਭੀਰ ਵਪਾਰਕ ਤਣਾਅ ਦੇ ਵਿਚਕਾਰ ਪ੍ਰਧਾਨ ਮੰਤਰੀ ਬਣ ਰਹੇ ਹਨ। ਇਸ 'ਤੇ ਉਨ੍ਹਾਂ ਨੇ ਸਪਸ਼ਟ ਕੀਤਾ ਹੈ ਕਿ ਜਦ ਤੱਕ ਟਰੰਪ ਆਪਣੇ ਸਾਰੇ ਟੈਰਿਫ਼ ਨਹੀਂ ਹਟਾਉਂਦੇ, ਤਦ ਤੱਕ ਕੈਨੇਡਾ ਵਿਰੋਧੀ ਟੈਰਿਫ਼ • ਬਾਕੀ ਸਫ਼ਾ 2 'ਤੇ

## ਮਈ ਦੇ ਪਹਿਲੇ ਹਫ਼ਤੇ ਫੈਡਰਲ ਚੋਣਾਂ ਹੋਣ ਦੀ ਸੰਭਾਵਨਾ

ਕਾਰਨੀ ਦੇ ਪ੍ਰਧਾਨ ਮੰਤਰੀ ਵਜੋਂ ਹਲਫ਼ ਉਠਾਉਣ ਦੇ ਤੁਰੰਤ ਬਾਅਦ ਚੋਣਾਂ ਹੋਣ ਦੀ ਸੰਭਾਵਨਾ ਹੈ। ਮੌਜੂਦਾ ਸੰਸਦੀ ਕਾਰਵਾਈ 24 ਮਾਰਚ ਤਕ ਰੋਕੀ ਹੋਈ ਹੈ, ਪਰ ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ ਜਿਵੇਂ ਹੀ ਸੰਸਦ ਮੁੜ ਸ਼ੁਰੂ ਹੁੰਦੀ ਹੈ, ਉਹ ਲਿਬਰਲ ਸਰਕਾਰ 'ਤੇ ਬੇਭਰੋਸਗੀ ਲਈ ਮਤਾ ਫਿਰ ਪੇਸ਼ ਕਰਨਗੇ।

ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਾਰਨੀ ਆਪਣੇ ਤਰੀਕੇ ਨਾਲ ਚੋਣਾਂ ਐਲਾਨ ਕਰ ਸਕਦੇ • ਬਾਕੀ ਸਫ਼ਾ 2 'ਤੇ

### ਟਰੂਡੋ ਨੇ ਕੀਤਾ ਸਿਆਸਤ ਤੋਂ ਕਿਨਾਰਾ



ਜਸਟਿਨ ਟਰੂਡੋ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਕਿ ਉਹ ਮੁੜ ਮੈਂਬਰ ਪਾਰਲੀਮੈਂਟ ਵਜੋਂ ਚੋਣ ਨਹੀਂ ਲੜਨਗੇ। ਉਨ੍ਹਾਂ ਨੇ ਜਨਵਰੀ 'ਚ ਕਿਹਾ ਸੀ ਕਿ ਉਹ ਲਿਬਰਲ ਆਗੂ ਵਜੋਂ ਆਪਣੇ ਅਹੁੱਦੇ ਤੋਂ ਹਟ ਜਾਣਗੇ, ਤਾਂ ਜੋ ਪਾਰਟੀ ਸੰਭਾਵੀ ਤੌਰ 'ਤੇ ਹੋਣ ਵਾਲੀਆਂ ਚੋਣਾਂ 'ਚ ਕੰਜ਼ਰਵੇਟਿਵ ਆਗੂ ਪੀਅਰ • ਬਾਕੀ ਸਫ਼ਾ 2 'ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

Satya Asha
FUSION 9
100% VEGETARIAN INDIAN RESTAURANT
Real Indian Espresso Coffee
Eat-in and Take out
We do customize Catering for all occasions
TUESDAY TO FRIDAY 10:00am to 8:30pm
SATURDAY - SUNDAY 9:00am to 8:30pm
MONDAY CLOSED
Tel: 604-597-7077, 604-596-4191
#5&6-12818-72nd, Avenue, Surrey
www.safusion9.com

ਸਿੱਖ ਕਲੈਂਡਰ ਮੁਤਾਬਕ ਨਵੇਂ ਸਾਲ ਦੀ ਆਮਦ ਦੀਆਂ ਲੱਖ ਲੱਖ ਵਧਾਈਆਂ
ਇਸ ਮੌਕੇ 'ਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਅਤੇ ਈਕੋ ਸਿੱਖ ਵਲੋਂ
ਵਿਸ਼ਵ ਸਿੱਖ ਵਾਤਾਵਰਣ ਦਿਵਸ
15 ਮਾਰਚ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ
ਸਥਾਨ : ਡੌਮੀਨਿਅਨ ਪਾਰਕ 8225 - 134 ਸਟਰੀਟ ਸਰੀ ਵਿਖੇ ਦਰਖ਼ਤ ਲਗਾਏ ਜਾਣਗੇ।

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

S&S INSURANCE SERVICE
FAST SERVICE AND COMPETITIVE RATES
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW 604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਓ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 604-746-4222 ABBOTSFORD 31324 - 107 Peardonville Rd
604-316-3643 CHILLIWACK BACK SIDE OF CHILLIWACK TAXI : 45877-HOCKING AVE

Space Available for Advertisement
Call
604-338-7310

ਸਫ਼ਾ 1 ਦਾ ਬਾਕੀ

## ਮਾਰਕ ਕਾਰਨੀ ਅੱਜ ਚੁੱਕਣਗੇ...

ਜਾਰੀ ਰੱਖੇਗਾ। ਹੈਮਿਲਟਨ ਵਿੱਚ ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਕਾਰਨੀ ਨੇ ਕਿਹਾ ਕਿ ਉਹ ਟਰੰਪ ਨਾਲ ਮਿਲਣ ਲਈ ਤਿਆਰ ਹਨ, ਪਰ ਸ਼ਰਤ ਇਹ ਹੈ ਕਿ ਅਮਰੀਕਾ, ਕੈਨੇਡਾ ਦੀ ਆਜ਼ਾਦੀ ਦਾ ਆਦਰ ਕਰੇ ਅਤੇ ਵਪਾਰ ਲਈ ਇੱਕ ਨਵੇਂ, ਸਮਝਦਾਰ ਢੰਗ ਦੀ ਪੈਰਵੀ ਕਰੇ।

ਇਸਦੇ ਉਲਟ, ਵਾਈਟ ਹਾਊਸ ਵੱਲੋਂ ਮੰਗਲਵਾਰ ਨੂੰ ਕਿਹਾ ਗਿਆ ਕਿ ਟਰੰਪ ਨੇ ਹਾਲੇ ਤੱਕ ਕਾਰਨੀ ਨਾਲ ਗੱਲ ਨਹੀਂ ਕੀਤੀ, ਪਰ "ਉਨ੍ਹਾਂ ਦਾ ਫ਼ੋਨ ਵਿਸ਼ਵ ਆਗੂਆਂ ਲਈ ਹਮੇਸ਼ਾ ਖੁੱਲ੍ਹਾ ਹੈ"।

ਅਮਰੀਕਾ ਦੇ ਵਪਾਰ ਮੰਤਰੀ ਹੋਵਰਡ ਲੁਟਨਿਕ ਨੇ ਬੁੱਧਵਾਰ ਨੂੰ ਫਾਕਸ ਬਿਜ਼ਨਸ ਨੂੰ ਦੱਸਿਆ ਕਿ ਅਮਰੀਕੀ ਪ੍ਰਸ਼ਾਸਨ ਕੈਨੇਡਾ ਨਾਲ ਵਪਾਰਕ ਗੱਲਬਾਤ ਲਈ ਉਨ੍ਹਾਂ ਦੇ ਅਗਲੇ ਚੋਣਾਂ ਤੋਂ ਬਾਅਦ ਤਕ ਇੰਤਜ਼ਾਰ ਕਰੇਗਾ।

## ਮਈ ਦੇ ਪਹਿਲੇ ਹਫ਼ਤੇ ...

ਹਨ ਕਿਉਂਕਿ ਕਾਰਨੀ ਨੂੰ ਸੰਸਦ 'ਚ ਪਹਿਲ ਨਵੇਂ ਮੈਂਬਰ ਵਜੋਂ ਆਪਣੀ ਸਥਿਤੀ ਪੱਕੀ ਕਰਨੀ ਪਵੇਗੀ। ਜਿਸ ਲਈ ਮਾਹਰਾਂ ਵਲੋਂ ਅੰਦਾਜ਼ੇ ਇਹੀ ਲਗਾਏ ਜਾ ਰਹੇ ਹਨ ਹਨ ਸੰਸਦ ਦੀ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਮਈ ਦੇ ਪਹਿਲੇ ਹਫ਼ਤੇ ਫੈਡਰਲ ਚੋਣਾਂ ਦਾ ਐਲਾਨ ਹੋਣ ਦੀ ਪੂਰੀ ਸੰਭਾਵਨਾ ਹੈ।

## ਟਰੂਡੋ ਨੇ ਕੀਤਾ ...

ਪੋਲੀਏਵਰ ਨੂੰ ਟਕਰ ਦੇ ਸਕੇ। ਜ਼ਿਕਰਯੋਗ ਹੈ ਕਿ ਟਰੂਡੋ ਦੀ ਲੋਕਪ੍ਰੀਤਾ ਪਿਛਲੇ ਇੱਕ ਸਾਲ ਤੋਂ ਘਟ ਰਹੀ ਸੀ, ਜਿਸ ਕਾਰਨ ਪਾਰਟੀ ਦੇ ਅੰਦਰੋਂ ਹੀ ਉਨ੍ਹਾਂ 'ਤੇ ਅਹੁਦੇ ਤੋਂ ਹਟਣ ਦਾ ਦਬਾਅ ਬਣ ਰਿਹਾ ਸੀ। ਟਰੂਡੋ ਦੇ ਹਟਣ ਅਤੇ ਟਰੰਪ ਵੱਲੋਂ ਕੈਨੇਡਾ 'ਤੇ ਵਧ ਰਹੇ ਵਪਾਰਕ ਦਬਾਅ ਤੋਂ ਬਾਅਦ, ਲਿਬਰਲ ਪਾਰਟੀ ਦੀ ਲੋਕਪ੍ਰਿਅਤਾ ਫਿਰ ਦੁਬਾਰਾ ਵਧਣ ਲੱਗੀ ਹੈ।

ਤਾਜ਼ਾ ਇਪਸੋਸ ਸਰਵੇਖਣ ਮੁਤਾਬਕ, 2021 ਤੋਂ ਬਾਅਦ ਪਹਿਲੀ ਵਾਰ ਲਿਬਰਲ ਪਾਰਟੀ ਨੇ ਚੋਣ ਪੋਲਾਂ 'ਚ ਕੰਜ਼ਰਵਟਿਵ ਪਾਰਟੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਲਿਬਰਲ ਪਾਰਟੀ ਦੇ 80% ਮੈਂਬਰਾਂ ਨੇ ਕਾਰਨੀ ਨੂੰ ਆਪਣਾ ਆਗੂ ਬਣਾਇਆ, ਕਿਉਂਕਿ ਉਹ ਉਨ੍ਹਾਂ ਨੂੰ ਪੀਅਰ ਪੋਲੀਏਵਰ ਅਤੇ ਡੋਨਾਲਡ ਟਰੰਪ ਦਾ ਮੁਕਾਬਲਾ ਕਰਨ ਲਈ ਸਭ ਤੋਂ ਵਧੀਆ ਆਗੂ ਮੰਨਦੇ ਹਨ।

# ਅਮਰੀਕੀ ਟੈਰਿਫ਼ ਕਾਰਨ ਅਮਰੀਕਾ ਜਾਣ ਵਾਲੀਆਂ ਟਰੱਕਾਂ ਦੀ ਗਿਣਤੀ ਘੱਟੀ

**ਔਟਵਾ (ਸਿਮਰਨਜੀਤ ਸਿੰਘ):** ਕੈਨੇਡਾ ਅਤੇ ਅਮਰੀਕਾ ਵਿਚਾਲੇ ਵਧ ਰਹੇ ਵਪਾਰਕ ਤਣਾਅ ਅਤੇ ਟੈਰਿਫ਼ ਦੀਆਂ ਨਵੀਆਂ ਨੀਤੀਆਂ ਨੇ ਕੈਨੇਡਾ ਤੋਂ ਅਮਰੀਕਾ ਜਾਣ ਵਾਲੀਆਂ ਟਰੱਕਾਂ ਦੀ ਗਿਣਤੀ ਤੇਜ਼ੀ ਨਾਲ ਘਟਾ ਦਿੱਤੀ ਹੈ। ਟਰੱਕਿੰਗ ਉਦਯੋਗ ਨਾਲ ਜੁੜੇ ਕਾਰੋਬਾਰੀ ਅਤੇ ਸਰਹੱਦੀ ਇਲਾਕਿਆਂ ਵਿੱਚ ਕੰਮ ਕਰ ਰਹੇ ਵਪਾਰੀ ਇਸ ਗਿਰਾਵਟ ਕਾਰਨ ਚਿੰਤਤ ਹਨ।



ਐਮੇਰਸਨ, ਮਨੀਟੋਬਾ ਵਿੱਚ ਸਥਿਤ ਡਿਊਟੀ ਫ਼ਰੀ ਦੁਕਾਨ ਦੇ ਬੁਲਾਰੇ ਨੇ ਦੱਸਿਆ ਕਿ ਟਰੰਪ ਪ੍ਰਸ਼ਾਸਨ ਵੱਲੋਂ ਨਵੇਂ ਟੈਰਿਫ਼ ਲਾਗੂ ਕਰਨ ਦੀਆਂ ਧਮਕੀਆਂ ਦੇਣ ਤੋਂ ਬਾਅਦ ਤੋਂ ਉਨ੍ਹਾਂ ਦੇ ਕਾਰੋਬਾਰ ਵਿੱਚ ਵੱਡੀ ਮੰਦੀ ਆਈ ਹੈ। "ਇਹ ਹਾਲਾਤ ਮਹਾਮਾਰੀ ਦੇ ਦੌਰਾਨ ਵਾਲੇ ਸਮਿਆਂ ਵਰਗੇ ਹੀ ਲੱਗਦੇ ਹਨ, ਪਰ ਅੰਤਰ ਇਹ ਹੈ ਕਿ ਇਸ ਵਾਰ ਟਰੱਕਾਂ ਦੀ ਆਵਾਜਾਈ ਨਾ ਦੇ ਸਮਾਨ ਹੋ ਗਈ ਹੈ।

ਉਨ੍ਹਾਂ ਨੇ ਵਧੇਰੇ ਜਾਣਕਾਰੀ ਦਿੰਦਿਆਂ ਕਿਹਾ, "ਕੋਵਿਡ-19 ਮਹਾਮਾਰੀ ਦੌਰਾਨ ਭਾਵੇਂ ਸਰਹੱਦ ਬੰਦ ਸੀ, ਪਰ ਟਰੱਕਾਂ ਦੀ ਆਵਾਜਾਈ ਜਾਰੀ ਰਹੀ ਸੀ। ਪਰ ਹੁਣ, ਅਸੀਂ ਦੱਖਣ ਵੱਲ ਜਾਣ ਵਾਲੀਆਂ ਟਰੱਕਾਂ ਦੀ ਗਿਣਤੀ ਲਗਭਗ ਖ਼ਤਮ ਹੋਣ ਦੇ ਬਰਾਬਰ ਵੇਖ ਰਹੇ ਹਾਂ।"

ਟੈਰਿਫ਼ ਲਾਗੂ ਹੋਣ ਤੋਂ ਪਹਿਲਾਂ, ਐਮੇਰਸਨ ਸਰਹੱਦ 'ਤੇ ਹਫ਼ਤੇ ਦੇ ਸ਼ੁਰੂਆਤੀ ਦਿਨਾਂ ਵਿੱਚ ਸੈਂਕੜਿਆਂ ਟਰੱਕਾਂ ਦੀ ਲਾਈਨ ਹੁੰਦੀ ਸੀ। ਪਰ ਪਿਛਲੇ ਹਫ਼ਤੇ, ਸਿਰਫ਼ ਕੁਝ ਗਿਣਤੀਆਂ ਟਰੱਕਾਂ ਨੂੰ ਹੀ ਜਾਂਦੇ ਹੋਏ ਦੇਖਿਆ। "ਇਹ ਬਹੁਤ ਵੱਡੀ ਗੱਲ ਹੈ, ਕਿਉਂਕਿ ਐਮੇਰਸਨ ਸਰਹੱਦ ਉੱਤੇ ਹਰ ਸਾਲ ਲਗਭਗ 31 ਅਰਬ ਡਾਲਰ ਦਾ ਵਪਾਰ ਹੁੰਦਾ ਹੈ

ਮਨੀਟੋਬਾ ਟਰੱਕਿੰਗ ਅਸੋਸੀਏਸ਼ਨ ਨੇ ਵੀ ਇਹ ਸਵੀਕਾਰਿਆ ਕਿ ਉਨ੍ਹਾਂ ਦੇ ਮੈਂਬਰ ਇਸ ਸਮੱਸਿਆ ਨਾਲ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਕਾਰੋਬਾਰੀਆਂ ਵਲੋਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹਨਾਂ ਦੀਆਂ ਚੀਜ਼ਾਂ ਟੈਰਿਫ਼ ਦੀ ਲਪੇਟ ਵਿੱਚ ਨਾ ਆਉਣ, ਜਿਸ ਕਰਕੇ ਸਰਹੱਦ ਪਾਰ ਭੇਜਣ ਵਾਲੀਆਂ ਲੋਡਿੰਗਸ ਘੱਟ ਰਹੀਆਂ ਹਨ।

ਇੱਕ ਅੰਦਾਜ਼ੇ ਦੇ ਮੁਤਾਬਕ, 28,000 ਤੋਂ ਵੱਧ ਮਨੀਟੋਬਾ ਦੇ ਨੌਕਰੀਪੇਸ਼ਾ ਵਿਅਕਤੀ ਟਰੱਕਿੰਗ ਉਦਯੋਗ ਨਾਲ ਜੁੜੇ ਹੋਏ ਹਨ, ਅਤੇ ਉਨ੍ਹਾਂ ਦੀ ਨੌਕਰੀਆਂ ਹੁਣ ਅਨਿਸ਼ਚਿਤ ਹੋ ਗਈਆਂ ਹਨ। "ਕਾਰੋਬਾਰ ਅਨਿਸ਼ਚਿਤਤਾ ਵਿੱਚ ਫ਼ਸਿਆ ਹੋਇਆ ਹੈ। ਉਨ੍ਹਾਂ ਨੂੰ ਪਤਾ ਨਹੀਂ ਕਿ ਸਰਹੱਦ ਪਾਰ ਕੀਮਤਾਂ ਅਤੇ ਟੈਰਿਫ਼ ਦੀ ਸਥਿਤੀ ਕੀ ਹੋਵੇਗੀ, ਜਿਸ ਕਰਕੇ ਉਹ ਆਪਣੇ ਅਗਲੇ ਕਦਮ ਚੁੱਕਣ ਵਿੱਚ ਝਿਜਕ ਮਹਿਸੂਸ ਕਰ ਰਹੇ ਹਨ। This report was written by Simranjit Singh as part of the Local Journalism Initiative.

# ਬੱਚਿਆਂ ਲਈ ਵਿਸ਼ੇਸ਼ ਗੁਰਮਤਿ ਸਿਖਲਾਈ ਕੈਂਪ 24 ਮਾਰਚ ਤੋਂ 28 ਮਾਰਚ ਤੱਕ

**ਵੈਨਕੂਵਰ (ਰਛਪਾਲ ਸਿੰਘ ਗਿੱਲ):** ਗੁਰਦੁਆਰਾ ਖਾਲਸਾ ਦਰਬਾਰ, 7749 ਪ੍ਰਿੰਸ ਅਡਵਰਡ ਸਟਰੀਟ ਵੈਨਕੂਵਰ ਵਿਖੇ 24 ਮਾਰਚ ਤੋਂ 28 ਮਾਰਚ, ਦਿਨ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਗੁਰਮਤਿ ਕੈਂਪ ਲਗਾਏ ਜਾ ਰਹੇ ਹਨ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ,



ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।


ਬੀ. ਸੀ. ਖਾਲਸਾ ਦਰਬਾਰ ਸੁਸਾਇਟੀ

7749 Prince Edward Street ,Vancouver ,B.C.V5X 0A3 604-325-2290 ,FAX :604-325-2260



ਬੱਚਿਆਂ ਲਈ ਵਿਸ਼ੇਸ਼

ਗੁਰਮਤਿ ਸਿਖਲਾਈ ਕੈਂਪ

24 ਮਾਰਚ ਤੋਂ 28 ਮਾਰਚ, 2025

ਗੁਰਦੁਆਰਾ ਖਾਲਸਾ ਦਰਬਾਰ, ਬੀ.ਸੀ. ਖਾਲਸਾ ਦਰਬਾਰ ਸੁਸਾਇਟੀ ਵੈਨਕੂਵਰ ਵਿਖੇ, ਸਵੇਰੇ 9:00 ਵਜੇ ਤੋਂ 3:00 ਵਜੇ ਤੱਕ ਗੁਰਮਤਿ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ, ਸਿੱਖ ਇਤਿਹਾਸ, ਕੀਰਤਨ ਅਤੇ ਗੱਤਕਾ ਦੇ ਨਾਲ-ਨਾਲ ਗੁਰਮਤਿ ਦੀ ਰਹਿਣੀ ਤੋਂ ਜਾਣੂ ਕਰਾਇਆ ਜਾਵੇਗਾ। ਇਸ ਗੁਰਮਤਿ ਸਿਖਲਾਈ ਕੈਂਪ 'ਚ 6 ਸਾਲ ਤੋਂ 14 ਸਾਲ ਤੱਕ ਦੇ ਬੱਚੇ ਭਾਗ ਲੈ ਸਕਦੇ ਹਨ। ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਬੱਚਿਆਂ ਨੂੰ ਗੁਰਮਤਿ ਸਿਖਲਾਈ ਕੈਂਪ ਵਿੱਚ ਲੈ ਕੇ ਆਓ ਤਾਂ ਕੇ ਬੱਚੇ ਗੁਰਮਤਿ ਅਤੇ ਸਿੱਖ ਵਿਰਸੇ ਤੋਂ ਜਾਣੂ ਹੋ ਸਕਣ।

ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 236-688-7264 ਜਾਂ 604-325-2290

# ਕੈਨੇਡਾ ਵਲੋਂ ਅਮਰੀਕਾ ’ਤੇ ਜਵਾਬੀ ਕਾਰਵਾਈ ਕਰਦੇ 29.8 ਅਰਬ ਡਾਲਰ ਦੇ ਹੋਰ ਟੈਰਿਫ਼ ਲਗਾਉਣ ਦਾ ਐਲਾਨ

**ਔਟਵਾ (ਸਿਮਰਨਜੀਤ ਸਿੰਘ):** ਕੈਨੇਡਾ ਨੇ ਅਮਰੀਕਾ ਵੱਲੋਂ ਲਗਾਏ ਗਏ ਨਵੇਂ ਸਟੀਲ ਅਤੇ ਐਲੂਮਿਨਿਅਮ ਟੈਰਿਫ਼ ਦੇ ਜਵਾਬ ਵਿੱਚ 29.8 ਅਰਬ ਡਾਲਰ ਦੇ ਹੋਰ ਵਿਰੋਧੀ ਟੈਰਿਫ਼ ਲਗਾਉਣ ਦੀ ਘੋਸ਼ਣਾ ਕੀਤੀ ਹੈ। ਇਹ ਕਦਮ ਉੱਤਰੀ ਅਮਰੀਕਾ ਦੇ ਦੋ ਵੱਡੇ ਵਪਾਰਕ ਭਾਈਚਾਰਕ ਦੇਸ਼ਾਂ ਵਿਚਕਾਰ ਵਧ ਰਹੇ ਵਪਾਰਕ ਤਣਾਅ ਨੂੰ ਹੋਰ ਗਹਿਰਾ ਕਰਨ ਵੱਲ ਸੰਕੇਤ ਹੈ। ਬੁੱਧਵਾਰ ਨੂੰ ਅਮਰੀਕਾ ਵੱਲੋਂ ਕੈਨੇਡਾ ਅਤੇ ਹੋਰ ਵਪਾਰਕ ਦੇਸ਼ਾਂ ਤੋਂ ਆਉਣ ਵਾਲੇ ਸਟੀਲ ਅਤੇ ਐਲੂਮਿਨਿਅਮ ਉੱਤੇ 25% ਟੈਰਿਫ਼ ਲਾਗੂ ਹੋਣ ਤੋਂ ਬਾਅਦ, ਕੈਨੇਡਾ ਨੇ ਵੀ ਆਪਣੇ ਵਿਰੋਧੀ ਟੈਰਿਫ਼ ਲਗਾਉਣ ਦੀ ਤਿਆਰੀ ਕਰ ਲਈ।

ਵਿੱਤ ਮੰਤਰੀ ਡੋਮਿਨਿਕ ਲੇਬਲਾਂਕ ਨੇ ਐਲਾਨ ਕੀਤਾ ਕਿ ਕੈਨੇਡਾ ਦੇ ਵਿਰੋਧੀ ਟੈਰਿਫ਼ 13 ਮਾਰਚ ਨੂੰ ਰਾਤ 12:01 ਵਜੇ ਤੋਂ ਲਾਗੂ ਹੋਣਗੇ। ਇਹ ਟੈਰਿਫ਼ 12.6 ਅਰਬ ਡਾਲਰ ਦੇ ਸਟੀਲ ਉਤਪਾਦਾਂ, 3 ਅਰਬ ਡਾਲਰ ਦੇ ਐਲੂਮਿਨਿਅਮ ਉਤਪਾਦਾਂ ਅਤੇ 14.2 ਅਰਬ ਡਾਲਰ ਦੇ ਹੋਰ ਅਮਰੀਕੀ ਉਤਪਾਦਾਂ ‘ਤੇ ਲਾਗੂ ਹੋਣਗੇ। ਲੇਬਲਾਂਕ ਨੇ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ "ਇਹ ਟੈਰਿਫ਼, ਜੋ ਅਮਰੀਕਾ ਨੇ ਕੈਨੇਡਾ ਦੇ ਸਟੀਲ ਅਤੇ ਐਲੂਮਿਨਿਅਮ ‘ਤੇ ਲਗਾਏ ਹਨ, ਉਹ ਪਿਛਲੇ ਕਈ ਸਾਲਾਂ ਤੋਂ ਦੋਵੇਂ ਦੇਸ਼ਾਂ ‘ਚ ਬਣੀ ਇੱਕ ਬੇਮਿਸਾਲ ਅਤੇ ਸਫਲ ਵਪਾਰਕ ਸਾਂਝ ਵਿੱਚ ਵਿਘਨ ਪੈਦਾ ਕਰੇਗੀ। ਟਰੰਪ ਦੇ ਅਜਿਹੇ ਫੈਸਲੇ ਨਾ ਸਿਰਫ਼ ਕੈਨੇਡਾ ਬਲਕਿ ਅਮਰੀਕਾ ਦੇ ਆਮ ਪਰਿਵਾਰਾਂ ਲਈ ਵੀ ਹਰ ਰੋਜ਼ ਦੀਆਂ ਚੀਜ਼ਾਂ ਮਹਿੰਗੀਆਂ ਕਰ ਰਹੇ ਹਨ।"

ਉਨ੍ਹਾਂ ਕਿਹਾ "ਅਸੀਂ ਆਪਣੇ ਆਈਕਾਨਿਕ ਸਟੀਲ ਅਤੇ ਐਲੂਮਿਨਿਅਮ ਉਦਯੋਗਾਂ ਉੱਤੇ ਹੋ ਰਹੇ ਅਜਿਹੇ ਨਾਜਾਇਜ਼ ਹਮਲਿਆਂ ਨੂੰ ਚੁੱਪਚਾਪ ਨਹੀਂ ਦੇਖ



ਸਕਦੇ। ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇਗਾ"

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਧਮਕੀ ਦਿੱਤੀ ਸੀ ਕਿ ਉਹ ਮੈਟਲ ਟੈਰਿਫ਼ 25% ਤੋਂ ਵਧਾ ਕੇ 50% ਕਰ ਸਕਦੇ ਹਨ । ਇਹ ਐਲਾਨ ਓਂਟਾਰੀਓ ਦੇ 25% ਬਿਜਲੀ ਸਰਚਾਰਜ ‘ਤੇ ਕੀਤਾ ਗਿਆ, ਜੋ ਕਿ ਕੈਨੇਡਾ ਵੱਲੋਂ ਟਰੰਪ ਦੇ ਪਹਿਲੇ ਵਪਾਰਕ ਟੈਰਿਫ਼ ਦਾ ਜਵਾਬ ਸੀ।

ਹਾਲਾਂਕਿ, ਅਮਰੀਕਾ ਨੇ 50% ਦੀ ਬਜਾਏ 25% ਟੈਰਿਫ਼ ਲਾਗੂ ਕਰਨ ਦਾ ਐਲਾਨ ਕੀਤਾ, ਕਿਉਂਕਿ ਓਂਟਾਰੀਓ ਨੇ ਤਿੰਨ ਅਮਰੀਕੀ ਰਾਜਾਂ ਲਈ ਆਪਣੀ ਬਿਜਲੀ ‘ਤੇ ਲਗਾਏ ਗਿਆ ਟੈਕਸ ਰੋਕ ਦਿੱਤਾ।

ਇਹ ਨਵੇਂ ਵਿਰੋਧੀ ਟੈਰਿਫ਼ 30 ਅਰਬ ਡਾਲਰ ਦੇ ਪਿਛਲੇ ਹਫ਼ਤੇ ਲਗਾਏ ਟੈਰਿਫ਼ ਦੇ ਨਾਲ ਹੀ ਲਾਗੂ ਰਹਿਣਗੇ। ਓਟਾਵਾ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਜਦ ਤੱਕ ਟਰੰਪ ਆਪਣੇ ਸਾਰੇ ਟੈਰਿਫ਼ ਹਟਾਉਂਦੇ ਨਹੀਂ, ਤਦ ਤੱਕ ਇਹ ਕਾਰਵਾਈਆਂ ਜਾਰੀ ਰਹਿਣਗੀਆਂ।

### ਟਰੰਪ ਨੇ ਹੋਰ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ

ਅਮਰੀਕਾ ਨੇ ਕੈਨੇਡਾ ਦੀ ਆਟੋ ਉਦਯੋਗ, ਦੁੱਧ ਅਤੇ ਲੱਕੜ ਉਤਪਾਦਾਂ ‘ਤੇ ਹੋਰ ਵਪਾਰਕ ਟੈਰਿਫ਼ ਲਗਾਉਣ ਦੀ ਚਿਤਾਵਨੀ ਦਿੱਤੀ ਹੈ।

ਟਰੰਪ ਨੇ ਇਹ ਵੀ ਕਿਹਾ ਕਿ ਉਹ ਅਮਰੀਕਾ ਦੇ ਸਭ ਵਪਾਰਕ ਭਾਗੀਦਾਰਾਂ, ਜਿਸ ਵਿੱਚ ਕੈਨੇਡਾ ਵੀ ਸ਼ਾਮਲ ਹੈ, ‘ਤੇ "ਹੋਰ ਟੈਰਿਫ਼" ਲਗਾਉਣ ਦੀ ਯੋਜਨਾ ਬਣਾ ਰਹੇ ਹਨ। ਸਟੀਲ ਅਤੇ ਐਲੂਮਿਨਿਅਮ ਉੱਤੇ ਲੱਗੇ ਨਵੇਂ ਟੈਰਿਫ਼ ਦੋਵਾਂ ਪਾਸਿਆਂ ਦੇ ਉਦਯੋਗਾਂ ਅਤੇ ਕਰਮਚਾਰੀਆਂ ‘ਤੇ ਪ੍ਰਭਾਵ ਪੈਣਗੇ।

ਉੱਤਰੀ ਅਮਰੀਕਾ ਵਿੱਚ ਕਾਰਖ਼ਾਨਿਆਂ, ਉਤਪਾਦਨ ਅਤੇ ਨਿਰਯਾਤ ‘ਤੇ ਇਸ ਦੇ ਲੰਮੇ ਸਮੇਂ ਦੇ ਪ੍ਰਭਾਵ ਪੈਣ ਦੀ ਸੰਭਾਵਨਾ ਬਣ ਗਈ ਹੈ। ਕੈਨੇਡਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਦ ਤੱਕ ਅਮਰੀਕਾ ਆਪਣੇ ਟੈਰਿਫ਼ ਹਟਾਉਂਦਾ ਨਹੀਂ, ਉਹ ਵੀ ਆਪਣੇ ਵਿਰੋਧੀ ਟੈਰਿਫ਼ ਲਗਾਤਾਰ ਲਾਗੂ ਰੱਖੇਗਾ। This report was written by Simranjit Singh as part of the Local Journalism Initiative.

# ਲਿਬਰਲ ਲੀਡਰਸ਼ਿਪ ਚੋਣ ਦੌਰਾਨ ਫੰਡਰੇਜ਼ਰ ਪ੍ਰਕਿਰਿਆ ਸਵਾਲਾਂ ਦੇ ਘੇਰੇ ‘ਚ

**ਔਟਵਾ (ਸਿਮਰਨਜੀਤ ਸਿੰਘ):** ਲਿਬਰਲ ਲੀਡਰਸ਼ਿਪ ਚੋਣ ਦੌਰਾਨ ਸਿਰਫ਼ ਮਾਰਕ ਕਾਰਨੀ ਅਤੇ ਰੂਬੀ ਢੱਲਾ ਨੇ ਆਪਣੇ ਫੰਡਰੇਜ਼ਿੰਗ ਸਮਾਗਮਾਂ ਦੀ ਜਾਣਕਾਰੀ ਇਲੈਕਸ਼ਨਜ਼ ਕੈਨੇਡਾ ਨੂੰ ਦਿੱਤੀ, ਜਦਕਿ ਹੋਰ ਉਮੀਦਵਾਰਾਂ ਨੇ ਅਜਿਹਾ ਨਹੀਂ ਕੀਤਾ। ਜਿਸ ਕਾਰਨ ਲਿਬਰਲ ਲੀਡਰਸ਼ਿਪ ਚੋਣ ਦੌਰਾਨ ਫੰਡਰੇਜ਼ਰ ਪ੍ਰਕਿਰਿਆ ਸਵਾਲਾਂ ਦੇ ਘੇਰੇ ‘ਚ ਆ ਗਈ ਹੈ।

ਇਸ ਗੱਲ ਨੇ ਕੈਨੇਡਾ ਦੀ ਚੋਣੀ ਪ੍ਰਕਿਰਿਆ ਦੀ ਪਾਰਦਰਸ਼ੀਤਾ ‘ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਡੈਮੋਕਰੈਸੀ ਵੌਚ ਦੇ ਡੱਫ਼ ਕੋਨਾਕਰ ਨੇ ਇਸ ਨੂੰ ਕਾਨੂੰਨੀ ਘਾਟ (ਲੋਪਹੋਲਇ) ਕਰਾਰ ਦਿੰਦਿਆਂ ਕਿਹਾ ਕਿ ਇਹ ਰਾਜਨੀਤਿਕ ਅਭਿਆਨ ‘ਚ ਗੁਪਤ ਫੰਡਿੰਗ ਨੂੰ ਵਧਾਉਂਦਾ ਹੈ।

ਮਾਰਕ ਕਾਰਨੀ ਨੇ ਦੋ ਮਹੀਨੇ ਚੱਲੀ ਲੀਡਰਸ਼ਿਪ ਚੋਣ ਮੁਹਿੰਮ ਦੌਰਾਨ ਅੱਠ ਫੰਡਰੇਜ਼ਰ ਦੀ ਜਾਣਕਾਰੀ ਦਿੱਤੀ, ਜਦਕਿ ਢੱਲਾ—ਜਿਨ੍ਹਾਂ ਨੂੰ ਪਾਰਟੀ ਨੇ ਬਾਅਦ ‘ਚ ਚੋਣ ‘ਚੋਂ ਬਾਹਰ ਕਰ ਦਿੱਤਾ ਸੀ, ਨੇ ਸਿਰਫ਼ ਇੱਕ ਫੰਡਰੇਜ਼ਰ ਦੀ ਜਾਣਕਾਰੀ ਦਿੱਤੀ। ਦੂਜੇ ਪਾਸੇ, ਕ੍ਰਿਸਟੀਆ ਫ੍ਰੀਲੈਂਡ, ਫਰੈਂਕ ਬੇਲਿਸ ਅਤੇ ਕਰੀਨਾ ਗੂਲਡ ਨੇ ਕਿਸੇ ਵੀ ਫੰਡਰੇਜ਼ਰ ਦੀ ਜਾਣਕਾਰੀ ਇਲੈਕਸ਼ਨਜ਼ ਕੈਨੇਡਾ ਨੂੰ ਨਹੀਂ ਦਿੱਤੀ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਚੋਣ ਕਾਨੂੰਨ ਅਨੁਸਾਰ, ਜੇਕਰ ਕਿਸੇ ਫੰਡਰੇਜ਼ਰ ‘ਚ ਸ਼ਾਮਲ ਹੋਣ ਲਈ ਕਿਸੇ ਵਿਅਕਤੀ ਨੂੰ $200 ਜਾਂ ਵੱਧ ਦੀ ਫੀਸ ਦੇਣੀ ਪੈਂਦੀ ਹੋਵੇ, ਤਾਂ ਉਸ ਨੂੰ ਪਹਿਲਾਂ ਹੀ ਜਨਤਕ ਕਰਨਾ ਲਾਜ਼ਮੀ ਹੁੰਦਾ ਹੈ।

ਜੇਕਰ ਉਮੀਦਵਾਰ ਜਾਂ ਪਾਰਟੀ ਇਹ ਨਿਯਮ ਤੋੜਦੇ ਹਨ, ਤਾਂ ਉਹਨਾਂ ਨੂੰ ਵਾਪਸ ਫੰਡ ਮੋੜਨੇ ਪੈਂਦੇ ਹਨ। ਫ੍ਰੀਲੈਂਡ ਵੱਲੋਂ 10 ਫਰਵਰੀ ਨੂੰ ਟੋਰਾਂਟੋ ਦੇ ਇਟੋਬੀਕੋਕ ‘ਚ ਹੋਏ ਇੱਕ ਫੰਡਰੇਜ਼ਰ ਲਈ $500 ਤੋਂ $1,750 ਤੱਕ ਦੀ “ਸਿਫ਼ਾਰਸ਼ੀ ਦਾਨ ਰਕਮ” ਰੱਖੀ ਸੀ।

ਡੱਫ਼ ਕੋਨਾਕਰ ਦਾ ਕਹਿਣਾ ਹੈ ਕਿ "ਇਹ ਉਮੀਦਵਾਰਾਂ ਲਈ ਲੋਕਾਂ ਨੂੰ ਗੁਪਤ ਤਰੀਕੇ ਨਾਲ ਲੱਭਣ ਦਾ ਮੌਕਾ ਦਿੰਦੀ ਹੈ, ਜੋ ਕਿ ਪਾਰਦਰਸ਼ੀਤਾ ‘ਤੇ ਵੱਡਾ ਪ੍ਰਭਾਵ ਪਾਉਂਦੀ ਹੈ।"

2018 ‘ਚ ਲਿਬਰਲ ਸਰਕਾਰ ਵੱਲੋਂ ਪਾਸ ਕੀਤਾ ਗਿਆ ਬਿੱਲ ਸੀ-50 ਨਿਯਮ ਲੈ ਕੇ ਆਇਆ, ਜਿਸ ਤਹਿਤ ਸਭ ਤੋਂ ਮਹਿੰਗੇ ਫੰਡਰੇਜ਼ਰ ਸਮਾਗਮਾਂ ਨੂੰ ਪੂਰੀ ਤਰ੍ਹਾਂ ਜਨਤਕ ਕਰਨਾ ਲਾਜ਼ਮੀ ਬਣਾਇਆ ਗਿਆ ਸੀ।

ਕਾਨੂਨੀ ਮਾਹਰ ਸਕੌਟ ਥਰਲੋ ਨੇ ਦੱਸਿਆ, "ਇਹ ਸੰਸਦ ਦਾ ਇੱਕ ਸੋਚਿਆ-ਸਮਝਿਆ ਫੈਸਲਾ ਹੈ, ਜੇਕਰ ਕਿਸੇ ਇਕ ਵਿਅਕਤੀ ਨੇ $200 ਜਾਂ ਵੱਧ ਦਾ ਦਾਨ ਦਿੱਤਾ, ਤਾਂ ਹੀ ਇਹ ਜਨਤਕ ਕਰਨਾ ਲਾਜ਼ਮੀ ਹੁੰਦਾ ਹੈ।"

ਲਿਬਰਲ ਲੀਡਰਸ਼ਿਪ ਚੋਣ ‘ਚ ਫੰਡਰੇਜ਼ਿੰਗ ਪਾਰਦਰਸ਼ੀਤਾ ‘ਤੇ ਵੱਡਾ ਚਰਚਾ ਛਿੜ ਚੁੱਕੀ ਹੈ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਲੈਕਸ਼ਨਜ਼ ਕੈਨੇਡਾ ਜਾਂ ਸਰਕਾਰ ਆਉਣ ਵਾਲੇ ਸਮੇਂ ‘ਚ ਨਵੇਂ ਨਿਯਮ ਲਿਆਉਂਦੀ ਹੈ ਜਾਂ ਨਹੀਂ। This report was written by Simranjit Singh as part of the Local Journalism Initiative.


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।

BHUPINDER OBEROI
ਸਾਡਾ ਐਡਰੈੱਸ ਨੋਟ ਕਰੋ
3200 George Ferguson Way #3, Abbotsford B.C. V2T 4C8
604-864-8803
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit # 105, 12568-72 Ave, Surrey
FREE SIGHT TEST



ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY BACK LIFE INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
Punjab Insurance Agency Inc.
15 YEARS EXPERIENCE
ਬਰਿੰਦਰ ਸਿੰਘ ਗਿੱਲ 604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

# ਫੈਡਰਲ ਪਾਬੰਦੀ ਹਟਣ 'ਤੇ ਬੀ.ਸੀ. ਕਾਰਬਨ ਟੈਕਸ ਖਤਮ ਕਰੇਗਾ: ਮੁਖੀ ਡੇਵਿਡ ਈਬੀ

**ਨਵੇਂ ਲਿਬਰਲ ਆਗੂ ਮਾਰਕ ਕਾਰਨੀ ਨੇ ਕੀਤੀ ਸੀ ਕਾਰਬਨ ਟੈਕਸ ਹਟਾਉਣ ਦੀ ਘੋਸ਼ਣਾ**



**ਵਿਕਟੋਰੀਆ (ਸਿਮਰਨਜੀਤ ਸਿੰਘ):** ਬੀ.ਸੀ. ਮੁੱਖੀ ਡੇਵਿਡ ਈਬੀ ਨੇ ਐਲਾਨ ਕੀਤਾ ਹੈ ਕਿ ਜੇਕਰ ਫੈਡਰਲ ਸਰਕਾਰ ਸੂਬਿਆਂ 'ਤੇ ਲਾਗੂ ਕਾਰਬਨ ਟੈਕਸ ਦੀ ਸ਼ਰਤ ਨੂੰ ਹਟਾਉਂਦੀ ਹੈ, ਤਾਂ ਬ੍ਰਿਟਿਸ਼ ਕੋਲੰਬੀਆ ਵੀ ਬੀ.ਸੀ. ਵਾਸੀਆਂ ਲਈ ਕਾਰਬਨ ਟੈਕਸ ਰੱਦ ਕਰੇਗਾ।

ਵਿਕਟੋਰੀਆ 'ਚ ਇੱਕ ਪ੍ਰੈਸ ਕਾਨਫਰੰਸ ਦੌਰਾਨ, ਉਨ੍ਹਾਂ ਨੇ ਇਹ ਗੱਲ ਕਹੀ ਕਿ ਸੂਬਾ ਇਸ ਮਾਮਲੇ 'ਚ ਆਪਣੀ ਵਚਨਬੱਧਤਾ ਨਿਭਾਏਗਾ। ਜ਼ਿਕਰਯੋਗ ਹੈ ਕਿ ਨਵੇਂ ਫੈਡਰਲ ਲਿਬਰਲ ਆਗੂ ਮਾਰਕ ਕਾਰਨੀ ਨੇ ਹਾਲ ਹੀ 'ਚ ਐਲਾਨ ਕੀਤਾ ਕਿ ਉਹ ਕਾਰਬਨ ਟੈਕਸ ਤੁਰੰਤ ਖਤਮ ਕਰ ਦੇਣਗੇ ਅਤੇ ਕੈਪਿਟਲ ਗੇਨ ਟੈਕਸ ਵਿੱਚ ਵਾਧੇ ਨੂੰ ਵੀ ਰੋਕਣਗੇ।

ਇਸ ਸੰਬੰਧੀ ਪੁੱਛੇ ਗਏ ਪ੍ਰਸ਼ਨ 'ਤੇ, ਈਬੀ ਨੇ ਆਖਿਆ ਕਿ ਉਹ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਇੱਕ ਵੱਡਾ ਅਤੇ ਸਿੱਧਾ ਵਾਅਦਾ ਕਰ ਚੁੱਕੇ ਹਨ— ਜਿਵੇਂ ਹੀ ਫੈਡਰਲ ਕਾਰਬਨ ਟੈਕਸ ਹਟਾਏਗਾ, ਸੂਬਾ ਆਪਣੇ ਪਾਸੇ ਤੋਂ ਵੀ ਕਾਰਬਨ ਟੈਕਸ ਖਤਮ ਕਰ ਦੇਵੇਗਾ।

ਉਨ੍ਹਾਂ ਨੇ ਦੱਸਿਆ ਕਿ ਪਿਛਲੇ ਕਈ ਦਹਾਕਿਆਂ ਤੋਂ, ਬੀ.ਸੀ. ਵਿੱਚ ਕਾਰਬਨ ਟੈਕਸ ਨੇ ਪਰਦੂਸ਼ਣ ਨੂੰ ਘਟਾਉਣ ਵਿੱਚ ਯੋਗਦਾਨ ਪਾਇਆ ਹੈ। ਪਰ ਜਦੋਂ ਇਹ ਮੰਦੀ ਅਤੇ ਮਹਿੰਗਾਈ ਨਾਲ ਜੁੜੀ ਰਾਜਨੀਤੀ 'ਚ ਫਸ ਗਿਆ, ਤਾਂ ਲੋਕਾਂ ਦਾ ਇਸ 'ਤੇ ਭਰੋਸਾ ਘਟਣ ਲੱਗ ਪਿਆ।

ਈਬੀ ਨੇ ਕਿਹਾ ਕਿ "ਮੇਰਾ ਮੰਨਣਾ ਹੈ ਕਿ ਬਹੁਤ ਸਾਰੇ ਲੋਕ ਇਸ ਟੈਕਸ ਦੀ ਵਿਰੋਧੀ ਹੋ ਗਏ ਹਨ, ਖਾਸ ਕਰਕੇ ਜੀਵਨ ਦੀ ਲਾਗਤ ਵਧਣ ਕਰਕੇ। ਇਸੇ ਲਈ, ਅਸੀਂ ਪੂਰੀ ਤਰ੍ਹਾਂ ਸਪੱਸ਼ਟ ਹਾਂ— ਜਿਵੇਂ ਹੀ ਫੈਡਰਲ ਕਾਨੂੰਨ ਦੀ ਲੋੜ ਖਤਮ ਹੋਵੇਗੀ, ਅਸੀਂ ਵੀ ਇਹ ਟੈਕਸ ਹਟਾ ਦੇਵਾਂਗੇ," ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਸ਼ਪਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਡੀਆਂ ਉਦਯੋਗਿਕ ਕੰਪਨੀਆਂ ਅਤੇ ਪ੍ਰਦੂਸ਼ਕਾਂ ਨੂੰ ਟੈਕਸ ਦੇ ਅਧੀਨ ਰੱਖੇਗੀ। ਅੰਤ ਵਿੱਚ, ਈਬੀ ਨੇ ਆਖਿਆ ਕਿ ਬੀ.ਸੀ. ਸਰਕਾਰ ਇਸ ਟੈਕਸ ਨੂੰ ਖਤਮ ਕਰਨ ਲਈ ਸਭ ਤੋਂ ਤੇਜ਼ ਕਾਰਵਾਈ ਕਰੇਗੀ ਜਿਵੇਂ ਹੀ ਫੈਡਰਲ ਸਰਕਾਰ ਆਪਣਾ ਕਾਨੂੰਨੀ ਪਾਬੰਦ ਹਟਾਏਗੀ। This report was written by Simranjit Singh as part of the Local Journalism Initiative.


idea immigration

Super Visas
PNPs

iccrc crcic
EXPRESS ENTRY
Canada's Express Entry immigration

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
  ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620

Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com





ਕੈਨੇਡਾ ਵਿੱਚ ਨਵੇਂ ਹੋ?

ਕੈਨੇਡਾ ਵਿੱਚ ਜੀਵਨ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਸੇਵਾਵਾਂ ਉਪਲਬਧ ਹਨ। ਭਾਵੇਂ ਤੁਸੀਂ ਕੁਝ ਮਹੀਨਿਆਂ ਤੋਂ ਜਾਂ ਕੁਝ ਸਾਲਾਂ ਤੋਂ ਇੱਥੇ ਰਹਿ ਰਹੇ ਹੋ, ਕੈਨੇਡਾ ਵਿੱਚ ਸਫਲ ਜੀਵਨ ਬਣਾਉਣ ਦੇ ਦੌਰਾਨ ਦੋਸਤਾਨਾ ਅਤੇ ਤਜਰਬੇਕਾਰ ਪੇਸ਼ੇਵਰ ਤੁਹਾਡੀ ਮਦਦ ਕਰ ਸਕਦੇ ਹਨ।

ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ

- ਨੌਕਰੀ ਲੱਭਣ ਵਿੱਚ
- ਤੁਹਾਡੀ ਅੰਗਰੇਜ਼ੀ ਜਾਂ ਫ੍ਰੈਂਚ ਨੂੰ ਬਿਹਤਰ ਬਣਾਉਣ ਲਈ ਭਾਸ਼ਾ ਦੀ ਸਿਖਲਾਈ ਪ੍ਰਾਪਤ ਕਰਨ ਵਿੱਚ
- ਲੋਕਾਂ ਨੂੰ ਮਿਲਣ ਅਤੇ ਆਪਣੇ ਸਥਾਨਕ ਭਾਈਚਾਰੇ ਨਾਲ ਜੁੜਨ ਵਿੱਚ
- ਸੈਟਲਮੈਂਟ ਸੇਵਾਵਾਂ ਤੱਕ ਪਹੁੰਚ ਕਰਨ ਲਈ ਚਾਇਲਡ ਕੇਅਰ ਅਤੇ ਆਵਾਜਾਈ ਦਾ ਪਤਾ ਲਗਾਉਣ ਵਿੱਚ

IRCC 3959



ਆਪਣੇ ਨੇੜੇ ਨਵੇਂ ਆਉਣ ਵਾਲਿਆਂ ਲਈ ਸੇਵਾਵਾਂ ਲੱਭਣ ਲਈ **Canada.ca/newcomer-Punjabi** 'ਤੇ ਜਾਓ।

Immigration, Refugees and Citizenship Canada | Immigration, Réfugiés et Citoyenneté Canada

Canada

# ਟੈਰੀਫ਼ ਤੋਂ ਪ੍ਰਭਾਵਿਤ ਉਤਪਾਦਾਂ ਉੱਤੇ ਨਿਸ਼ਾਨਦੇਹੀ ਕਰੇਗੀ ਰਿਟੇਲ ਕੰਪਨੀ ਲੌਬਲੌਅ

## ਕੈਨੇਡੀਅਨ ਉਤਪਾਦਾਂ 'ਤੇ ਲੱਗੇਗਾ ਮੈਪਲ ਲੀਫ਼ ਦਾ ਨਿਸ਼ਾਨ ਅਤੇ ਅਮਰੀਕੀ ਉਤਪਾਦਾਂ 'ਤੇ ਲੱਗੇਗਾ 'T' ਦਾ ਨਿਸ਼ਾਨ

ਟੋਰਾਂਟੋ, (ਸਿਮਰਨਜੀਤ ਸਿੰਘ): ਕੈਨੇਡਾ ਦੀ ਸਭ ਤੋਂ ਵੱਡੀ ਰਿਟੇਲ ਕੰਪਨੀ ਲੌਬਲੌਅ ਨੇ ਐਲਾਨ ਕੀਤਾ ਹੈ ਕਿ ਟੈਰੀਫ਼ ਪ੍ਰਭਾਵਿਤ ਉਤਪਾਦਾਂ 'ਤੇ ਵਿਸ਼ੇਸ਼ ਨਿਸ਼ਾਨਦੇਹੀ ਕੀਤੀ ਜਾਵੇਗੀ, ਤਾਂ ਜੋ ਗਾਹਕ ਇਹ ਜਾਣ ਸਕਣ ਕਿ ਕਿਹੜੇ ਉਤਪਾਦਾਂ 'ਤੇ ਵਾਧੂ ਡਿਊਟੀ ਲੱਗ ਰਹੀ ਹੈ।

ਲੌਬਲੌ ਕੰਪਨੀਜ਼ ਲਿਮਿਟੇਡ ਦੇ ਪ੍ਰਧਾਨ, ਪੇਰ ਬੈਂਕ ਨੇ ਲਿੰਕਡਇਨ 'ਤੇ ਇੱਕ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਕੰਪਨੀ ਨੇ 'T' (ਟੈਰੀਫ਼) ਨਿਸ਼ਾਨ ਤਿਆਰ ਕੀਤਾ ਹੈ, ਜੋ ਉਨ੍ਹਾਂ ਉਤਪਾਦਾਂ 'ਤੇ ਲਗਾਇਆ ਜਾਵੇਗਾ, ਜੋ ਅਮਰੀਕਾ ਤੋਂ ਆਉਂਦੇ ਹਨ ਅਤੇ ਟੈਰੀਫ਼ ਕਾਰਨ ਮਹਿੰਗੇ ਹੋ ਸਕਦੇ ਹਨ।

ਅਮਰੀਕਾ ਵੱਲੋਂ ਲਾਗੂ ਕੀਤੇ ਗਏ ਟੈਰੀਫ਼ਾਂ ਦੇ ਜਵਾਬ 'ਚ, ਕੈਨੇਡਾ ਸਰਕਾਰ ਨੇ ਲਗਭਗ 30 ਅਰਬ ਡਾਲਰ ਮੁੱਲ ਦੇ ਉਤਪਾਦਾਂ 'ਤੇ ਵਾਪਸੀ ਟੈਰੀਫ਼ ਲਗਾਏ ਹਨ। ਜੋ ਕਿ ਦੁੱਧ-ਉਤਪਾਦ, ਫਲ-ਸਬਜ਼ੀਆਂ ਅਤੇ ਹੋਰ ਚੀਜ਼ਾਂ 'ਤੇ ਲਾਗੂ ਹੁੰਦੇ ਹਨ।

ਪੇਰ ਬੈਂਕ ਨੇ ਕਿਹਾ ਕਿ ਅਗਲੇ ਕੁਝ ਹਫ਼ਤਿਆਂ ਵਿੱਚ ਅਮਰੀਕਾ ਤੋਂ ਆਉਂਦੇ ਉਤਪਾਦ ਮਹਿੰਗੇ ਹੋ ਸਕਦੇ ਹਨ, ਇਸੇ ਲਈ ਲੌਬਲੌਅ ਨਿਸ਼ਾਨਦੇਹੀ ਕਰਕੇ ਗਾਹਕਾਂ ਨੂੰ ਵਿਕਲਪਿਕ ਉਤਪਾਦ ਦੱਸਣ ਦੀ ਕੋਸ਼ਿਸ਼ ਕਰੇਗਾ।

ਉਨ੍ਹਾਂ ਕਿਹਾ "ਗਾਹਕ ਤੁਰੰਤ ਕਿਸੇ ਵਾਧੂ ਕੀਮਤ ਦੀ ਉਮੀਦ ਨਾ ਕਰਨ, ਕਿਉਂਕਿ ਸਾਡੇ ਕੋਲ ਅਜੇ ਵੀ ਵੇਅਰਹਾਊਸਾਂ 'ਚ ਪਹਿਲਾਂ ਖਰੀਦੇ ਹੋਏ ਉਤਪਾਦ ਪਏ ਹਨ। ਪਰ ਅਗਲੇ ਕੁਝ ਹਫ਼ਤਿਆਂ 'ਚ, ਖਾਸ ਤੌਰ 'ਤੇ ਤਾਜ਼ੇ ਫਲ ਤੇ




ਸਬਜ਼ੀਆਂ ਦੀਆਂ ਕੀਮਤਾਂ ਵਧਣ ਦੀ ਉਮੀਦ ਹੈ"

ਉਨ੍ਹਾਂ ਕਿਹਾ ਜਦੋਂ ਤੁਸੀਂ ਸਾਡੇ ਸਟੋਰਾਂ 'ਚ ਖਰੀਦਦਾਰੀ ਕਰਨ ਆਉਂਗੇ ਤਾਂ ਧਿਆਨ ਰਹੇ ਜੇਕਰ ਕਿਸੇ ਉਤਪਾਦ 'ਤੇ 'T' ਨਿਸ਼ਾਨ ਹੋਵੇ, ਤਾਂ ਗਾਹਕ ਸਮਝ ਜਾਣ ਕਿ ਇਹ ਅਮਰੀਕਾ ਤੋਂ ਆਇਆ ਹੈ ਅਤੇ ਟੈਰੀਫ਼ ਕਾਰਨ ਮਹਿੰਗਾ ਹੋ ਸਕਦਾ ਹੈ"।

### ਕੈਨੇਡਾ ਵਿੱਚ ਬਣੇ ਉਤਪਾਦ 'ਤੇ ਲੱਗੇਗਾ ਨਵਾਂ 'ਮੈਪਲ ਲੀਫ਼' ਦਾ ਸਟਿੱਕਰ

ਲੌਬਲੌਅ ਨੇ ਇੱਕ ਹੋਰ ਨਵਾਂ ਨਿਸ਼ਾਨ 'ਕੈਨੇਡੀਅਨ ਮੈਪਲ ਲੀਫ਼' ਵੀ ਸਾਂਝਾ ਕੀਤਾ ਹੈ ਜੋ ਕਿ ਇਹ ਦਰਸਾਏਗਾ ਕਿ ਇਹ ਉਤਪਾਦ ਕੈਨੇਡਾ 'ਚ ਤਿਆਰ ਕੀਤਾ ਗਿਆ ਹੈ।

ਅਮਰੀਕਾ ਅਤੇ ਕੈਨੇਡਾ ਵਿਚਕਾਰ ਵਪਾਰਕ ਟਕਰਾ ਹੁਣ ਸਿੱਧਾ ਗਾਹਕਾਂ ਦੀ ਖਰੀਦ-ਫ਼ਰੋਖ਼ਤ 'ਤੇ ਪ੍ਰਭਾਵ ਪੈਦਾ ਕਰ ਰਿਹਾ ਹੈ। ਲੌਬਲੌਅ ਵੱਲੋਂ 'ਠ' ਨਿਸ਼ਾਨ ਲਗਾਉਣ ਨਾਲ ਗਾਹਕ ਪੂਰੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰ ਸਕਣਗੇ, ਤਾਂ ਜੋ ਉਹ ਆਪਣੇ ਬਜਟ ਅਨੁਸਾਰ ਚੋਣ ਕਰ ਸਕਣ। ਅਗਲੇ ਕੁਝ ਹਫ਼ਤਿਆਂ 'ਚ, ਖਾਸ ਤੌਰ 'ਤੇ ਤਾਜ਼ੀ ਸਬਜ਼ੀਆਂ, ਫਲ ਅਤੇ ਦੁੱਧ-ਉਤਪਾਦ ਮਹਿੰਗੇ ਹੋਣ ਦੀ ਉਮੀਦ ਹੈ। ਇਸ ਦੌਰਾਨ, ਕੈਨੇਡਾ ਵਿੱਚ ਬਣੇ ਉਤਪਾਦਾਂ ਨੂੰ ਵਧਾਵਾ ਦੇਣ ਲਈ, 'ਮੈਪਲ ਲੀਫ਼' ਨਿਸ਼ਾਨ ਵੀ ਵਰਤਿਆ ਜਾਵੇਗਾ। This report was written by Simranjit Singh as part of the Local Journalism Initiative.

# ਟੈਰਿਫ਼ਾਂ ਦੇ ਚਲਦੇ ਬੀ.ਸੀ. ਪ੍ਰੀਮੀਅਰ ਡੇਵਿਡ ਈਬੀ ਨੇ ਅਮਰੀਕਾ ਦਾ ਪਰਿਵਾਰਕ ਦੌਰਾ ਕੀਤਾ ਰੱਦ

**ਵੈਨਕੂਵਰ, (ਸਿਮਰਨਜੀਤ ਸਿੰਘ):** ਬੀ.ਸੀ. ਦੇ ਮੁਖੀ ਡੇਵਿਡ ਈਬੀ ਨੇ ਪਿਛਲੇ ਹਫ਼ਤੇ ਬ੍ਰਿਟਿਸ਼ ਕੋਲੰਬੀਆ ਦੇ ਵਾਸੀਆਂ ਨੂੰ ਅਮਰੀਕਾ ਦੀ ਯਾਤਰਾ ਦੀ ਥਾਂ ਉੱਤੇ ਸਥਾਨਕ ਜਾਂ ਕੈਨੇਡਾ ਅੰਦਰ ਰਹਿਣ ਦੀ ਸਲਾਹ ਦਿੱਤੀ ਸੀ। ਹੁਣ ਉਨ੍ਹਾਂ ਨੇ ਆਪਣੀ ਇਹੀ ਸਲਾਹ ਆਪਣੇ ਉੱਤੇ ਵੀ ਲਾਗੂ ਕਰ ਲਈ ਹੈ। ਇੱਕ ਪ੍ਰੈਸ ਕਾਨਫਰੰਸ ਦੌਰਾਨ, ਈਬੀ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਪਰਿਵਾਰ ਨੇ ਡਿਜ਼ਨੀਲੈਂਡ ਜਾਣ ਦੀ ਯੋਜਨਾ ਰੱਦ ਕਰ ਦਿੱਤੀ ਹੈ।

ਉਨ੍ਹਾਂ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਪਤਨੀ ਪਿਛਲੇ ਕਾਫ਼ੀ ਸਮੇਂ ਤੋਂ ਆਪਣੇ ਬੱਚਿਆਂ ਨੂੰ ਡਿਜ਼ਨੀਲੈਂਡ ਲੈ ਜਾਣ ਦੀ ਯੋਜਨਾ ਬਣਾ ਰਹੇ ਸਨ। ਪਰ ਉਨ੍ਹਾਂ ਦੀਆਂ ਕਾਰਜ-ਵਿਹਾਰੀਆਂ ਅਤੇ ਬੱਚਿਆਂ ਦੀ ਸਕੂਲੀ ਰੁਟੀਨ ਕਰਕੇ ਇਹ ਆਸਾਨ ਨਹੀਂ ਸੀ।



ਈਬੀ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਨੇ ਪਹਿਲਾਂ ਹੀ ਕਰੀਬ $1,000 ਦੇ ਰਾਈਡ ਟਿਕਟ ਅਤੇ ਡੇ-ਪਾਸ ਖਰੀਦ ਲਏ ਸਨ। ਪਰ ਜਦੋਂ ਉਹਨਾਂ ਨੇ ਸਰਵਜਨਕ ਤੌਰ 'ਤੇ ਬੀ.ਸੀ. ਦੇ ਵਾਸੀਆਂ ਨੂੰ ਅਮਰੀਕਾ ਨਾ ਜਾਣ ਦੀ ਸਲਾਹ ਦਿੱਤੀ, ਤਾਂ ਇਹ ਨਿਰਣਇਆ ਹੋਇਆ ਕਿ ਉਨ੍ਹਾਂ ਨੂੰ ਵੀ ਇਹ ਫੈਸਲਾ ਲੈਣਾ ਪਵੇਗਾ।

ਈਬੀ ਨੇ ਕਿਹਾ ਕਿ"ਮੇਰੀ ਪਤਨੀ ਨੇ ਪਿਛਲੇ ਹਫ਼ਤੇ ਇੱਕ ਪ੍ਰੈਸ ਕਾਨਫਰੰਸ 'ਚ ਇਹ ਦੇਖਿਆ ਕਿ ਮੈਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਅਮਰੀਕਾ ਜਾਣ ਤੋਂ ਰੋਕ ਰਿਹਾ ਹਾਂ। ਤਦ ਇਹ ਹਕੀਕਤ ਸਵੀਕਾਰ ਕਰਨੀ ਪਈ ਕਿ ਅਸੀਂ ਵੀ ਆਪਣੀ ਯਾਤਰਾ ਨੂੰ ਮੁਲਤਵੀ ਕਰੀਏ,"

ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਨੌਕਰੀ ਦੇ ਕਾਰਨ ਪਰਿਵਾਰ ਨੂੰ ਬਹੁਤ ਕੁਝ ਤਿਆਗ ਕਰਨਾ ਪੈਂਦਾ ਹੈ, ਅਤੇ ਉਨ੍ਹਾਂ ਦਾ ਪਰਿਵਾਰ ਇਸ ਗੱਲ ਨੂੰ ਸਮਝਦਾ ਹੈ ਅਤੇ ਅਸੀਂ ਹੁਣ ਅਮਰੀਕਾ ਨਹੀਂ ਜਾਵਾਂਗੇ"

ਈਬੀ ਨੇ ਸਪੱਸ਼ਟ ਕੀਤਾ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਹੁਣ ਉਤੋਂ ਤੱਕ ਕਿਸੇ ਵੀ ਅਮਰੀਕੀ ਥੀਮ ਪਾਰਕ 'ਚ ਨਹੀਂ ਜਾਣਗੇ ਜਦੋਂ ਤੱਕ ਸਭ ਕੁਝ ਪਹਿਲਾਂ ਦੀ ਤਰ੍ਹਾਂ ਠੀਕ ਨਹੀਂ ਹੋ ਜਾਂਦਾ । ਉਨ੍ਹਾਂ ਨੇ ਕਿਹਾ ਕਿ ਸੂਬਾ ਆਪਣੀ ਆਤਮ-ਨਿਰਭਰਤਾ ਵਧਾਉਣ ਤੇ ਮਜ਼ਬੂਤ ਨੀਤੀਆਂ ਉੱਤੇ ਧਿਆਨ ਦੇ ਰਿਹਾ ਹੈ, ਜਿਸ ਕਰਕੇ ਅਮਰੀਕੀ ਉਤਪਾਦਾਂ ਦੀ ਨਿਰਭਰਤਾ ਘਟਾਉਣ ਦੀ ਕੋਸ਼ਿਸ਼ ਜਾਰੀ ਰਹੇਗੀ। "ਅਸੀਂ ਚਾਹੁੰਦੇ ਹਾਂ ਕਿ ਬੀ.ਸੀ. ਦੇ ਲੋਕ ਆਪਣੇ ਹੀ ਸੂਬੇ 'ਚ ਪੈਸਾ ਖਰਚਣ, ਅਤੇ ਆਪਣੇ ਵਪਾਰੀਆਂ ਦਾ ਸਮਰਥਨ ਕਰਨ।" This report was written by Simranjit Singh as part of the Local Journalism Initiative.







BASEMENT FOR RENT

Two Bedroom Basement Suite to Rent

Available From

**March 15 or April 1st.**

Small Family. 3-4 person!

Utilities included . No laundry)

Call for Rent info :

**604-961-4065**

# ਸਾਲ 2024 ਦੌਰਾਨ ਸਭ ਤੋਂ ਵਿਅਸਥ ਰਿਹਾ ਵੈਨਕੂਵਰ ਪੋਰਟ

## 2024 'ਚ ਕੁੱਲ 158 ਮਿਲੀਅਨ ਟਨ ਮਾਲ ਪੋਰਟ ਤੇ ਪਹੁੰਚਿਆ

**ਵੈਨਕੂਵਰ (ਸਿਮਰਨਜੀਤ ਸਿੰਘ):** ਕੈਨੇਡਾ ਦੇ ਸਭ ਤੋਂ ਵੱਡੇ ਪੋਰਟ 'ਵੈਨਕੂਵਰ ਪੋਰਟ' ਨੇ ਪਿਛਲੇ ਸਾਲ ਇਤਿਹਾਸਕ ਰਚਦੇ ਹੋਏ ਉਤਰੀ ਅਮਰੀਕਾ ਦੇ ਸਭ ਤੋਂ ਵਿਅਸਥ ਪੋਰਟ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ। ਜੋ ਕਿ ਮੁੱਖ ਤੌਰ 'ਤੇ ਟਰਾਂਸ ਮਾਊਂਟਨ ਪਾਈਪਲਾਈਨ ਵਿਸਤਾਰ ਰਾਹੀਂ ਵਧੀਆਂ ਤੇਲ ਨਿਰਯਾਤਾਂ ਦੇ ਕਾਰਨ ਸੰਭਵ ਹੋਇਆ। ਵੈਨਕੂਵਰ ਫ੍ਰੇਜ਼ਰ ਪੋਰਟ ਅਥਾਰਟੀ ਮੁਤਾਬਕ, 2024 'ਚ ਕੁੱਲ 158 ਮਿਲੀਅਨ ਟਨ ਮਾਲ ਪੋਰਟ 'ਚ ਲੰਘਿਆ, ਜੋ ਕਿ 2023 ਦੇ ਮੁਕਾਬਲੇ 5% ਵੱਧ ਸੀ। ਕੱਚੇ ਤੇਲ ਦਾ ਨਿਰਯਾਤ 527% ਵਧਿਆ, ਜਿਸ ਲਈ ਟਰਾਂਸ ਮਾਊਂਟਨ ਪਾਈਪਲਾਈਨ ਵਿਸਤਾਰ ਦਾ ਯੋਗਦਾਨ ਸਭ ਤੋਂ ਵੱਡਾ ਰਿਹਾ।

ਟਰਾਂਸ ਮਾਊਂਟਨ ਪਾਈਪਲਾਈਨ ਦਾ ਵਿਸਤਾਰ ਪਿਛਲੇ ਸਾਲ ਮਈ ਵਿੱਚ ਹੋਇਆ, ਜਿਸ ਨਾਲ ਕੈਨੇਡਾ ਅਤੇ ਬੀ.ਸੀ. ਪੋਰਟਾਂ ਲਈ ਨਿਰਯਾਤ ਸਮਰੱਥਾ 'ਚ ਵਾਧਾ ਹੋਇਆ। ਇਹ ਪ੍ਰੋਜੈਕਟ, ਜੋ ਕਿ 34 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਇਆ, ਨੇ ਪੁਰਾਣੀ ਪਾਈਪਲਾਈਨ ਦੇ ਨਾਲ ਨਵੀਂ ਲਾਈਨ ਜੋੜ ਕੇ ਸਮਰੱਥਾ ਤਕਰੀਬਨ ਤਿੰਨ ਗੁਣਾ ਵਧਾ ਦਿੱਤੀ।



ਇਹ ਪਾਈਪਲਾਈਨ ਐਡਮੰਟਨ (ਅਲਬਰਟਾ) ਤੋਂ ਸ਼ੁਰੂ ਹੋ ਕੇ ਰੌਕੀ ਪਹਾੜੀਆਂ ਰਾਹੀਂ ਬਰਨਾਬੀ ਤੱਕ ਜਾਂਦੀ ਹੈ। ਵੈਨਕੂਵਰ ਫ੍ਰੇਜ਼ਰ ਪੋਰਟ ਅਥਾਰਟੀ ਦੇ ਪ੍ਰਧਾਨ, ਪੀਟਰ ਜੋਟਾ ਨੇ ਕਿਹਾ, "ਟਰਾਂਸ ਮਾਊਂਟਨ ਦਾ ਵਿਸਤਾਰ ਕੈਨੇਡਾ ਅਤੇ ਵੈਨਕੂਵਰ ਪੋਰਟ ਲਈ ਇੱਕ ਮਹੱਤਵਪੂਰਨ ਪੜਾਅ ਸੀ। ਇਸ ਨਾਲ ਨਿਰਯਾਤ ਵਧਾਉਣ ਅਤੇ ਕੈਨੇਡਿਆਈ ਉਤਪਾਦਕਾਂ ਲਈ ਨਵੇਂ ਮੌਕੇ ਸਾਜ਼ਣ ਵਿੱਚ ਮਦਦ ਮਿਲੀ।"

ਕੋਵਿਡ ਮੰਦੀ ਦੇ ਬਾਅਦ, ਘਰੇਲੂ ਉਤਪਾਦਾਂ ਅਤੇ ਨਿਰਮਾਣ ਸਮੱਗਰੀ ਦੀ ਮੰਗ ਵਧਣ ਨਾਲ ਕੰਟੇਨਰ ਰਵਾਨੀ 'ਚ ਤੇਜ਼ੀ ਆਈ ਹੈ। ਨਵੇਂ ਵਾਹਨਾਂ ਦੀ ਆਮਦ ਵੀ 3% ਵਧੀ, ਜਦ ਕਿ 2024 'ਚ 4.7 ਲੱਖ ਨਵੇਂ ਵਾਹਨ ਪੋਰਟ 'ਚ ਆਏ, ਜੋ ਕਿ ਇੱਕ ਹੋਰ ਵੱਖਰਾ ਰਿਕਾਰਡ ਹੈ। 2024 ਦੌਰਾਨ ਵੈਨਕੂਵਰ ਪੋਰਟ ਨੇ ਕੁਝ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਵੀ ਕੀਤਾ, ਜਿਨ੍ਹਾਂ ਵਿੱਚ ਜ਼ਬਰਦਸਤ ਜੰਗਲੀ ਅੱਗਾਂ ਅਤੇ ਥੰਮੀਆਂ ਮੌਸਮੀ ਹਾਲਤਾਂ ਕਾਰਨ ਰੇਲਵੇ ਟਰੈਫਿਕ 'ਤੇ ਅਸਰ ਪਿਆ। ਬੀ.ਸੀ. ਪੋਰਟਾਂ ਅਤੇ ਮੇਜਰ ਰੇਲਵੇ ਕੰਪਨੀਆਂ 'ਚ ਕੰਮਕਾਜ਼ੀਆਂ ਦੀ ਹੜਤਾਲ ਨੇ ਮਾਲ ਲਦਾਈ 'ਚ ਲੰਬਾ ਸਮਾਂ ਅੜਚਣਾਂ ਪਾਈ ਰੱਖੀਆਂ।

ਇਸ ਤੋਂ ਇਵਾਲਾ 2024 'ਚ ਵੈਨਕੂਵਰ ਪੋਰਟ 'ਤੇ ਕਰੂਜ਼ ਜਹਾਜ਼ਾਂ ਰਾਹੀਂ 1.33 ਮਿਲੀਅਨ ਯਾਤਰੀ ਆਏ, ਜੋ ਕਿ 2023 'ਚ 1.24 ਮਿਲੀਅਨ ਸੀ। ਇਸ 'ਚ ਵੀ 7% ਵਾਦਾ ਹੋਇਆ ਹੈ। ਅਲਾਸਕਾ ਜਾਣ ਵਾਲੇ ਯਾਤਰੀ ਪੋਰਟ ਦੀ ਸਭ ਤੋਂ ਵੱਡੀ ਗਿਣਤੀ ਯਾਤਰੀ ਬਣੇ ਹਨ। This report was written by Simranjit Singh as part of the Local Journalism Initiative.

# ਮੈਕਸੀਕਨ ਡਰੱਗ ਕਾਰਟਲ ਨਾਲ ਜੁੜੇ ਸਰੀ ਵਾਸੀਆਂ ਦੀ ਸੰਪਤੀ ਜ਼ਬਤ ਕਰਨ ਲਈ ਨੋਟਿਸ ਜਾਰੀ

**ਵੈਨਕੂਵਰ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕ ਜ਼ਬਤੀ ਨਿਰਦੇਸ਼ਕ ਨੇ ਮੈਕਸੀਕਨ ਡਰੱਗ ਕਾਰਟਲ ਨਾਲ ਸੰਬੰਧ ਰੱਖਣ ਵਾਲੇ ਸਰੀ ਵਾਸੀਆਂ ਦੀ ਸੰਪਤੀ, ਵਾਹਨ ਅਤੇ ਹੋਰ ਕੀਮਤੀ ਵਸਤੂਆਂ ਜ਼ਬਤ ਕਰਨ ਲਈ ਇੱਕ ਨੋਟਿਸ ਜਾਰੀ ਕੀਤਾ ਹੈ।

ਬੀਤੇ ਦਿਨੀਂ ਨਿਰਦੇਸ਼ਕ ਵੱਲੋਂ ਬੀ.ਸੀ. ਸੁਪਰੀਮ ਕੋਰਟ ਵਿੱਚ ਇੱਕ ਦਾਅਵਾ ਦਾਇਰ ਕੀਤਾ ਗਿਆ, ਜਿਸ ਵਿੱਚ 16767 77 ਐਵੇਨਿਊ, ਸਰੀ ਦੀ ਸੰਪਤੀ ਦੇ ਮਾਲਕ ਜੇਮਸ ਸਕਲੇਟਰ ਅਤੇ ਉਨ੍ਹਾਂ ਨਾਲ ਜੁੜੇ ਹੋਰ ਦੋ ਵਿਅਕਤੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ। ਦਾਅਵੇ ਵਿੱਚ ਦੱਸਿਆ ਗਿਆ ਕਿ ਸਕਲੇਟਰ, ਹੈਕਟਰ ਆਰਮਾਂਡੋ ਚਾਵੇਜ਼-ਅੰਚੋਂਡੋ ਅਤੇ ਜੌਨ ਬ੍ਰਾਇਨ ਵੇਲਨ ਜੂਨੀਅਰ ਇੱਕ ਡਰੱਗ ਤਸਕਰੀ ਗੈਂਗ ਦੇ ਮੈਂਬਰ ਸਨ, ਜੋ ਹਿੰਸਾ ਜਾਂ ਧਮਕੀਆਂ ਰਾਹੀਂ ਆਪਣੇ ਉਦੇਸ਼ ਹਾਸਲ ਕਰਦੇ ਸਨ। ਦਾਅਵੇ ਮੁਤਾਬਕ, ਇਹ ਗਰੁੱਪ ਕੈਟਾਮਾਈਨ, ਮੈਥਐਂਫ਼ੇਟਾਮਾਈਨ, ਐਲਪ੍ਰੈਜ਼ੋਲੇਮ, ਆਕਸੀਕੋਡੋਨ, ਧੰਅ ਅਤੇ ਫੈਂਟੇਨਾਈਲ ਵਰਗੀਆਂ ਨਸ਼ੀਲੀਆਂ ਪਦਾਰਥਾਂ ਨੂੰ ਕੈਨੇਡਾ ਵਿੱਚ ਲਿਆਉਣ ਅਤੇ ਵੰਡਣ ਵਿੱਚ ਸ਼ਾਮਲ ਸੀ। ਦੱਸਿਆ ਗਿਆ ਕਿ 21 ਜੂਨ 2024 ਤੋਂ, ਉਨ੍ਹਾਂ ਨੇ ਮੈਕਸੀਕੋ ਤੋਂ ਕੋਕੇਨ ਆਯਾਤ ਕਰਨ ਦੀ ਯੋਜਨਾ ਬਣਾਈ, ਜਿਸ ਲਈ ਉਹਨਾਂ ਨੇ ਮੈਕਸੀਕਨ ਸਿਨਾਲੋਆ ਕਾਰਟਲ ਦੇ ਮੁਖੀ ਇਸਮਾਈਲ ਗਾਰਸੀਆ (ਜੋ 'ਐਲ ਮਾਯੋ' ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਨਾਲ ਗੱਲਬਾਤ ਕੀਤੀ।



20 ਫਰਵਰੀ 2025 ਨੂੰ, ਕੈਨੇਡੀਅਨ ਸਰਕਾਰ ਨੇ ਸਿਨਾਲੋਆ ਕਾਰਟਲ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰ ਦਿੱਤਾ, ਜਿਸ ਤਹਿਤ ਇਸਦੇ ਸੰਬੰਧਤ ਸੰਪਤੀ ਨੂੰ ਜ਼ਬਤ ਕਰਨਾ ਸੰਭਵ ਹੋ ਗਿਆ। 25 ਜੁਲਾਈ 2024 ਨੂੰ, ਐਲ ਮਾਯੋ ਨੂੰ ਅਮਰੀਕੀ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ, ਜਿਸ ਨਾਲ ਕੈਨੇਡਾ ਵਿੱਚ ਇਹ ਡਰੱਗ ਆਯਾਤ ਕਰਨ ਦੀ ਯੋਜਨਾ ਪ੍ਰਭਾਵਿਤ ਹੋਈ।

23 ਸਤੰਬਰ 2024 ਨੂੰ ਨੇ 77ਵੀਂ ਐਵੇਨਿਊ ਸਥਿਤ ਇੱਕ ਘਰ 'ਤੇ 'ਤੇ ਛਾਪਾ ਮਾਰਿਆ। ਇੱਥੇ ਫੈਂਟੇਨਾਈਲ, ਮੈਥਐਂਫ਼ੇਟਾਮਾਈਨ, ਕੈਟਾਮਾਈਨ, ਹੋਰ ਨਸ਼ੀਲੇ ਪਦਾਰਥ, $15,000 ਨਕਦ, ਵਾਹਨ, ਮੋਟਰਸਾਈਕਲਾਂ, ਕਿਸ਼ਤੀਆਂ, ਗਹਿਣੇ, ਅਤੇ ਪੁਲਿਸ ਵਰਗੀਆਂ ਏਜੰਸੀਆਂ ਦੇ ਵਸਤ੍ਰ ਬਰਾਮਦ ਹੋਏ।

ਇਸ ਘਰ 'ਚ 23 ਹਥਿਆਰ ਮਿਲੇ, ਜਿਸ ਵਿੱਚ 10 ਹੈਂਡਗਨ, 2 ਸ਼ਾਟਗਨ, 2 ਸ਼ਿਕਾਰੀ ਰਾਈਫਲਾਂ, 7 ਅਸਾਲਟ ਰਾਈਫਲਾਂ, 1 ਸਪੀਅਰ ਗਨ, 2 ਸਪ੍ਰੈਸਰ ਨਾਲ ਲੈਸ ਅਸਾਲਟ ਰਾਈਫਲਾਂ ਅਤੇ ਬਹੁਤ ਸਾਰੀ ਗੋਲਾਬਾਰੂਦ ਸ਼ਾਮਲ ਸੀ। ਪੁਲਿਸ ਨੇ 13 ਨਵੰਬਰ 2024 ਨੂੰ ਸਰੀ 'ਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ। ਪੁਲਿਸ ਮੁਤਾਬਕ, ਦੋ ਸਰੀ ਨਿਵਾਸੀਆਂ ਅਤੇ ਇੱਕ ਮੈਕਸੀਕਨ ਨਾਗਰਿਕ ਨੂੰ 23 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। This report was written by Simranjit Singh as part of the Local Journalism Initiative.


Are you looking to Buy, Sell or Invest in Properties?

We Can Help! for a Free market evaluation of your property, contact

ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਪਲਾਟ
ਜਾਂ ਵਪਾਰਕ ਜਾਇਦਾਦ ਖਰੀਦਣ ਅਤੇ ਵੇਚਣ ਵੇਲੇ

ਇਮਾਨਦਾਰ ਸੇਵਾਵਾਂ ਲਈ ਅੱਜ ਹੀ ਮਿਲੋ।
Amarpal Singh | Call : 604.338.7310

PARALLEL
1200 W 73rd Ave Unit 828, Vancouver, BC V6P 6G5

HOUSE FOR SALE

9213 133rd Street Surrey B.C., V3V7E3




Conveniently located in the heart of Surrey, this sought-after home is near Elementary and Secondary School, making it ideal for families. It also offers easy access to King George SkyTrain Station and nearby hospitals. This charming three-level split home features a spacious kitchen with oak cabinets and a cozy eating area. Additionally, it includes a two-bedroom unauthorized basement suite, perfect for rental income or extended family. The large backyard provides ample outdoor space, Situated in a quiet cul-de-sac, this home offers both comfort and convenience

15108 83A Avenue, Surrey, BC, V3S8R9




a beautifully maintained home in Surrey's sought-after Bear Creek Green Timbers neighbourhood. Nestled on a 7,153 sq. ft. lot, this spacious home offers the perfect blend of comfort and functionality. With multiple bedrooms and bathrooms, it's ideal for growing families or those who love to entertain. Step inside to discover a bright and inviting layout featuring two cozy fireplaces, large windows, and well-appointed living spaces. The generously sized kitchen offers plenty of storage and overlooks the backyard-perfect for family gatherings. Outside, enjoy a private, landscaped yard with ample space for relax. Enjoy breathtaking views of Mount Baker and the valley from this desirable corner lot. Walking distance to both elementary and high schools. Viewings by appointment only.

# ਅਮਰੀਕੀ ਡਾਕਟਰਾਂ ਅਤੇ ਨਰਸਾਂ ਲਈ ਬੀ.ਸੀ. 'ਚ ਨੌਕਰੀਆਂ ਲਈ ਸਰਕਾਰ ਨੇ ਆਸਾਨ ਕੀਤੀ ਲਾਇਸੈਂਸ ਪ੍ਰਕਿਰਿਆ

ਵੈਨਕੂਵਰ (ਸਿਮਰਨਜੀਤ ਸਿੰਘ): ਬ੍ਰਿਟਿਸ਼ ਕੋਲੰਬੀਆ ਨੇ ਅਮਰੀਕਾ ਤੋਂ ਡਾਕਟਰਾਂ ਅਤੇ ਨਰਸਾਂ ਨੂੰ ਨੌਕਰੀ ਦੇਣ ਲਈ ਨਵੀਂ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਤਹਿਤ ਉਨ੍ਹਾਂ ਦੇ ਪ੍ਰਮਾਣ ਪੱਤਰ ਤੇਜ਼ੀ ਨਾਲ ਪ੍ਰਮਾਣਿਤ ਕੀਤੇ ਜਾਣਗੇ।

ਬੀ.ਸੀ. ਦੀ ਸਿਹਤ ਮੰਤਰੀ ਜੋਸੀ ਆਸਬੋਰਨ ਨੇ ਇਹ ਵੱਡਾ ਐਲਾਨ ਕਰਦਿਆਂ ਕਿਹਾ, "ਇਹ ਬੀ.ਸੀ. ਵਿੱਚ ਆਉਣ ਦਾ ਸਭ ਤੋਂ ਵਧੀਆ ਸਮਾਂ ਹੈ। ਅਸੀਂ ਤੁਹਾਡਾ ਸਾਡੇ ਖ਼ੂਬਸੂਰਤ ਸੂਬੇ ਵਿੱਚ ਸਵਾਗਤ ਕਰਾਂਗੇ।"

ਬੀ.ਸੀ. ਵਾਸ਼ਿੰਗਟਨ, ਓਰੇਗਨ ਅਤੇ ਕੈਲੀਫ਼ੋਰਨੀਆ ਵਿੱਚ ਇੱਕ ਭਰਤੀ ਮੁਹਿੰਮ ਚਲਾਉਣ ਜਾ ਰਿਹਾ ਹੈ, ਤਾਕਿ ਅਮਰੀਕਾ ਵਿੱਚ ਨੌਕਰੀ ਸੰਬੰਧੀ ਚਲ ਰਹੀਆਂ ਮੁਸ਼ਕਲਾਂ ਕਾਰਨ ਉਥੋਂ ਦੇ ਸਿਹਤ ਮਾਹਿਰਾਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਆਸਬੋਰਨ ਨੇ ਦੱਸਿਆ, "ਪਿਛਲੇ ਕੁਝ ਹਫ਼ਤਿਆਂ 'ਚ ਜ਼ਿਆਦਾ ਅਮਰੀਕੀ ਡਾਕਟਰ ਅਤੇ ਨਰਸਾਂ ਬੀ.ਸੀ. 'ਚ ਕੰਮ ਕਰਨ 'ਚ ਦਿਲਚਸਪੀ ਲੈ ਰਹੇ ਹਨ। ਉਥੇ ਹੋ ਰਹੀ ਅਣਗਹਿਲੀ, ਜਿਵੇਂ ਕਿ ਅਮਰੀਕੀ ਸਰਕਾਰ ਵਲੋਂ ਵਿਸ਼ਵ ਸਿਹਤ ਸੰਸਥਾ ਤੋਂ ਵਾਪਸ ਹੋਣ, ਸਰਕਾਰੀ ਸੇਵਾਵਾਂ ਦੀ ਕਟੌਤੀ ਅਤੇ ਪ੍ਰਜਨਨ ਅਧਿਕਾਰਾਂ 'ਤੇ ਹਮਲਾ—ਇਹ ਸਭ ਕਾਰਨ ਉਥੋਂ ਦੇ ਸਿਹਤ ਮਾਹਿਰਾਂ ਲਈ ਚਿੰਤਾ ਜਣਕ ਹਨ।"




ਬੀ.ਸੀ. ਦੀ ਸਿਹਤ ਮੰਤਰੀ ਜੋਸੀ ਆਸਬੋਰਨ ਨੇ ਐਲਾਨ ਕੀਤਾ ਕਿ ਅਮਰੀਕੀ ਤਜਰਬੇਕਾਰ ਡਾਕਟਰ, ਜੋ ਅਮਰੀਕਨ ਬੋਰਡ ਆਫ਼ ਮੈਡੀਕਲ ਸਪੀਸ਼ਲਟੀਜ਼ ਨਾਲ ਪ੍ਰਮਾਣਿਤ ਹਨ, ਉਨ੍ਹਾਂ ਨੂੰ ਬੀ.ਸੀ. ਵਿੱਚ ਆਉਣ 'ਤੇ ਵਧੇਰੇ ਮੁਲਾਂਕਣ ਜਾਂ ਪਰੀਖਿਆ ਤੋਂ ਬਿਨਾਂ ਹੀ ਪੂਰੀ ਲਾਇਸੰਸ ਮਿਲ ਜਾਵੇਗੀ।

ਬੀ.ਸੀ. ਸਰਕਾਰ ਨੇ ਆਸ ਕੀਤੀ ਕਿ ਇਹ ਨਵੀਆਂ ਤਬਦੀਲੀਆਂ ਕੇਵਲ ਕੁਝ ਮਹੀਨਿਆਂ 'ਚ ਲਾਗੂ ਹੋ ਜਾਣਗੀਆਂ, ਜਿਵੇਂ ਕਿ ਓਨਟਾਰੀਓ, ਨਿਊ ਬ੍ਰਨਸਵਿਕ ਅਤੇ ਨੋਵਾ ਸਕੋਸ਼ੀਆ ਵਿੱਚ ਹੋਇਆ। ਇਹ ਤਬਦੀਲੀਆਂ ਬੀ.ਸੀ. ਕਾਲਜ ਆਫ਼ ਫ਼ਿਜ਼ੀਸ਼ਨਜ਼ ਐਂਡ ਸਰਜਨਜ਼ ਦੀ ਨਵੀਂ ਨੀਤੀ ਅਧੀਨ ਹੋਣਗੀਆਂ।

ਸਿਹਤ ਮੰਤਰੀ ਨੇ ਦੱਸਿਆ ਕਿ ਬੀ.ਸੀ. ਕਾਲਜ ਆਫ਼ ਨਰਸਜ਼ ਐਂਡ ਮਿਡਵਾਈਵਜ਼ ਵੀ ਨਵਾਂ ਤਰੀਕਾ ਲੈ ਕੇ ਆ ਰਿਹਾ ਹੈ, ਜਿਸ ਤਹਿਤ ਅਮਰੀਕੀ-ਨਰਸਾਂ ਨੂੰ ਕਿਸੇ ਵੀ ਤੀਸਰੇ ਪੱਖੀ ਮੁਲਾਂਕਣ ਤੋਂ ਬਿਨਾਂ ਹੀ ਰਜਿਸਟਰੇਸ਼ਨ ਦੀ ਆਗਿਆ ਹੋਵੇਗੀ।

ਆਸਬੋਰਨ ਨੇ ਕਿਹਾ, "ਇਹ ਤਬਦੀਲੀ ਅਮਰੀਕੀ ਨਰਸਾਂ ਨੂੰ ਸਿਰਫ਼ ਕੁਝ ਹਫ਼ਤਿਆਂ 'ਚ ਲਾਇਸੰਸ ਲੈਣ ਦੀ ਇਜਾਜ਼ਤ ਦੇਵੇਗੀ, ਜਦਕਿ ਹੁਣ ਤਕ ਇਹ ਪ੍ਰਕਿਰਿਆ ਮਹੀਨਿਆਂ ਲੱਗਦੀ ਸੀ।"

ਇਹ ਕਦਮ ਬੀ.ਸੀ. ਸਰਕਾਰ ਵਲੋਂ ਆਪਣੇ ਪ੍ਰਾਈਮਰੀ ਸਿਹਤ ਪ੍ਰਣਾਲੀ ਵਿੱਚ ਸੁਧਾਰ ਲਿਆਉਣ ਲਈ ਚੁੱਕੇ ਜਾ ਰਹੇ ਹਨ।

2023 ਵਿੱਚ ਬੀ.ਸੀ. ਨੇ ਨਵੀਂ ਡਾਕਟਰਾਂ ਦੀ ਤਨਖਾਹ ਮਾਡਲ ਲਾਗੂ ਕੀਤਾ, ਜਿਸ ਕਾਰਨ 1,001 ਨਵੇਂ ਪਰਿਵਾਰਕ ਡਾਕਟਰ ਸ਼ਾਮਲ ਹੋਏ। ਇਸ ਨਾਲ 2.5 ਲੱਖ ਨਵੇਂ ਲੋਕਾਂ ਨੂੰ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਮਿਲਣ ਲੱਗੇ। ਬੀ.ਸੀ. ਸਰਕਾਰ ਜਲਦ ਹੀ ਇਸ ਅਮਰੀਕੀ ਰਾਜਾਂ 'ਚ ਨਵੀਆਂ ਨੌਕਰੀਆਂ ਸੰਬੰਧੀ ਇੱਕ ਮਾਰਕੀਟਿੰਗ ਮੁਹਿੰਮ ਚਲਾਉਣ ਜਾ ਰਹੀ ਹੈ। ਇਹ ਮੁਹਿੰਮ ਕੈਂਸਰ ਇਲਾਜ, ਐਮਰਜੈਂਸੀ ਡਿਪਾਰਟਮੈਂਟ ਅਤੇ ਪਿੰਡਾਂ ਵਿੱਚ ਸਿਹਤ ਸੰਭਾਲ 'ਤੇ ਖ਼ਾਸ ਤਵੱਜੋ ਦੇਵੇਗੀ।

ਬੀ.ਸੀ. ਇਸ ਨਵੇਂ ਉਪਰਾਲੇ ਨਾਲ ਆਪਣੇ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ, ਉਮੀਦਵਾਰਾਂ ਨੂੰ ਆਸਾਨ ਪ੍ਰਕਿਰਿਆ ਦੇਣ ਅਤੇ ਪੂਰੇ ਸੂਬੇ ਵਿੱਚ ਵਧੀਆ ਸਿਹਤ ਸੇਵਾਵਾਂ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਉਨ੍ਹਾਂ ਅਮਰੀਕੀ ਸਿਹਤ ਮਾਹਿਰਾਂ ਲਈ ਵੀ ਇੱਕ ਵਧੀਆ ਮੌਕਾ ਹੈ, ਜੋ ਆਪਣੇ ਵਾਤਾਵਰਣ ਨਾਲ ਅਸੰਤੁਸ਼ਟ ਹਨ ਅਤੇ ਬਿਹਤਰ ਨੌਕਰੀ ਦੇ ਮੌਕੇ ਲੱਭ ਰਹੇ ਹਨ। This report was written by Simranjit Singh as part of the Local Journalism Initiative.

# ਟੈਰਿਫਾਂ ਤੋਂ ਬਾਅਦ ਕੈਨੇਡੀਅਨ ਲੋਕਾਂ 'ਚ ਵਿੱਚ ਰਾਸ਼ਟਰੀ ਭਾਵਨਾਵਾਂ ਵਧੀਆ : ਸਰਵੇਖਣ

**ਔਟਵਾ (ਸਿਮਰਨਜੀਤ ਸਿੰਘ):** ਇੱਕ ਨਵੇਂ ਸਰਵੇਖਣ ਮੁਤਾਬਕ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ 'ਤੇ ਲਗਾਈਆਂ ਪਾਬੰਦੀਆਂ ਅਤੇ ਟੈਰਿਫ਼ਾਂ ਨੇ ਕੈਨੇਡੀਅਨ ਲੋਕਾਂ ਵਿੱਚ ਰਾਸ਼ਟਰੀ ਮਾਣ (Naitonal Pirde) ਨੂੰ ਨਵੀਂ ਉਚਾਈ 'ਤੇ ਪਹੁੰਚਾ ਦਿੱਤਾ ਹੈ। ਐਸੋਸੀਏਸ਼ਨ ਫੋਰ ਕੈਨੇਡੀਅਨ ਸਟੱਡੀਜ਼ ਲਈ ਲੇਜਰ ਮਾਰਕੀਟਿੰਗ ਦੁਆਰਾ ਕੀਤੇ ਗਏ ਸਰਵੇਖਣ ਵਿੱਚ ਪਤਾ ਲੱਗਾ ਕਿ ਕੈਨੇਡੀਅਨ ਹੋਣ 'ਤੇ ਮਾਣ ਕਰਦੇ ਲੋਕਾਂ ਦੀ ਗਿਣਤੀ 80% (ਨਵੰਬਰ 2024) ਤੋਂ ਵੱਧ ਕੇ ਹੁਣ 86% 'ਤੇ ਪਹੁੰਚ ਗਈ ਹੈ।

ਸਰਵੇਖਣ ਮੁਤਾਬਕ, 55 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਿਆਂ ਵਿੱਚ ਸਭ ਤੋਂ ਵੱਧ (92%) ਲੋਕ ਕੈਨੇਡੀਅਨ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ। 35 ਤੋਂ 54 ਸਾਲ ਦੀ ਉਮਰ ਵਾਲਿਆਂ ਵਿੱਚ ਇਹ ਅੰਕੜਾ 86% ਅਤੇ 18-34 ਸਾਲ ਦੀ ਉਮਰ ਵਾਲਿਆਂ ਵਿੱਚ 75% ਰਹਿ ਗਿਆ।

ਕਿਊਬੈਕ, ਓਨਟਾਰੀਓ, ਪ੍ਰੇਅਰੀ ਪ੍ਰਾਂਤਾਂ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕੈਨੇਡਾ ਪ੍ਰਤੀ ਮਾਣ 'ਚ ਵਾਧਾ ਹੋਇਆ, ਜਦਕਿ ਐਟਲਾਂਟਿਕ ਕੈਨੇਡਾ ਅਤੇ ਅਲਬਰਟਾ ਵਿੱਚ ਇਹ ਅਜੇ ਵੀ ਘੱਟ ਹੈ।

ਕਿਊਬੈਕ ਵਿੱਚ ਨਵੰਬਰ ਵਿੱਚ 81% ਲੋਕ ਕੈਨੇਡਾ 'ਤੇ ਮਾਣ ਕਰਦੇ ਸਨ, ਹੁਣ ਇਹ ਗਿਣਤੀ 86% ਹੋ ਗਈ। ਓਨਟਾਰੀਓ ਵਿੱਚ 80% ਤੋਂ ਵਧ ਕੇ 87% 'ਤੇ ਪਹੁੰਚ ਗਿਆ। ਮੈਨੀਟੋਬਾ ਅਤੇ ਸਕੈਚੇਵਾਨ ਵਿੱਚ 77% ਤੋਂ 86% 'ਤੇ ਵਧਿਆ, ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਵਿੱਚ 70% ਤੋਂ 90% ਤੋਂ ਵੀ ਉਪਰ ਵੇਖਣ ਨੂੰ ਮਿਲਿਆ।

ਇਸਦੇ ਉਲਟ, ਐਟਲਾਂਟਿਕ ਕੈਨੇਡਾ ਵਿੱਚ 91% ਤੋਂ 89% ਅਤੇ ਅਲਬਰਟਾ ਵਿੱਚ 84% ਤੋਂ ਘੱਟ ਕੇ 74% 'ਤੇ ਆ ਗਿਆ।



ਘਰਾਂ, ਕਮਰਸ਼ੀਅਲ ਜਾਂ ਨਵੇਂ ਬਣ ਰਹੇ ਘਰਾਂ ਦੀ ਸਫਾਈ ਲਈ ਅਤੇ ਕਿਸੇ ਵੀ ਤਰ੍ਹਾਂ ਦਾ ਗਾਰਬੇਜ਼ ਚੁੱਕਵਾਉਣ ਲਈ ਸਾਨੂੰ ਅੱਜ ਹੀ ਫੋਨ ਕਰੋ
604-512-5001
SHINE PRO CLEANING
We Provide a reliable and Flexible Workforce,
Ready to meet your labor needs anywhere, Ensuring efficient and timely support across various Locations.
» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning
JASVINDER SINGH
CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

RESIDENTIAL
COMMERCIAL
SALES & LEASING
CENTURY 21
GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੈਨੇਡਾ ਦੇ ਖੇਤ ਮਜ਼ਦੂਰ...

ਸੁਰਿੰਦਰ ਗੀਤ, ਸੰਪਰਕ: 403 605-3734

ਕੈਨੇਡਾ ਆਈ ਨੂੰ ਭਾਵੇਂ ਅੱਧੀ ਸਦੀ ਬੀਤ ਗਈ ਸੀ, ਪਰ ਮੈਨੂੰ ਕੈਨੇਡਾ ਦੇ ਫਾਰਮ ਵਿੱਚ ਕੰਮ ਕਰਨ ਦਾ ਮੌਕਾ ਨਾ ਮਿਲਿਆ। ਇਸ ਦਾ ਵੱਡਾ ਕਾਰਨ ਇਹ ਸੀ ਕਿ ਮੈਂ 1974 ਵਿੱਚ ਕੈਨੇਡਾ ਆਈ ਤੇ ਓਦੋਂ ਤੋਂ ਲੈ ਕੇ ਹੁਣ ਤੱਕ ਕੈਲਗਰੀ ਵਿੱਚ ਹੀ ਰਹਿ ਰਹੀ ਹਾਂ। ਕੈਲਗਰੀ ਵਿੱਚ ਭਾਰਤੀ ਮੂਲ ਦੇ ਲੋਕਾਂ ਵਿੱਚ ਫਾਰਮਾਂ ਵਿੱਚ ਕੰਮ ਕਰਨ ਦਾ ਰੁਝਾਨ ਬਿਲਕੁਲ ਨਹੀਂ ਹੈ। ਜੇ ਹੈ ਤਾਂ ਮੈਨੂੰ ਉਸ ਬਾਰੇ ਜਾਣਕਾਰੀ ਨਹੀਂ।

ਮੈਂ ਜਦੋਂ ਵੀ ਭਾਰਤ, ਖਾਸਕਰ ਪੰਜਾਬ ਜਾਣਾ ਤਾਂ ਮੇਰੇ ਪਿੰਡ ਦੇ ਲੋਕ ਅਕਸਰ ਮੇਰੇ ਨਾਲ ਬੈਰੀ ਦੀ ਗੱਲ ਛੇੜ ਬਹਿੰਦੇ। ਮੇਰੇ ਪਿੰਡ ਦੀਆਂ ਔਰਤਾਂ ਬੈਰੀ ਨੂੰ ਬੇਰੀ ਆਖਦੀਆਂ। ਵੈਸੇ ਤਾਂ ਅੱਜਕੱਲ੍ਹ ਹਰ ਇੱਕ ਘਰ 'ਚੋਂ ਕੋਈ ਨਾ ਕੋਈ ਜੀਅ ਕੈਨੇਡਾ ਅਤੇ ਅਮਰੀਕਾ ਆਇਆ ਹੋਇਆ ਹੈ, ਫਿਰ ਵੀ ਕਈ ਲੋਕ ਇਸ ਜਾਣਕਾਰੀ ਤੋਂ ਵਿਰਵੇ ਹਨ। ਮੈਨੂੰ ਯਾਦ ਹੈ ਕਿ ਘਰਾਂ 'ਚੋਂ ਮੇਰੀ ਚਾਚੀ ਆਖਣ ਲੱਗੀ, "ਧੀਏ! ਮੈਨੂੰ ਇਹ ਦੱਸ ਬਈ ਓਥੇ ਬੇਰ ਕਿਵੇਂ ਤੋੜਦੇ ਆ?"

"ਚਾਚੀ ਜੀ! ਬੇਰ ਨਹੀਂ ਬੈਰੀ ਹੁੰਦੀ ਆ। ਉਸ ਦੇ ਬੂਟੇ ਨਰਮੇ ਦੇ ਬੂਟਿਆਂ ਵਰਗੇ ਹੁੰਦੇ ਆ। ਮੈਂ ਕਦੇ ਤੋੜੀ ਨਹੀਂ, ਪਰ ਸੁਣਿਆ ਨਰਮਾ ਚੁੱਗਣ ਵਾਂਗ ਹੁੰਦਾ ਹੈ!"

ਗੱਲ 2017 ਦੀ ਹੈ। ਮੇਰੇ ਬੇਟੇ ਦਾ ਵਿਆਹ ਕੈਨੇਡਾ ਦੇ ਬਹੁਤ ਹੀ ਖ਼ੂਬਸੂਰਤ ਪ੍ਰਾਂਤ ਬ੍ਰਿਟਿਸ਼ ਕਲੰਬੀਆ ਦੇ ਸ਼ਹਿਰ ਸਰੀ ਵਿੱਚ ਪੰਜਾਬੀ ਪਰਿਵਾਰ ਦੀ ਸੋਹਣੀ ਸੁਨੱਖੀ ਤੇ ਬਹੁਤ ਹੀ ਪਿਆਰੀ ਲੜਕੀ ਨਾਲ ਹੋ ਗਿਆ। ਬਾਅਦ ਵਿੱਚ ਉਹ ਪਰਿਵਾਰ ਯਾਨੀ ਮੇਰੇ ਰਿਸ਼ਤੇਦਾਰ ਆਪਣੇ ਫਾਰਮ ਵਿੱਚ ਹੀ ਵੱਡਾ ਸਾਰਾ ਘਰ ਬਣਾ ਕੇ ਰਹਿਣ ਲੱਗ ਪਏ। ਇਸ ਦਾ ਫਾਇਦਾ ਇਹ ਸੀ ਕਿ ਉਨ੍ਹਾਂ ਨੂੰ ਫਾਰਮ ਦੀ ਦੇਖਭਾਲ ਕਰਨੀ ਸੌਖੀ ਹੋ ਗਈ। ਫਾਰਮਾਂ ਵਿੱਚ ਸ਼ਹਿਰਾਂ ਵਾਲੀਆਂ ਮਿਉਂਸਿਪਲ ਕੌਂਸਲ ਵਾਲੀਆਂ ਸ਼ਰਤਾਂ ਲਾਗੂ ਨਹੀਂ ਹੁੰਦੀਆਂ। ਇਸ ਲਈ ਉਹ ਲੋਕ ਜਿਨ੍ਹਾਂ ਕੋਲ ਖੇਤੀ ਕਰਨ ਯੋਗ ਜ਼ਮੀਨ ਹੈ, ਉਹ ਆਪਣੀ ਜ਼ਮੀਨ ਵਿੱਚ ਹੀ ਘਰ ਬਣਾਉਣਾ ਚੰਗਾ ਸਮਝਦੇ ਹਨ।

ਬਲੂਬੈਰੀ ਫ਼ਸਲ ਦਾ ਸੀਜ਼ਨ ਜ਼ੋਰਾਂ 'ਤੇ ਸੀ। ਮੇਰਾ ਵੀ ਪਰਿਵਾਰ ਸਮੇਤ ਐਬਸਫੋਰਡ ਜਾਣ ਦਾ ਸਬੱਬ ਬਣ ਗਿਆ।

ਲੋਕਾਂ ਨੂੰ ਬੈਰੀ ਤੋੜਦੇ ਦੇਖ ਮਨ ਵਿੱਚ ਬੈਰੀ ਤੋੜਨ ਦਾ ਚਾਅ ਉੱਗਮਿਆ। ਦੂਸਰੇ ਹੀ ਦਿਨ ਮੈਂ ਸਵੇਰੇ ਸਵੇਰੇ ਪੁਰਾਣੇ ਜਿਹੇ ਆਰਾਮਦਾਇਕ ਕੱਪੜੇ ਪਾ ਲਏ, ਜਿਨ੍ਹਾਂ ਨਾਲ ਬੈਠਣ ਉੱਠਣ ਵਿੱਚ ਦਿੱਕਤ ਨਾ ਆਵੇ, ਸਿਰ 'ਤੇ ਕੱਪੜਾ ਲੈ ਤੇ ਉੱਪਰੋਂ ਧੁੱਪ ਤੋਂ ਬਚਾਅ ਲਈ ਟੋਪੀ ਲੈ, ਚੰਗੇ ਮਜ਼ਬੂਤ ਫੀਤਿਆਂ ਵਾਲੇ ਬੂਟ ਪਾ, ਬਲੂਬੈਰੀ ਤੋੜਨ ਲਈ ਤਿਆਰ ਹੋ ਗਈ। ਰਿਸ਼ਤੇ ਵਜੋਂ ਕੁੜਮ ਲੱਗਦੇ, ਪਰ ਉਨ੍ਹਾਂ ਨੂੰ ਮੈਂ ਵੀਰ ਜੀ ਆਖਦੀ ਸਾਂ, ਕਹਿਣ ਲੱਗੇ "ਭੈਣ ਜੀ, ਮੇਰੀ ਮੰਨੋ ਤਾਂ ਬੈਰੀ ਤੋੜਨ ਦਾ ਖ਼ਿਆਲ ਛੱਡ ਦੇਵੋ, ਆਰਾਮ ਨਾਲ ਘਰ ਬੈਠੋ। ਜੇ ਬਹੁਤੀ ਗੱਲ ਹੈ ਤਾਂ ਦਸ ਵਜੇ ਚਾਹ ਲੈ ਕੇ ਆ ਜਾਣਾ। ਤੁਹਾਡੀ ਇਸ ਤਰ੍ਹਾਂ ਦੀ ਸਹਾਇਤਾ ਕਾਫ਼ੀ ਹੈ।"

ਪਰ ਮੈਨੂੰ ਬਲੂਬੈਰੀ ਤੋੜਨ ਦਾ ਗੋਡੇ ਗੋਡੇ ਚਾਅ ਸੀ। ਮੇਰੇ ਲਈ ਨਵਾਂ ਤਜਰਬਾ ਸੀ। ਮੈਂ ਉਹ ਕਰਨਾ ਚਾਹੁੰਦੀ ਸਾਂ ਜੋ ਅੱਜ ਤੱਕ ਨਹੀਂ ਸੀ ਕੀਤਾ। ਪੰਜਾਬ ਵਿੱਚ ਰਹਿੰਦਿਆਂ ਵੀ ਖੇਤੋਂ ਸਾਗ ਤੋੜਨ ਤੋਂ ਸਿਵਾ ਹੋਰ ਕੰਮ ਕਰਨ ਦਾ ਮੌਕਾ ਨਾ ਮਿਲਿਆ।

ਮੈਂ ਹੱਸ ਕੇ ਤੇ ਬੜੇ ਹੌਸਲੇ ਨਾਲ ਕਿਹਾ, "ਵੀਰ ਜੀ, ਮੈਨੂੰ ਇੱਕ ਵਾਰੀ ਕੋਸ਼ਿਸ਼ ਤਾਂ ਕਰ ਲੈਣ ਦੇਵੋ। ਜੇਕਰ ਨਾ ਤੋੜ ਸਕੀ ਤਾਂ ਘਰ ਆ ਜਾਵਾਂਗੀ। ਮੇਰੇ ਸਿਰ 'ਤੇ ਕਿਹੜਾ ਕੋਈ ਬੋਝ ਹੈ ਕਿ ਮੈਂ ਤੋੜਨੀ ਹੀ ਤੋੜਨੀ ਹੈ। ਘਰ ਦਾ ਕੰਮ ਹੈ। ਹੋਇਆ ਤਾਂ ਕਰ ਲਵਾਂਗੀ, ਨਹੀਂ ਤਾਂ ਸਿੱਧੀ ਘਰ ਮੁੜ ਆਵਾਂਗੀ।"

ਮੇਰੀ ਜ਼ਿੱਦ ਨੂੰ ਦੇਖ ਕੇ ਵੀਰ ਜੀ ਆਖਣ ਲੱਗੇ, "ਭੈਣ ਜੀ, ਧੁੱਪ ਵਾਲੀਆਂ ਐਨਕਾਂ ਲੈ ਲਵੋ ਨਹੀਂ ਤਾਂ ਅੱਖਾਂ ਖ਼ਰਾਬ ਹੋ ਜਾਣਗੀਆਂ। ਧੁੱਪ ਵਿੱਚ ਕੰਮ ਕਰਨ ਦੀ ਤੁਹਾਨੂੰ ਆਦਤ ਨਹੀਂ ਹੈ।"

ਮੈਂ, ਭੱਜ ਕੇ ਕਾਲੀਆਂ ਐਨਕਾਂ ਚੁੱਕ ਲਿਆਂਦੀਆਂ ਤੇ ਕੁਝ ਹੀ ਮਿੰਟਾਂ 'ਚ ਮੈਂ ਬਲੂਬੈਰੀ ਤੋੜ ਰਹੇ ਲੋਕਾਂ 'ਚ ਜਾ ਰਲੀ। ਮੇਰੇ ਪੁੱਜਣ ਤੋਂ ਪਹਿਲਾਂ ਲੋਕ ਆਪਣਾ ਕੰਮ ਸ਼ੁਰੂ ਕਰ ਚੁੱਕੇ ਸਨ। ਕਈ ਤਜਰਬੇਕਾਰ ਤਾਂ ਚਾਰ-ਚਾਰ ਪੰਜ-ਪੰਜ ਪੌਂਡ ਤੋੜ ਵੀ ਚੁੱਕੇ ਸਨ। ਉਨ੍ਹਾਂ ਦੇ ਹੱਥ ਮਸ਼ੀਨ ਵਾਂਗ ਚੱਲਦੇ ਸਨ। ਦੋਹਾਂ ਹੱਥਾਂ ਨਾਲ ਤੋੜਨ ਵਿੱਚ ਬਹੁਤ ਮੁਹਾਰਤ ਸੀ। ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਪਿਛਲੇ ਸਾਲ ਵੀ ਇਸ ਫਾਰਮ ਵਿੱਚ ਕੰਮ ਕੀਤਾ ਸੀ ਤੇ ਉਹ ਪੌਦੇ-ਪੌਦੇ ਦੇ ਵਾਕਿਫ਼ ਸਨ।

ਕੁਝ ਕੁ ਮਿੰਟ ਮੈਂ ਉਨ੍ਹਾਂ ਨੂੰ ਤੋੜਦੇ ਦੇਖਦੀ ਰਹੀ। ਮੈਂ ਵੀ ਪਲਾਸਟਿਕ ਦਾ ਛੱਜਾ ਚੁੱਕ ਲਿਆਂਦਾ। ਕਈ ਔਰਤਾਂ ਨੇ ਆਪਣੇ ਲੱਕ ਨਾਲ ਛੋਟੀ ਜਿਹੀ ਪਲਾਸਟਿਕ ਦੀ ਬਾਲਟੀ ਬੰਨ੍ਹੀ ਹੋਈ ਸੀ ਤੇ ਉਹ ਬੈਰੀ ਤੋੜ ਤੋੜ ਕੇ ਇਸ ਵਿੱਚ ਪਾਈ ਜਾਂਦੀਆਂ। ਜਦੋਂ ਬਾਲਟੀ ਭਰ ਜਾਂਦੀ ਤਾਂ ਵੱਡੀ ਬਾਸਕਟ ਜਿਸ ਨੂੰ ਮੈਂ ਛੱਜਾ ਜਿਹਾ ਕਿਹਾ ਹੈ, ਉਸ ਵਿੱਚ ਉਲੱਦ ਦਿੰਦੀਆਂ। ਕਈ ਤੋੜ ਤੋੜ ਸਿੱਧਾ ਹੀ ਉਸ ਵਿੱਚ ਪਾਈ ਜਾਂਦੇ। ਸਭ ਦੀ ਆਪੋ ਆਪਣੀ ਜੁਗਤ ਸੀ। ਕਈ ਮਰਦਾਂ ਤੇ ਔਰਤਾਂ ਨੇ ਪੁਰਾਣੀਆਂ ਘੱਸੀਆਂ ਪਾਟੀਆਂ ਜ਼ੁਰਾਬਾਂ ਦਾ ਅਗਲਾ ਹਿੱਸਾ ਕੱਟ ਕੇ ਹੱਥਾਂ 'ਤੇ ਚੜ੍ਹਾਇਆ ਹੋਇਆ ਸੀ। ਇਸ ਦਾ ਫਾਇਦਾ ਇਹ ਸੀ ਕਿ ਹੱਥ ਦੀਆਂ ਉਂਗਲਾਂ ਨੰਗੀਆਂ ਰਹਿੰਦੀਆ, ਪਰ ਹਥੇਲੀਆਂ ਢੱਕੀਆਂ ਰਹਿੰਦਿਆਂ ਸਨ। ਅਜਿਹਾ ਕਰਨ ਨਾਲ ਹੱਥਾਂ 'ਚੋਂ ਬੈਰੀ ਦਾ ਕੋਈ ਵੀ ਦਾਣਾ ਤਿਲਕ ਕੇ ਜ਼ਮੀਨ ਉੱਤੇ ਨਹੀਂ ਸੀ ਡਿੱਗਦਾ। ਵੈਸੇ ਵੀ ਜ਼ਮੀਨ 'ਤੇ ਡਿੱਗੇ ਦਾਣਿਆਂ ਨੂੰ ਨਹੀਂ ਚੁੱਕਿਆ ਜਾਂਦਾ। ਕਿਹਾ ਜਾਂਦਾ ਹੈ ਕਿ ਮਿੱਟੀ 'ਚੋਂ ਕਈ ਤਰ੍ਹਾਂ ਦੇ ਜਰਮ ਦਾਣੇ ਨੂੰ ਲੱਗ ਜਾਂਦੇ ਹਨ। ਇਉਂ ਧਰਤੀ 'ਤੇ ਡਿੱਗਿਆ ਦਾਣਾ ਵਰਤੋਂ ਵਿੱਚ ਨਹੀਂ ਲਿਆਂਦਾ ਜਾਂਦਾ।

ਬੈਰੀ ਤੋੜਨ ਆਏ ਬਹੁਤੇ ਪੰਜਾਬੀ ਸਨ। ਆਮ ਕਰਕੇ ਉਹ ਲੋਕ ਸਨ ਜੋ ਕੋਈ ਹੋਰ ਕੰਮ ਕਰਨ ਤੋਂ ਅਸਮਰੱਥ ਸਨ ਜਾਂ ਕਹਿ ਲਵੋ ਜਿਨ੍ਹਾਂ ਨੂੰ ਕੋਈ ਹੋਰ ਕੰਮ ਨਹੀਂ ਮਿਲਦਾ। ਬਹੁਤ ਲੋਕ ਅਜਿਹੇ ਹੁੰਦੇ ਹਨ ਜੋ ਗਰਮੀਆਂ ਦੌਰਾਨ ਫਾਰਮਾਂ 'ਚ ਕੰਮ ਕਰਕੇ ਪੈਸੇ ਜੋੜ ਲੈਂਦੇ ਹਨ। ਕੰਮ ਕਰਨ ਵਾਲਿਆਂ ਵਿੱਚ ਇੱਕ ਮੈਕਸੀਕਨ ਵੀ ਸੀ। ਵੱਡੀ ਸਾਰੀ ਗੋਲ ਟੋਪੀ ਉਸ ਦੀ ਪਛਾਣ ਸੀ।

ਲੋਕ ਬੈਰੀ ਤੋੜਦੇ ਤੇ ਨਾਲ ਨਾਲ ਗੱਲਾਂ ਕਰੀ ਜਾਂਦੇ। ਕੋਈ ਆਪਣੇ ਪਿੰਡ ਦੀਆਂ ਤੇ ਕੋਈ ਕਿਸੇ ਹੋਰ ਪਿੰਡ ਦੀਆਂ। ਕਦੇ ਰਾਜਨੀਤੀ ਛਿੜ ਪੈਂਦੀ ਤੇ ਕਦੇ ਗੁਰੂਆਂ ਦੀ ਕਥਾ ਤੁਰ ਪੈਂਦੀ। ਬਹੁਤੀਆਂ ਗੱਲਾਂ ਭਾਰਤ ਦੀ ਰਾਜਨੀਤੀ ਨਾਲ ਸਬੰਧਤ ਸਨ। ਇੱਕ ਦੀ ਗੱਲ ਅਜੇ ਮੂੰਹ ਵਿੱਚ ਹੁੰਦੀ ਤਾਂ ਦੂਸਰਾ ਸ਼ੁਰੂ ਕਰ ਲੈਂਦਾ। ਇਉਂ ਲੱਗਦੈ ਜਿਵੇਂ ਪਿੰਡ ਦੀ ਸੱਥ ਜੁੜੀ ਹੋਈ ਹੋਵੇ। ਜਿੰਨੀ ਤੇਜ਼ੀ ਨਾਲ ਜ਼ੁਬਾਨ ਚੱਲਦੀ, ਓਨੀ ਤੇਜ਼ੀ ਨਾਲ ਹੱਥ ਚੱਲਦੇ। ਹਰੇਕ ਜਣਾ ਆਪਣੀ ਤੋੜੀ ਹੋਈ ਬੈਰੀ ਨੂੰ ਨਿਸ਼ਾਨੀ ਲਾ ਕੇ ਪਰੇ ਰੱਖੀ ਜਾਂਦਾ। ਜਿੰਨੀ ਕਿਸੇ ਨੇ ਤੋੜਨੀ ਉਸ ਦੇ ਹਿਸਾਬ ਨਾਲ ਹੀ ਉਸ ਨੂੰ ਪੈਸੈ ਮਿਲਣੇ ਸਨ। ਇਸ ਕਰਕੇ ਢਿੱਲ ਮੱਠ ਦਾ ਤਾਂ ਸਵਾਲ ਹੀ ਨਹੀਂ ਸੀ ਉੱਠਦਾ।

ਮੇਰੇ 'ਤੇ ਭਾਵੇਂ ਇਹ ਸ਼ਰਤ ਲਾਗੂ ਨਹੀਂ ਸੀ ਹੁੰਦੀ। ਮੇਰੇ ਤਾਂ ਘਰ ਦਾ ਕੰਮ ਸੀ। ਆਪਣੀ ਰਫ਼ਤਾਰ ਨਾਲ ਤੋੜ ਰਹੀ ਸਾਂ, ਪਰ ਕਿਸੇ ਤੋਂ ਇਹ ਵੀ ਨਹੀਂ ਸੀ ਅਖਵਾਉਣਾ ਚਾਹੁੰਦੀ ਕਿ ਮੇਰੇ ਤੋਂ ਬੈਰੀ ਟੁੱਟੀ ਨਹੀਂ। ਮੇਰਾ ਵੀ ਪੂਰਾ ਜ਼ੋਰ ਲੱਗਿਆ ਹੋਇਆ ਸੀ। ਪਲ ਪਲ ਗਰਮੀ ਵਧ ਰਹੀ ਸੀ। ਇਉਂ ਲੱਗਦੈ ਸੀ ਕਿ ਹਵਾ ਨਾਮ ਦੀ ਕੋਈ ਚੀਜ਼ ਹੈ ਨਹੀਂ, ਜੇ ਹੈ ਤਾਂ ਏਥੇ ਹੈ ਨਹੀਂ। ਜਦੋਂ ਵੀ ਕਿਤੇ ਹਵਾ ਦਾ ਬੁੱਲ੍ਹਾ ਆਉਂਦਾ ਜਾਂ ਸੂਰਜ ਮੂਹਰੇ ਬੱਦਲੀ ਆ ਜਾਂਦੀ ਤਾਂ ਸਾਰਿਆਂ ਵਿੱਚ ਜਾਨ ਪੈ ਜਾਂਦੀ। ਸਾਹ ਸੁਖਾਵਾਂ ਹੋ ਜਾਂਦਾ। ਥੋੜ੍ਹੀ ਰਾਹਤ ਮਿਲ ਜਾਂਦੀ।

ਅੱਧੇ ਪੌਣੇ ਘੰਟੇ ਵਿੱਚ ਹੀ ਮੈਨੂੰ ਸਮਝ ਆ ਗਈ ਕਿ ਬਲੂਬੈਰੀ ਤੋੜਨਾ ਏਨਾ ਸੌਖਾ ਨਹੀਂ ਜਿੰਨਾ ਮੈਂ ਸਮਝਦੀ ਸੀ। ਪੌਦੇ ਦੇ ਉੱਪਰਲੇ ਹਿੱਸੇ ਤੋਂ ਤੋੜਨਾ ਤਾਂ ਸੌਖਾ ਸੀ, ਪਰ ਪੌਦਿਆਂ ਦੇ ਹੇਠਾਂ ਤੱਕ ਦੀਆਂ ਟਾਹਣੀਆਂ ਵੀ ਫ਼ਲ ਨਾਲ ਭਰੀਆਂ ਪਈਆਂ ਸਨ। ਪੈਰਾਂ ਭਾਰ ਬਹਿ ਕੇ ਪੌਦੇ ਦੀਆਂ ਹੇਠਲੀਆਂ ਟਾਹਣੀਆਂ ਤੋਂ ਉਨ੍ਹਾਂ ਨੂੰ ਤੋੜਨਾ ਬਹੁਤ ਔਖਾ ਸੀ। ਮੈਂ ਫਾਰਮ 'ਚ ਪਈ ਪਲਾਸਟਿਕ ਦੀ ਕੁਰਸੀ ਲੈ ਲਈ ਅਤੇ ਕੁਰਸੀ 'ਤੇ ਬੈਠ ਕੇ ਤੋੜਨ ਦੀ ਕੋਸ਼ਿਸ਼ ਕੀਤੀ। ਵੱਟ ਤੋਂ ਕੁਰਸੀ ਪਿਛਾਂਹ ਨੂੰ ਰੁੜ੍ਹ ਗਈ। ਸੱਟ ਤੋਂ ਬਚ ਗਈ। ਆਪਣੇ ਆਪ 'ਤੇ ਹਾਸਾ ਵੀ ਆਇਆ। ਨਾਲ ਦੀ ਪਾਲ ਵਿੱਚ ਬੈਰੀ ਤੋੜਦੇ ਇ ਕ ਬਜ਼ੁਰਗ ਨੇ ਆ ਕੇ ਮੈਨੂੰ ਚੁੱਕਿਆ। ਗੱਲ ਕੀ ਇਸ 'ਊਠਤ ਦੁਖੀਆ ਬੈਠਕ ਦੁਖੀਆ' ਵਾਲੀ ਹਾਲਤ ਕਾਰਨ ਮੈਨੂੰ ਆਪਣੀ ਕਮਰ ਵਿੱਚ ਦਰਦ ਮਹਿਸੂਸ ਹੋਈ।

ਦਸ ਵੱਜ ਗਏ। ਵੀਰ ਜੀ ਚਾਹ ਲੈ ਕੇ ਆਏ। ਸਾਰੇ ਜਾਣੇ ਚਾਹ ਪੀਣ ਬਹਿ ਗਏ। ਪੀਣ ਵਾਸਤੇ ਅਤੇ ਹੱਥ ਧੋਣ ਵਾਸਤੇ ਪਾਣੀ ਅਲੱਗ ਅਲੱਗ ਰੱਖਿਆ ਹੋਇਆ ਸੀ। ਮੈਂ ਆਪਣੇ ਸਿਰ 'ਤੇ ਲਈ ਟੋਪੀ ਹੇਠ ਛੋਟੇ ਜਿਹੇ ਤੌਲੀਏ ਨਾਲ ਮੂੰਹ 'ਤੇ ਆਇਆ ਪਸੀਨਾ ਪੂੰਝਿਆ। ਲੰਮਾ ਸਾਰਾ ਸਾਹ ਲਿਆ। ਹੱਥ ਧੋਣ ਸਮੇਂ ਯਾਦ ਆਇਆ ਕਿ ਪੰਜਾਬ ਵਿੱਚ ਤਾਂ ਖੇਤ 'ਚ ਕੰਮ ਕਰਦੇ ਲੋਕ ਘਾਹ 'ਤੇ ਹੱਥ ਰਗੜ ਕੇ ਸਾਫ਼ ਕਰ ਲੈਂਦੇ ਹਨ। ਮੂਲੀ ਜਾਂ ਗਾਜਰ ਖੇਤ 'ਚੋਂ ਪੁੱਟੀ, ਘਾਹ 'ਤੇ ਰਗੜੀ ਜਾਂ ਟਿਊਬਵੈੱਲ ਦੀ ਖੇਲ਼ 'ਚ ਖੜ੍ਹੇ ਪਾਣੀ 'ਚ ਮਾੜ੍ਹੀ ਜਿਹੀ ਧੋਤੀ ਤੇ ਖਾ ਲਈ। ਓਥੇ ਕਿਸੇ ਜਰਮ ਦਾ ਪ੍ਰਹੇਜ਼ ਨਹੀਂ ਹੁੰਦਾ।

ਮੈਂ ਸਾਰਿਆ ਨੂੰ ਫੋਮ ਦੇ ਕੱਪਾਂ ਵਿੱਚ ਚਾਹ ਪਾ ਕੇ ਵਰਤਾਈ ਤੇ ਘਰੋਂ ਬਣ ਕੇ ਆਇਆ ਸੂਜੀ ਦਾ ਪ੍ਰਸ਼ਾਦ ਵੀਰ ਜੀ ਨੇ ਖ਼ੁਦ ਵਰਤਾ ਦਿੱਤਾ, ਫੋਮ ਦੀਆਂ ਪਲੇਟਾਂ ਵਿੱਚ ਪਾ ਕੇ। ਮੇਰੇ ਸਣੇ ਚਾਹ ਪੀ ਕੇ ਸਾਰੇ ਲੋਕ ਮੁੜ ਬੈਰੀ ਤੋੜਨ ਲੱਗ ਪਏ। ਚਾਹ ਪੀ ਕੇ, ਪ੍ਰਸ਼ਾਦ ਛੱਕ ਕੇ ਸਰੀਰ ਵਿੱਚ ਨਵੀਂ ਤਾਕਤ, ਚੁਸਤੀ ਤੇ ਤਾਜ਼ਗੀ ਮਹਿਸੂਸ ਹੋਈ, ਪਰ ਸੂਰਜ ਦੀ ਤਪਸ਼ ਮੂਹਰੇ ਜ਼ਿਆਦਾ ਦੇਰ ਤੱਕ ਨਾ ਟਿਕ ਸਕੀ।

ਹਾਂ ਸੱਚ, ਗੱਲਾਂ ਕਰਦੇ ਕਰਦਿਆਂ ਮੈਕਸੀਕਨ ਆਦਮੀ 'ਤੇ ਤਬਸਰਾ ਸ਼ੁਰੂ ਹੋ ਗਿਆ। ਸਭ ਨੂੰ ਪਤਾ ਸੀ ਕਿ ਉਹ ਪੰਜਾਬੀ ਨਾ ਹੀ ਬੋਲ ਸਕਦਾ ਹੈ ਤੇ ਨਾ ਹੀ ਸਮਝ ਸਕਦਾ ਹੈ। ਇਸ ਲਈ ਬਿਨਾਂ ਕਿਸੇ ਝਿਜਕ ਦੇ ਹਰ ਕੋਈ ਉਸ ਬਾਰੇ ਕੁਝ ਨਾ ਕੁਝ ਬੋਲ ਰਿਹਾ ਸੀ। ਇੱਕ ਨੇ ਕਿਹਾ, "ਇਹ ਬਹੁਤ ਕੰਮ ਕਰਦੇ ਆ। ਇਨ੍ਹਾਂ ਦੇ ਦੇਸ਼ 'ਚ ਲੋਹੜੇ ਦੀ ਗ਼ਰੀਬੀ ਹੈ। ਕੈਨੇਡਾ ਆ ਕੇ ਇਸ ਰੁੱਤ ਵਿੱਚ ਪੈਸੇ ਬਣਾ ਲੈਂਦੇ ਆ। ਸਾਰੇ ਚੋਰੀ ਛਪੋਰੀ ਕੰਮ ਕਰਦੇ ਨੇ।"

"ਇਹ ਤਾਂ ਕੀ, ਹੁਣ ਆਪਣੇ ਵੀ ਸੁਪਰ ਵਿਜ਼ਿਟਰ ਵੀਜ਼ੇ 'ਤੇ ਏਸੇ ਕੰਮ ਆਉਂਦੇ ਹਨ।" ਦੂਸਰਾ ਬੋਲਿਆ।

ਦੂਸਰੀ ਪਾਲ 'ਚੋਂ ਬੈਰੀ ਤੋੜਦੀ ਬੇਬੇ ਬੋਲੀ, "ਸਾਡੇ ਪਿੰਡੋਂ ਸੁਪਰ ਵੀਜ਼ੇ 'ਤੇ ਆਇਆ ਕੰਮ ਕਰਦਾ ਫੜਿਆ ਗਿਆ। ਨਾਲੇ ਫਾਰਮ ਆਲੇ ਨੂੰ ਜ਼ੁਰਮਾਨਾ ਹੋਇਆ ਤੇ ਨਾਲੇ ਕੰਮ ਕਰਨ ਵਾਲੇ ਨੂੰ ਜਹਾਜ਼ ਚੜ੍ਹਾ ਦਿੱਤਾ। ਸੁਣਿਆ ਹੁਣ ਉਹ ਕੈਨੇਡਾ ਨ੍ਹੀਂ ਆ ਸਕਦਾ।"

"ਆਹੋ ਭਾਈ! ਟਰੂਡੋ ਨੇ ਖੁੱਲ੍ਹ ਵੀ ਬਥੇਰੀ ਦਿੱਤੀ ਆ ਤੇ ਹੁਣ ਸਖ਼ਤੀ ਵੀ ਕਰੀ ਜਾਂਦੈ।"

"ਪਰ ਕਰਨ ਵਾਲੇ ਕਰੀ ਜਾਂਦੇ ਆ," ਵਿੱਚੋਂ ਹੀ ਇੱਕ ਹੋਰ ਜਣਾ ਬੋਲ ਪਿਆ।

ਤੇ ਇਉਂ ਹੋਰ ਦੋ ਘੰਟੇ ਬੀਤ ਗਏ। ਮੈਂ ਕਈ ਵਾਰ ਪਾਣੀ ਪੀਤਾ ਤੇ ਵਿੱਚੋਂ ਇੱਕ ਦੋ ਵਾਰ ਮਿੰਟ ਦੋ ਮਿੰਟ ਦਮ ਵੀ ਮਾਰਿਆ। ਆਪਣੀ ਤੁੜਾਈ ਵੱਲ ਦੇਖ ਮਨ ਨੂੰ ਤਸੱਲੀ ਮਹਿਸੂਸ ਹੋਈ ਕਿ ਮੈਂ ਲੋਕਾਂ ਤੋਂ ਪਿੱਛੇ ਤਾਂ ਜ਼ਰੂਰ ਹਾਂ, ਪਰ ਬਹੁਤਾ ਨਹੀਂ। ਮੈਂ ਥੱਕ ਚੁੱਕੀ ਸਾਂ। ਮੇਰਾ ਧਿਆਨ ਵੀਰ ਜੀ ਦੇ ਫੋਨ ਵੱਲ ਸੀ ਕਿ ਕਦੋਂ ਘੰਟੀ ਖੜਕੇ ਤੇ ਕਦੋਂ ਅਸੀਂ ਲੰਚ ਕਰੀਏ।

ਸਿਖਰ ਦੁਪਹਿਰਾ ਤੇ ਲੋਹੜੇ ਦੀ ਗਰਮੀ। ਕਦੇ ਕਦੇ ਹਵਾ ਦਾ ਬੁੱਲਾ ਆ ਜਾਂਦਾ ਤਾਂ ਜਾਨ ਵਿੱਚ ਜਾਨ ਆ ਜਾਂਦੀ। ਵਿੱਚ ਵਿਚਾਲੇ ਪਟਾਖੇ ਚੱਲਣ ਦੀ ਆਵਾਜ਼ ਵੀ ਸੁਣ ਜਾਂਦੀ। ਪੁੱਛਣ 'ਤੇ ਪਤਾ ਲੱਗਿਆ ਕਿ ਜਨੌਰਾਂ ਤੋਂ ਫ਼ਲ ਬਚਾਉਣ ਲਈ ਖੇਤਾਂ ਵਿੱਚ ਪਟਾਖੇ ਚਲਾਏ ਜਾਂਦੇ ਹਨ। ਪਟਾਖੇ ਦੀ ਆਵਾਜ਼ ਸੁਣ ਕੇ ਜਨੌਰ ਉੱਡ ਜਾਂਦੇ ਹਨ। ਏਥੇ ਮੈਨੂੰ ਪੰਜਾਬ ਦੀ ਇੱਕ ਲੋਕ ਬੋਲੀ ਯਾਦ ਆ ਗਈ। ਮਨ ਹੀ ਮਨ ਮੈਂ ਉਸ ਬੋਲੀ ਨੂੰ ਦੁਹਰਾ ਕੇ ਵੇਖਿਆ;

**ਮਾਹੀ ਮੇਰੇ ਦਾ ਪੱਕਿਆ ਬਾਜਰਾ, ਤੁਰ ਪਈ ਗੋਪੀਆ ਫੜ ਕੇ**
**ਖੇਤ 'ਚ ਜਾ ਕੇ ਹੋਕਰ ਮਾਰੀ, ਉੱਚੇ ਬੰਨੇ 'ਤੇ ਖੜ੍ਹ ਕੇ**
**ਉਤਰਦੀ ਨੂੰ ਪਈਆਂ ਝਰੀਟਾਂ, ਚੁੰਨੀ ਪਾਟ ਗੀ ਅੜ ਕੇ**
**ਤੁਰ ਪਰਦੇਸ ਗਇਓਂ, ਦਿਲ ਮੇਰੇ ਵਿੱਚ ਵਸ ਕੇ**

ਕੁਝ ਪਲਾਂ ਲਈ ਮੈਂ ਇਸ ਬੋਲੀ ਵਿੱਚ ਰੁੱਝ ਗਈ ਤੇ ਖ਼ੁਸ਼ੀ ਮਹਿਸੂਸ ਕੀਤੀ। ਦਰਅਸਲ, ਮੈਂ ਐਬਸਫੋਰਡ ਦੇ ਫਾਰਮ ਵਿੱਚ ਬਲੂਬੈਰੀ ਤੋੜਦੀ ਤੋੜਦੀ ਆਪਣੀਆਂ ਸੋਚਾਂ ਵਿੱਚ ਪੰਜਾਬ ਪੁੱਜ ਗਈ ਸੀ। ਵੀਰ ਜੀ ਦੇ ਫੋਨ ਦੀ ਘੰਟੀ ਵੱਜੀ ਤੇ ਮੈਂ ਆਪਣੀਆਂ ਸੋਚਾਂ 'ਚੋਂ ਬਾਹਰ ਆਈ। ਦੁਪਹਿਰ ਦੀ ਰੋਟੀ ਤਿਆਰ ਸੀ।

"ਭੈਣ ਜੀ, ਛੱਡ ਦੇਵੋ ਏਥੇ ਹੀ। ਰੋਟੀ ਖਾ ਆਵੋ।" ਵੀਰ ਜੀ ਆਖ ਰਹੇ ਸਨ।

ਇਸੇ ਵਾਕ ਨੂੰ ਮੈਂ ਉਡੀਕ ਰਹੀ ਸਾਂ। ਮੈਂ ਮੁੜ੍ਹਕਾ ਪੂੰਝਿਆ, ਐਨਕਾਂ ਸਾਫ਼ ਕੀਤੀਆਂ ਤੇ ਘਰ ਵੱਲ ਨੂੰ ਤੁਰ ਪਈ। ਵੀਰ ਜੀ ਵੀ ਮੇਰੇ ਪਿੱਛੇ ਪਿੱਛੇ ਆ ਗਏ।

ਬਾਕੀ ਬੈਰੀ ਤੋੜਾਵੇ ਓਥੇ ਹੀ ਆਪਣੇ ਹੱਥ ਸਾਫ਼ ਕਰ ਆਪੋ ਆਪਣੇ ਘਰੋਂ ਲਿਆਂਦੀ ਰੋਟੀ ਖਾਣ ਬੈਠ ਗਏ। ਉਨ੍ਹਾਂ ਨੂੰ ਮੁੜ ਕੰਮ 'ਤੇ ਲੱਗਣ ਦੀ ਕਾਹਲ ਸੀ। ਚਾਰ ਛਿੱਲੜ ਵੱਧ ਕਮਾਉਣ ਦਾ ਵੀ ਲਾਲਚ ਸੀ। ਫਾਰਮ ਦਾ ਮਾਲਕ ਉਨ੍ਹਾਂ ਨੂੰ ਦੋ ਵਾਰੀ ਚਾਹ ਤੇ ਚਾਹ ਨਾਲ ਖਾਣ ਪੀਣ ਲਈ ਕੁਝ ਨਾ ਕੁਝ ਜ਼ਰੂਰ ਦਿੰਦਾ ਹੈ। ਜ਼ਿਕਰ ਯੋਗ ਹੈ ਕਿ ਸ਼ਾਮ ਨੂੰ ਕੰਮ ਬੰਦ ਹੋਣ ਤੋਂ ਬਾਅਦ ਹਰ ਇੱਕ ਦੀ ਤੁੜਾਈ ਤੋਲ ਕੇ ਨਕਦ ਪੈਸੇ ਦੇ ਦਿੱਤੇ ਜਾਂਦੇ ਹਨ।

ਘਰ ਦੇ ਬਾਹਰ ਫਾਰਮ ਵੱਲ ਨੂੰ ਬਰਾਂਡਾ ਸੀ। ਉੱਥੇ ਵੱਡਾ ਸਾਰਾ ਮੇਜ਼, ਅੱਠ ਦਸ ਕੁਰਸੀਆਂ ਰੱਖੀਆਂ ਹੋਈਆਂ ਸਨ। ਮੈਂ ਉੱਥੇ ਬੈਠਣਾ ਮੁਨਾਸਬ ਸਮਝਿਆ। ਮੇਰੇ ਕੱਪੜੇ ਤੇ ਬੂਟ ਮਿੱਟੀ ਨਾਲ ਬੁਰੀ ਤਰ੍ਹਾਂ ਲਿੱਬੜ ਚੁੱਕੇ ਸਨ। ਗੰਦੇ ਬੂਟ ਲੈ ਕੇ ਘਰ ਦੇ ਅੰਦਰ ਜਾਣਾ ਠੀਕ ਨਹੀਂ ਸੀ ਜਾਪਦਾ। ਸਬੱਬ ਨਾਲ, ਰਸੋਈ ਦਾ ਇੱਕ ਦਰਵਾਜ਼ਾ ਉਸ ਬਰਾਂਡੇ ਵੱਲ ਨੂੰ ਖੁੱਲ੍ਹਦਾ ਸੀ। ਉਹ ਦਰਵਾਜ਼ਾ ਬਣਾਇਆ ਹੀ ਏਸੇ ਕੰਮ ਲਈ ਸੀ।

ਮੈਂ ਰੋਟੀ ਖਾਣ ਕੁਰਸੀ 'ਤੇ ਬੈਠੀ ਤਾਂ ਮੇਰਾ ਖ਼ਿਆਲ ਕਈ ਸਾਲ ਪਿਛਾਂਹ ਚਲਾ ਗਿਆ। ਓਦੋਂ ਸਾਡਾ ਖੇਤੀ ਦਾ ਕੰਮ ਜ਼ੋਰਾਂ 'ਤੇ ਸੀ। ਮੇਰੀ ਮਾਂ ਤੇ ਭਾਬੀ ਆਟੇ ਦੀਆਂ ਦੋ ਤਿੰਨ ਪਰਾਂਤਾਂ ਪਕਾਇਆ ਕਰਦੀਆਂ ਸਨ। ਦੋ ਪੱਕੇ ਸੀਰੀ ਤੇ ਦਿਹਾੜੀਏ ਕਤਾਰ ਬੰਨ੍ਹ ਕੇ ਪੈਰਾਂ ਭਾਰ ਬੈਠ ਰੋਟੀ ਖਾਂਦੇ ਸਨ। ਮੈਂ ਜਿਉਂ ਹੀ ਮੂੰਹ ਵਿੱਚ ਬੁਰਕੀ ਪਾਈ ਤਾਂ ਮਹਿਸੂਸ ਹੋਇਆ ਜਿਵੇਂ ਉਹ ਸਾਰੇ ਸੀਰੀ-ਸਾਂਝੀ ਏਥੇ ਮੇਰੇ ਨਾਲ ਕਤਾਰ ਬਣਾਈ ਬੈਠੇ ਰੋਟੀ ਦੀ ਉਡੀਕ ਕਰ ਰਹੇ ਹਨ। ਉਹ ਵੀ ਬਹੁਤ ਥੱਕੇ ਹੋਏ ਹਨ। ਉਨ੍ਹਾਂ ਦਾ ਵੀ ਅੰਗ ਅੰਗ ਮੇਰੇ ਵਾਂਗ ਦੁਖਦਾ ਹੈ। ਮੇਰੇ ਵਾਂਗ ਉਨ੍ਹਾਂ ਦਾ ਵੀ ਚਿੱਤ ਕਰਦਾ ਹੈ, ਹੁਣ ਕੰਮ ਬੰਦ ਕਰ ਕੇ ਦੋ ਘੰਟੇ ਆਰਾਮ ਕਰਨ। ਮੈਂ ਰੋਟੀ ਖਾਂਦੀ ਖਾਂਦੀ ਬਹੁਤ ਭਾਵੁਕ ਹੋ ਗਈ। ਮਨ ਹੀ ਮਨ ਸੀਰੀ ਲੱਛੂ ਤੇ ਮੱਦੀ ਨਾਲ ਗੱਲਾਂ ਕਰਨ ਲੱਗ ਪਈ।

ਦਹੀਂ ਨੂੰ ਥੋੜ੍ਹਾ ਜਿਹਾ ਘੋਟ ਕੇ ਬਣਾਈ ਲੱਸੀ ਦਾ ਗਲਾਸ ਜਦੋਂ ਚੁੱਕਿਆ ਤਾਂ ਮਹਿਸੂਸ ਹੋਇਆ ਕਿ ਲੱਛੂ ਤੇ ਮੱਦੀ ਨੂੰ ਵੀ ਲੱਸੀ ਪੁੱਛ ਲਵਾਂ। ਲੱਛੂ ਆਪਣੇ ਲੋਹੇ ਦੇ ਚਿੱਟੇ ਰੰਗ ਦੇ ਦੋ ਕੱਪ ਆਰਾਮ ਨਾਲ ਪੀ ਜਾਂਦਾ ਸੀ। ਮੈਂ ਕਈ ਵਾਰੀ ਆਪਣੀ ਮਾਂ ਨੂੰ ਕਹਿੰਦੇ ਸੁਣਿਆ ਸੀ ਕਿ ਸੀਰੀਆਂ ਜੋਗੀ ਖੁੱਲ੍ਹੀ ਲੱਸੀ ਰੱਖ ਲਵੋ। ਇਹ ਨਾ ਹੋਵੇ ਲੱਸੀ ਥੁੜ੍ਹ ਜਾਵੇ।

ਅਚਾਨਕ ਤਾਈ ਅਮਰੋ ਕਿਸੇ ਫਿਲਮ ਦੀ ਰੀਲ੍ਹ ਵਾਂਗ ਮੇਰੇ ਸਾਹਮਣੇ ਘੁੰਮਣ ਲੱਗੀ। ਤਾਈ ਅਮਰੋ ਸਾਡੇ ਘਰ ਦੇ ਗੋਹੇ-ਕੂੜੇ ਸਣੇ ਹੋਰ ਬਥੇਰੇ ਕੰਮ ਕਰਦੀ ਸੀ। ਕਪਾਹ ਚੁਗਣ ਵੀ ਜਾਂਦੀ ਸੀ। ਮੈਨੂੰ ਲੱਗਿਆ ਜਿਵੇਂ ਉਹ ਮੇਰੀ ਮਾਂ ਦਾ ਪੁਰਾਣਾ ਸੂਟ ਪਾਈਂ ਮੇਰੇ ਸਾਹਮਣੇ ਖੜ੍ਹੀ ਹੋਵੇ ਤੇ ਆਖ ਰਹੀ ਹੋਵੇ "ਧੀਏ! ਕੀ ਕਰਾਂ ਕੰਮ ਕਰ ਕਰ ਹੱਡ ਟੁੱਟੇ ਪਏ ਆ। ਰਾਤ ਨੂੰ ਰੋਜ਼ ਰੋੜੇ ਦਾ ਸੇਕ ਦਿੰਨੀ ਆਂ ਤਾਂ ਜਾ ਕੇ ਤੜਕੇ ਉੱਠਿਆ ਜਾਂਦਾ।"

ਰੋਟੀ ਖਾ ਕੇ ਮੈਥੋਂ ਵੀ ਉੱਠਿਆ ਨਾ ਗਿਆ। ਮੈਂ ਪਲੇਟ ਰੱਖ, ਗਰਾਜ ਵਿੱਚ ਬੂਟ ਲਾਹ ਕੇ, ਕੱਪੜਿਆਂ ਤੋਂ ਮਿੱਟੀ ਝਾੜ ਕੇ ਹੌਲੀ ਦੇਣੇ ਵਾਸ਼ਰੂਮ ਵਿੱਚ ਨਹਾਉਣ ਵੜ ਗਈ। ਉਸ ਦਿਨ, ਮੈਂ ਪਹਿਲੀ ਵਾਰੀ ਖੇਤ ਮਜ਼ਦੂਰਾਂ ਦੀ ਪੀੜ ਨੂੰ ਆਪਣੇ ਤਨ-ਮਨ 'ਤੇ ਮਹਿਸੂਸ ਕੀਤਾ!

# ਅਮਰੀਕਾ ਵਿਚ ਬੇਯਕੀਨੀ ਦੇ ਮਾਹੌਲ ਕਾਰਨ ਅਰਥ ਵਿਵਸਥਾ ਪ੍ਰਭਾਵਿਤ, ਸ਼ੇਅਰ ਬਜਾਰ ਨਿਰੰਤਰ ਗਿਰਾਵਟ ਵੱਲ




**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਅਪਣਾਈਆਂ ਜਾ ਰਹੀਆਂ ਨੀਤੀਆਂ ਤੇ ਪ੍ਰੋਗਰਾਮਾਂ ਦੇ ਸਿੱਟੇ ਵਜੋਂ ਸਮੁੱਚੇ ਅਮਰੀਕਾ ਵਿਚ ਬੇਯਕੀਨੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਜਿਸ ਕਾਰਨ ਸ਼ੇਅਰ ਬਜਾਰ ਨਿਰੰਤਰ ਡਿੱਗ ਰਿਹਾ ਹੈ। ਕੈਨੇਡਾ, ਮੈਕਸੀਕੋ,ਚੀਨ, ਯੁਰਪੀ ਯੁਨੀਅਨ ਤੇ ਭਾਰਤ ਸਮੇਤ ਟੈਰਿਫ ਦਰਾਂ ਨੂੰ ਲੈ ਕੇ ਚੱਲ ਰਹੇ ਟਕਰਾਅ ਕਾਰਨ ਮੰਦੇ ਦੀਆਂ ਸੰਭਾਵਨਾਵਾਂ ਦਰਮਿਆਨ ਨਿਵੇਸ਼ਕਾਰ ਦੜ ਵੱਟ ਗਿਆ ਹੈ। ਰਾਸ਼ਟਰਪਤੀ ਟਰੰਪ ਨੇ ਵੀ ਮੰਦੇ ਦੀ ਸਭਾਵਨਾ ਤੋਂ ਇਨਕਾਰ ਨਹੀਂ ਕੀਤਾ ਹੈ। ਫੌਕਸ ਨਿਊਜ਼ ਨਾਲ ਗੱਲਬਾਤ ਦੌਰਾਨ ਟਰੰਪ ਨੇ ਮੰਦੇ ਦੀ ਸੰਭਾਵਨਾ ਬਾਰੇ ਕੋਈ ਭਵਿੱਖਬਾਣੀ ਕਰਨ ਤੋਂ ਇਨਕਾਰ ਕਰ ਦਿੱਤਾ। ਉਨਾਂ ਕਿਹਾ ਕਿ " ਮੈ ਇਸ ਤਰਾਂ ਦੀ ਕੋਈ ਭਵਿੱਖਬਾਣੀ ਕਰਨ ਨੂੰ ਪਸੰਦ ਨਹੀਂ ਕਰਦਾ। ਇਹ ਤਬਦੀਲੀ ਦਾ ਦੌਰ ਹੈ ਕਿਉਂਕਿ ਜੋ ਕੁਝ ਅਸੀਂ ਕਰ ਹਾਂ ਉਹ ਬਹੁਤ ਵੱਡੀ ਗੱਲ ਹੈ।" ਆਰਥਕ ਮਹਿਰਾਂ ਅਨੁਸਾਰ ਅਰਥ ਵਿਵਸਥਾ ਲਈ ਅਸਥਿਰਤਾ ਵਾਲੇ ਹਾਲਾਤ ਬਣ ਸਕਦੇ ਹਨ ਕਿਉਂਕਿ ਨਵਾਂ ਟਰੰਪ ਪ੍ਰਸ਼ਾਸਨ ਸਰਕਾਰੀ ਖਰਚਿਆਂ ਵਿਚ ਕਟੌਤੀ ਕਰ ਰਿਹਾ ਹੈ। ਇਹ ਖਰਚੇ ਉਸ ਸਮੇ ਘਟਾਏ ਜਾ ਰਹੇ ਹਨ ਜਦੋਂ ਨਿਵੇਸ਼ਕਾਰ ਮੈਕਸੀਕੋ, ਕੈਨੇਡਾ ਤੇ ਚੀਨ ਸਮੇਤ ਹੋਰ ਦੇਸ਼ਾਂ ਨਾਲ ਅਸਥਿਰ ਵਪਾਰਕ ਨੀਤੀਆਂ ਬਾਰੇ ਚਿੰਤਤ ਹਨ। ਇਨਾਂ ਨੀਤੀਆਂ ਦੇ ਸਿੱਟੇ ਵਜੋਂ ਖਪਤਕਾਰਾਂ ਦੀ ਮੰਗ ਘਟੇਗੀ ਤੇ ਕਾਰਪੋਰੇਟ ਨਿਵੇਸ਼ ਉਪਰ ਬੁਰਾ ਅਸਰ ਪਵੇਗਾ। ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਵੀ ਸੀ ਐਨ ਬੀ ਸੀ ਉਪਰ ਗੱਲਬਾਤ ਦੌਰਾਨ ਇਸ ਕਿਸਮ ਦੀਆਂ ਸੰਭਾਵਨਾਵਾਂ ਹੀ ਪ੍ਰਗਟਾਈਆਂ ਹਨ। ਉਨਾਂ ਕਿਹਾ ਕਿ ਅਰਥਵਿਵਸਥਾ ਲਈ ਇਹ ਸਮਾਂ ਜੋਖਮ ਵਾਲਾ ਹੈ। ਐਸ ਐਂਡ ਪੀ ਗੋਲਬਲ ਮਾਰਕੀਟ ਇੰਟੈਲੀਜੈਂਸ ਵਿਖੇ ਆਰਥਕ ਮਾਹਿਰ ਵਜੋਂ ਕੰਮ ਕਰਦੇ ਐਂਡਰੀਊ ਹਾਰਕਰ ਅਨੁਸਾਰ " ਭਗੋਲਿਕ ਰਾਜਨੀਤੀ ਤੇ ਕੌਮਾਂਤਰੀ ਵਪਾਰ ਬਾਰੇ ਪੈਦਾ ਹੋਏ ਅਸਥਿੱਰਤਾ ਦੇ ਮਾਹੌਲ ਦਰਮਿਆਨ ਵਿਸ਼ਵ ਭਰ ਵਿਚ ਕੰਪਨੀਆਂ 'ਉਡੀਕੋ ਤੇ ਵੇਖੋ' ਵਾਲੀ ਪਹੁੰਚ ਅਪਣਾ ਰਹੀਆਂ ਹਨ। ਫਿਲਹਾਲ ਉਹ ਮੁਲਾਜ਼ਮਾਂ ਨੂੰ ਭਰਤੀ ਕਰਨ ਤੇ ਆਪਣੀਆਂ ਨਿਵੇਸ਼ ਸਬੰਧ ਯੋਜਨਾਵਾਂ ਨੂੰ ਮੁਲਤਵੀ ਕਰ ਰਹੀਆਂ ਹਨ।

# ਪੁਤਿਨ ਨੇ ਅਮਰੀਕਾ ਦੇ ਸੀਜ਼ਫ਼ਾਇਰ ਪ੍ਰਸਤਾਵ ਨੂੰ ਕੀਤੀ ਨਾਹ

## ਕਿਹਾ- ਇਹ ਯੁਕਰੇਨ ਨੂੰ ਹਥਿਆਰ ਇਕੱਤਰ ਕਰਨ ਦਾ ਮੌਕਾ ਦੇਵੇਗਾ

ਮਾਸਕੋ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਮਰੀਕਾ ਵੱਲੋਂ ਯੁਕਰੇਨ ਵਿਚ 30 ਦਿਨਾਂ ਸੀਜ਼ਫ਼ਾਇਰ (ਯੁੱਧ-ਵਿਰਾਮ) ਪ੍ਰਸਤਾਵ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪੁਤਿਨ ਨੇ ਕਿਹਾ ਕਿ ਉਹ ਯੁੱਧ ਦਾ ਅਸਲ ਅਤੇ ਪੱਕਾ ਹੱਲ ਚਾਹੁੰਦੇ ਹਨ, ਨਾ ਕਿ ਇੱਕ ਅਸਥਾਈ ਯੁੱਧ-ਵਿਰਾਮ, ਜੋ ਯੁਕਰੇਨ ਨੂੰ ਮੁੜ ਤਿਆਰੀ ਦਾ ਮੌਕਾ ਦਿਵੇ। ਰੂਸ ਦੇ ਸੀਨੀਅਰ ਅਧਿਕਾਰੀ ਯੂਰੀ ਉਸ਼ਾਕੋਵ ਨੇ ਵੀ ਅਮਰੀਕਾ ਦੇ ਯੁੱਧ-ਵਿਰਾਮ ਪ੍ਰਸਤਾਵ ਨੂੰ ਨਕਾਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਹ ਸਿਰਫ਼ ਯੁਕਰੇਨ ਲਈ ਇੱਕ ਅਸਥਾਈ ਰਾਹਤ ਹੋਵੇਗੀ, ਜੋ ਉਨ੍ਹਾਂ ਨੂੰ ਹੋਰ ਹਥਿਆਰ ਅਤੇ ਸੈਨਿਕ ਇਕੱਤਰ ਕਰਨ ਦੀ ਇਜਾਜ਼ਤ ਦੇਵੇਗੀ।

ਇਹ ਘਟਨਾ ਉਦੋਂ ਵਾਪਰੀ, ਜਦੋਂ ਅਮਰੀਕਾ ਅਤੇ ਰੂਸ ਦੇ ਅਧਿਕਾਰੀ ਮਾਸਕੋ ਵਿੱਚ ਅਸਥਾਈ ਯੁੱਧ-ਵਿਰਾਮ ਸੰਬੰਧੀ ਗੱਲਬਾਤ ਕਰਨ ਲਈ ਮਿਲਣ ਵਾਲੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਸ਼ੇਸ਼ ਪ੍ਰਤਿਨਿਧੀ ਚਾਰਲਸ ਵਿਟਕਾਫ਼ ਇਸ ਗੱਲਬਾਤ ਲਈ ਮਾਸਕੋ ਪਹੁੰਚ ਚੁੱਕੇ ਹਨ।

ਇਸ ਵਿਚਕਾਰ, ਰੂਸ ਦੇ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਫ਼ੌਜ ਨੇ ਕੁਰਸਕ ਇਲਾਕੇ ਦੇ ਸਭ ਤੋਂ ਵੱਡੇ ਸ਼ਹਿਰ ਸੁਦਜ਼ਾ ‘ਤੇ ਕੰਟਰੋਲ ਮੁੜ ਹਾਸਲ ਕਰ ਲਿਆ ਹੈ। ਇਹ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਰਾਸ਼ਟਰਪਤੀ ਪੁਤਿਨ ਨੇ ਮਿਲਟਰੀ ਯੂਨੀਫਾਰਮ ਵਿੱਚ ਕੁਰਸਕ ਦਾ ਦੌਰਾ ਕੀਤਾ ਸੀ ਅਤੇ ਉਨ੍ਹਾਂ ਨੇ ਯੁਕਰੇਨੀ ਫ਼ੌਜ ਨੂੰ ਇਲਾਕਾ ਛੱਡਣ ਦੀ ਚਿਤਾਵਨੀ ਦਿੱਤੀ ਸੀ।

ਪੁਤਿਨ ਨੇ ਇਹ ਦੌਰਾ ਮੰਗਲਵਾਰ ਨੂੰ ਸਾਊਦੀ ਅਰਬ ਵਿੱਚ ਅਮਰੀਕਾ ਅਤੇ ਯੁਕਰੇਨ ਦੇ ਪ੍ਰਤਿਨਿਧੀਆਂ ਦੀ ਮੀਟਿੰਗ ਤੋਂ ਬਾਅਦ ਕੀਤਾ। ਇਸ ਮੀਟਿੰਗ ਵਿੱਚ ਯੁਕਰੇਨ ਨੇ 30 ਦਿਨਾਂ ਲਈ ਯੁੱਧ-ਵਿਰਾਮ ਲਈ ਸਹਿਮਤੀ ਜਤਾਈ। ਅਮਰੀਕਾ ਨੇ ਇਸ ਪ੍ਰਸਤਾਵ ਨੂੰ ਰੂਸ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਰੂਸ ਨੇ ਪਹਿਲਾਂ ਹੀ ਕਿਸੇ ਵੀ ਅਸਥਾਈ ਯੁੱਧ-ਵਿਰਾਮ ਤੋਂ ਇਨਕਾਰ ਕਰ ਦਿੱਤਾ ਸੀ।

ਪੁਤਿਨ ਨੇ ਕਿਹਾ ਕਿ "ਅਸੀਂ ਕਿਸੇ ਅਸਥਾਈ ਯੁੱਧ-ਵਿਰਾਮ ਦੀ ਬਜਾਏ ਪੱਕੀ ਸ਼ਾਂਤੀ ਚਾਹੁੰਦੇ ਹਾਂ। ਯੁਕਰੇਨ ਦੀ ਫ਼ੌਜ ਪਿੱਛੇ ਹੋ ਰਹੀ ਹੈ, ਤੇ ਇਸ ਵਿਰਾਮ ਨਾਲ ਉਹ ਆਪਣੇ ਸੈਨਿਕ ਵਧਾ ਸਕਦੀ ਹੈ ਤੇ ਹੋਰ ਹਥਿਆਰ ਇਕੱਤਰ ਕਰ ਸਕਦੀ ਹੈ।" ਰੂਸ ਨੇ ਪੱਛਮੀ ਦੇਸ਼ਾਂ ਤੋਂ ਇੱਕ ਵਿਅਕਤਿਤ ਸੁਰੱਖਿਆ ਸਮਝੌਤਾ ਦੀ ਮੰਗ ਕੀਤੀ ਹੈ, ਜਿਸ ਵਿੱਚ ਯੁਕਰੇਨ ਨੂੰ NATO ਦਾ ਹਿੱਸਾ ਨਾ ਬਣਾਉਣ ਦੀ ਗਾਰੰਟੀ ਵੀ ਸ਼ਾਮਲ ਹੈ। ਪੁਤਿਨ ਨੇ ਦਸੰਬਰ 2024 ਵਿੱਚ ਵੀ ਕਿਹਾ ਸੀ, "ਸਾਨੂੰ ਸੀਜ਼ਫ਼ਾਇਰ ਦੀ ਨਹੀਂ, ਸ਼ਾਂਤੀ ਦੀ ਲੋੜ ਹੈ।"

ਅਗਸਤ 2024 ਵਿੱਚ ਯੁਕਰੇਨ ਦੀ ਫ਼ੌਜ ਨੇ ਕੁਰਸਕ ਇਲਾਕੇ ਦੇ 74 ਪਿੰਡਾਂ ‘ਤੇ ਅਚਾਨਕ ਹਮਲਾ ਕਰਕੇ ਕਬਜ਼ਾ ਕਰ ਲਿਆ। ਇਸ ਦੌਰਾਨ 2 ਲੱਖ ਰੂਸੀ ਨਾਗਰਿਕ ਆਪਣੇ ਘਰ ਛੱਡਣ ਲਈ ਮਜਬੂਰ ਹੋਏ।

ਯੁਕਰੇਨ ਨੇ 6 ਅਗਸਤ ਨੂੰ ਕੁਰਸਕ ‘ਤੇ ਹਮਲਾ ਕੀਤਾ ਤੇ 13 ਅਗਸਤ ਤੱਕ 1,000 ਵਰਗ ਕਿਲੋਮੀਟਰ ਇਲਾਕਾ ਆਪਣੇ ਹਥ ਵੱਸ ਕਰ ਲਿਆ।

ਬਾਅਦ ਵਿੱਚ ਰੂਸ ਨੇ ਜਵਾਬੀ ਹਮਲਾ ਕਰਕੇ 40% ਇਲਾਕਾ ਮੁੜ ਆਪਣੇ ਕੰਟਰੋਲ ‘ਚ ਲੈ ਲਿਆ ਤੇ ਇਥੇ 59,000 ਫ਼ੌਜੀ ਤੈਨਾਤ ਕਰ ਦਿੱਤੇ।

# ਦੁਨੀਆ 'ਚ ਸਭ ਤੋਂ ਵੱਡਾ ਹਥਿਆਰ ਖਰੀਦਣ ਵਾਲਾ ਦੂਜਾ ਦੇਸ਼ ਬਣਿਆ ਭਾਰਤ



ਨਵੀਂ ਦਿੱਲੀ : ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਦੀ ਨਵੀਂ ਰਿਪੋਰਟ ਮੁਤਾਬਕ, ਭਾਰਤ 2024 ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਹਥਿਆਰ ਆਯਾਤਕ ਿ(ਮਪੋਰਟਰ) ਦੇਸ਼ ਬਣ ਗਿਆ ਹੈ। ਇਹ ਆਕੜੇ 2020-2024 ਦੀ ਮਿਆਦ ਲਈ ਜਾਰੀ ਕੀਤੇ ਗਏ ਹਨ। ਰਿਪੋਰਟ ਮੁਤਾਬਕ, ਭਾਰਤ ਤੋਂ ਵੱਧ ਹਥਿਆਰ ਸਿਰਫ਼ ਯੂਕਰੇਨ ਨੇ ਖਰੀਦੇ ਹਨ, ਜੋ ਕਿ ਰੂਸ ਨਾਲ ਜੰਗ ਕਾਰਨ ਹਥਿਆਰਾਂ ਦੀ ਸਭ ਤੋਂ ਵੱਡੀ ਮੰਗ ਵਾਲਾ ਦੇਸ਼ ਬਣਿਆ ਹੋਇਆ ਹੈ। 2020-2024 ਦੀ ਮਿਆਦ ਦੌਰਾਨ, ਫਰਾਂਸ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਹਥਿਆਰ ਨਿਰਯਾਤਕ (ਏਣਪੋਰਟਏਰ) ਦੇਸ਼ ਬਣ ਗਿਆ ਹੈ। ਇਸ ਦੌਰਾਨ, ਫਰਾਂਸ ਨੇ 65 ਵੱਖ-ਵੱਖ ਦੇਸ਼ਾਂ ਨੂੰ ਹਥਿਆਰ ਸਪਲਾਈ ਕੀਤੇ। ਫਰਾਂਸ ਤੋਂ ਸਭ ਤੋਂ ਵੱਧ ਹਥਿਆਰ ਖਰੀਦਣ ਵਾਲੇ ਦੇਸ਼ਾਂ ਵਿੱਚ ਭਾਰਤ ਪਹਿਲੇ ਸਥਾਨ 'ਤੇ ਹੈ, ਜਿਸ ਨੇ ਫਰਾਂਸ ਦੇ ਕੁੱਲ ਨਿਰਯਾਤ ਦਾ 28% ਹਿੱਸਾ ਖਰੀਦਿਆ।

ਫਰਾਂਸੀਸੀ ਹਥਿਆਰਾਂ ਦੇ ਸਭ ਤੋਂ ਵੱਡੇ ਗਾਹਕ: ਭਾਰਤ: 28%, ਕਤਰ: 9.7%, ਮਿਸਰ: 7.6% ਹਨ।

ਫਰਾਂਸੀਸੀ ਹਥਿਆਰਾਂ ਵਿੱਚ, ਧਓਸਸਓਲਟ ੍ਰਓਡਓਲਏ ਲੜਾਕੂ ਜਹਾਜ਼ ਸਭ ਤੋਂ ਵੱਧ ਨਿਰਯਾਤ ਕੀਤੇ ਜਾਣ ਵਾਲੇ ਹਥਿਆਰਾਂ ਵਿੱਚੋਂ ਇੱਕ ਹੈ। ਭਾਰਤ ਨੇ ਫਰਾਂਸ ਤੋਂ 36 ਰਾਫੇਲ ਜਹਾਜ਼ ਖਰੀਦੇ ਹਨ, ਜਿਸ ਕਾਰਨ ਇਹ ਦੋਵੇਂ ਦੇਸ਼ਾਂ ਦੇ ਰੱਖਿਆ ਸੰਬੰਧਾਂ ਵਿੱਚ ਹੋਰ ਮਜ਼ਬੂਤੀ ਆਈ ਹੈ।

SIPRI ਰਿਪੋਰਟ ਮੁਤਾਬਕ, 2020-2024 ਦੌਰਾਨ ਰੂਸ ਦੇ ਹਥਿਆਰ ਨਿਰਯਾਤ 'ਚ 64% ਦੀ ਗਿਰਾਵਟ ਦਰਜ ਕੀਤੀ ਗਈ। ਭਾਰਤ ਹਾਲਾਂਕਿ ਅਜੇ ਵੀ ਰੂਸ ਦਾ ਸਭ ਤੋਂ ਵੱਡਾ ਹਥਿਆਰ ਖਰੀਦਦਾਰ ਬਣਿਆ ਹੋਇਆ ਹੈ, ਪਰ ਉਸ ਦੀ ਰੂਸੀ ਹਥਿਆਰਾਂ 'ਤੇ ਨਿਰਭਰਤਾ ਪਿਛਲੇ 5 ਸਾਲਾਂ ਵਿੱਚ 64% ਘੱਟ ਗਈ ਹੈ।

ਭਾਰਤ ਦੁਆਰਾ ਰੂਸ ਤੋਂ ਖਰੀਦੇ ਗਏ ਕੁਝ ਮਹੱਤਵਪੂਰਨ ਹਥਿਆਰ: S-400 ਟਰਾਈਅੰਫ਼ ਏਅਰ ਡਿਫੈਂਸ ਮਿਸਾਈਲ ਸਿਸਟਮ, T-90 ਭਾਰੀ ਟੈਂਕ, Su-30MKI ਲੜਾਕੂ ਜਹਾਜ਼, iMG-29 ਜਹਾਜ਼ ਅਤੇ Ka-226T ਹੈਲੀਕਾਪਟਰ

ਭਾਰਤ ਹੁਣ ਹਥਿਆਰ ਆਯਾਤ ਲਈ ਫਰਾਂਸ, ਅਮਰੀਕਾ, ਅਤੇ ਇਜ਼ਰਾਈਲ ਵਰਗੇ ਪੱਛਮੀ ਦੇਸ਼ਾਂ ਦੀ ਵੱਲ ਵਧ ਰਿਹਾ ਹੈ। ਇਸ ਦੌਰਾਨ, ਭਾਰਤ ਨੇ ਇਨ੍ਹਾਂ ਦੇਸ਼ਾਂ ਤੋਂ ਕਈ ਆਧੁਨਿਕ ਹਥਿਆਰ ਖਰੀਦੇ ਹਨ, ਜਿਸ ਕਾਰਨ ਭਾਰਤ ਦੀ ਰੂਸ 'ਤੇ ਨਿਰਭਰਤਾ ਘੱਟ ਰਹੀ ਹੈ।

ਅਮਰੀਕਾ ਤੋਂ ਖਰੀਦੇ ਗਏ ਹਥਿਆਰ: P-8I ਮੈਰੀਟਾਈਮ ਪੈਟਰੋਲ ਏਅਰਕ੍ਰਾਫਟ, MH-60R ਮਲਟੀ-ਮਿਸ਼ਨ ਹੈਲੀਕਾਪਟਰ, Apache ਅਤੇ Cihnook ਹੈਲੀਕਾਪਟਰ ਆਦਿ।

ਇਜ਼ਰਾਈਲ ਤੋਂ ਖਰੀਦੇ ਗਏ ਹਥਿਆਰ: SPYDER ਏਅਰ ਡਿਫੈਂਸ ਸਿਸਟਮ, Heron ਅਤੇ Harop ਡਰੋਨ, Barak-8 ਮਿਸਾਈਲ ਸਿਸਟਮ

ਭਾਰਤ 'ਆਤਮਨਿਰਭਰ ਭਾਰਤ' ਮਿਸ਼ਨ ਤਹਿਤ ਰੱਖਿਆ ਖੇਤਰ ਵਿੱਚ ਆਪਣੇ ਹੀ ਹਥਿਆਰ ਬਣਾਉਣ 'ਤੇ ਵੀ ਜ਼ੋਰ ਦੇ ਰਿਹਾ ਹੈ। ਸਰਕਾਰ ਨੇ 2022-23 ਵਿੱਚ ਰੱਖਿਆ ਉਤਪਾਦਨ ਵਿੱਚ 1.5 ਲੱਖ ਕਰੋੜ ਰੁਪਏ (18.3 ਬਿਲੀਅਨ ਡਾਲਰ) ਦੀ ਰਿਕਾਰਡ ਵਾਧੂ ਦਰਜ ਕੀਤੀ।

ਭਾਰਤ ਨੇ Tejas ਲੜਾਕੂ ਜਹਾਜ਼, ਅਰਜੁਨ ਟੈਂਕ, ਅਗਨੀਅਤੇ BrahMos ਮਿਸਾਈਲਾਂ ਵਰਗੇ ਹਥਿਆਰ ਵਿਕਸਤ ਕੀਤੇ ਹਨ। ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਭਾਰਤ ਆਪਣੀ ਹਥਿਆਰ ਨਿਰਭਰਤਾ ਨੂੰ ਹੋਰ ਘੱਟ ਕਰੇਗਾ ਅਤੇ ਨਿਰਯਾਤ ਵੀ ਵਧਾਏਗਾ।

SIPRI ਦੀ ਰਿਪੋਰਟ ਮੁਤਾਬਕ, ਭਾਰਤ 2024 ਵਿੱਚ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਹਥਿਆਰ ਆਯਾਤਕ ਬਣ ਗਿਆ ਹੈ। ਭਾਰਤ ਦੀ ਰੂਸੀ ਹਥਿਆਰਾਂ 'ਤੇ ਨਿਰਭਰਤਾ ਘੱਟ ਰਹੀ ਹੈ, ਜਦ ਕਿ ਫਰਾਂਸ, ਅਮਰੀਕਾ ਅਤੇ ਇਜ਼ਰਾਈਲ ਨਾਲ ਸੰਬੰਧ ਮਜ਼ਬੂਤ ਹੋ ਰਹੇ ਹਨ। ਭਵਿੱਖ ਵਿੱਚ, ਭਾਰਤ ਆਪਣੀ ਆਤਮਨਿਰਭਰ ਰੱਖਿਆ ਨੀਤੀ ਨਾਲ ਹੁਣੇ ਤੱਕ ਦੀ ਵੱਡੀ ਪ੍ਰਗਤੀ ਕਰਨ ਦੀ ਯੋਜਨਾ ਬਣਾ ਰਿਹਾ ਹੈ।

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES

Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਮਰਦ ਔਰਤ ਬਰਾਬਰੀ ਅਤੇ ਸਮਾਜਿਕ ਮਾਨਸਿਕਤਾ



ਲੇਖਕ : ਕੰਵਲਜੀਤ ਕੌਰ ਗਿੱਲ
ਸੰਪਰਕ: 98551-22857

ਐਤਕੀਂ ਕੌਮਾਂਤਰੀ ਮਹਿਲਾ ਦਿਵਸ ਦਾ ਮੁੱਖ ਮੁੱਦਾ ਇਹ ਹੈ ਕਿ ਮਰਦ ਔਰਤ ਸਮਾਨਤਾ ਅਤੇ ਔਰਤ ਪੱਖੀ ਨੀਤੀਆਂ ਜਾਂ ਪ੍ਰੋਗਰਾਮ ਤੇ ਕਾਨੂੰਨ, ਜੋ ਪਹਿਲਾਂ ਹੀ ਮੌਜੂਦ ਹਨ, ਉਨ੍ਹਾਂ ਦੇ ਸਾਰਥਕ ਨਤੀਜੇ ਪ੍ਰਾਪਤ ਕਰਨ ਵਾਸਤੇ ਠੋਸ ਕਦਮ ਚੁੱਕੇ ਜਾਣ। ਇਨ੍ਹਾਂ ਪ੍ਰੋਗਰਾਮਾਂ ਅਤੇ ਕਾਨੂੰਨਾਂ ਦੀ ਤਾਜ਼ਾ ਸਥਿਤੀ ਦੀ ਸਮੀਖਿਆ ਦੌਰਾਨ ਸਾਹਮਣੇ ਆਈਆਂ ਖਾਮੀਆਂ ਤੁਰੰਤ ਕਾਰਵਾਈ ਕਰ ਕੇ ਸੁਧਾਰੀਆਂ ਜਾਣ। ਚੀਨ ਦੇ ਪੇਈਚਿੰਗ ਸ਼ਹਿਰ ਵਿੱਚ ਚੌਥੀ ਕੌਮਾਂਤਰੀ ਮਹਿਲਾ ਕਾਨਫਰੰਸ 1995 ਵਿੱਚ ਹੋਈ ਸੀ ਜਿਸ ਵਿੱਚ 17 ਹਜ਼ਾਰ ਤੋਂ ਵਧੇਰੇ ਔਰਤਾਂ ਸ਼ਾਮਿਲ ਹੋਈਆਂ ਸਨ। ਇਸ ਕਾਨਫਰੰਸ ਵਿੱਚ ਕਾਰਵਾਈ ਯੋਜਨਾ ਬਣਾਈ ਗਈ ਜਿਸ ਦਾ ਮੁੱਖ ਮਕਸਦ ਔਰਤ ਵਿਰੁੱਧ ਹੋ ਰਹੇ ਹਰ ਪ੍ਰਕਾਰ ਦੇ ਪੱਖਪਾਤ ਅਤੇ ਹਿੰਸਾ ਨੂੰ ਖਤਮ ਕਰਨਾ ਸੀ। ਸਮੇਂ ਅਨੁਸਾਰ ਆ ਰਹੀਆਂ ਤਬਦੀਲੀਆਂ ਦੀ ਪੜਚੋਲ ਕਰਨ ਵਾਸਤੇ ਹਰ ਪੰਜ ਸਾਲ ਬਾਅਦ ਮੁੜ ਸੰਮੇਲਨ ਕਰਨ ਦਾ ਵਿਚਾਰ ਵੀ ਦਿੱਤਾ ਗਿਆ ਸੀ। ਫਿਰ 2000 ਵਿੱਚ ਯੂਐੱਨ ਕਾਂਗਰਸ ਦੀ ਜਨਰਲ ਅਸੈਂਬਲੀ ਨੇ 21ਵੀਂ ਸਦੀ ਦੀ ਔਰਤ ਲਈ, ਬਰਾਬਰੀ, ਵਿਕਾਸ ਅਤੇ ਸ਼ਾਂਤੀ ਦੇ ਵਿਸ਼ੇ ਉੱਪਰ ਵਿਚਾਰ ਕਰਨ ਦਾ ਸੱਦਾ ਦਿੱਤਾ। ਅਸਲ ਵਿੱਚ ਮਰਦ ਔਰਤ ਵਿਚਾਲੇ ਨਾ-ਬਰਾਬਰੀ ਸਦੀਆਂ ਪੁਰਾਣਾ ਸਮਾਜਿਕ ਵਰਤਾਰਾ ਰਿਹਾ ਹੈ। ਇਸੇ ਲਈ 20ਵੀਂ ਸਦੀ ਦੇ ਸ਼ੁਰੂ ਵਿੱਚ ਹੀ ਪੱਛਮੀ ਦੇਸ਼ਾਂ ਦੀਆਂ ਔਰਤਾਂ ਨੇ ਲਾਮਬੰਦ ਹੋ ਕੇ ਆਪਣੇ ਹੱਕਾਂ ਅਤੇ ਬਰਾਬਰੀ ਵਾਸਤੇ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਜਰਮਨ ਦੀ ਸੋਸ਼ਲਿਸਟ ਡੈਮੋਕਰੇਟਿਕ ਪਾਰਟੀ ਦੀ ਲੀਡਰ ਕਲਾਰਾ ਜ਼ੈਟਕਿਨ ਨੇ 1910 ਵਿੱਚ ਕੋਪਨਹੈਗਨ ਵਿੱਚ ਕੰਮਕਾਜੀ ਔਰਤਾਂ ਦੇ ਸੰਗਠਨ ਨੂੰ ਸੰਬੋਧਨ ਕਰਦਿਆਂ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੀ ਮੰਗ ਕੀਤੀ ਅਤੇ ਕੌਮਾਂਤਰੀ ਪੱਧਰ 'ਤੇ ਔਰਤ ਦਿਵਸ ਦਾ ਵਿਚਾਰ ਦਿੱਤਾ। ਸੰਯੁਕਤ ਰਾਸ਼ਟਰ ਦੁਆਰਾ 1975 ਵਿੱਚ ਇਸ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ।

ਮੈਕਸਿਕੋ ਵਿੱਚ ਪਹਿਲਾ ਕੌਮਾਂਤਰੀ ਮਹਿਲਾ ਦਿਵਸ ਕੀਤਾ ਗਿਆ। ਦੂਜੀ ਕਾਨਫਰੰਸ 1980 ਵਿੱਚ ਕੋਪਨਹੈਗਨ ਅਤੇ ਤੀਜੀ 1985 ਵਿੱਚ ਨੈਰੋਬੀ ਵਿੱਚ ਹੋਈ। ਭਾਰਤ ਵਿੱਚ 1975-85 ਤੱਕ ਦਾ ਦਹਾਕਾ ਔਰਤਾਂ ਨੂੰ ਸਮਰਪਿਤ ਕੀਤਾ ਗਿਆ ਸੀ। 2005 ਤੱਕ ਮਰਦ ਔਰਤ ਬਰਾਬਰੀ ਨਾਲ ਔਰਤ ਦੇ ਸੁਰੱਖਿਅਤ ਭਵਿੱਖ ਦਾ ਮੁੱਦਾ ਵੀ ਜੋੜਿਆ ਗਿਆ। 2010 ਦੌਰਾਨ ਸਮੂਹਿਕ ਵਿਕਾਸ ਵਾਸਤੇ 'ਬਰਾਬਰ ਹੱਕ, ਬਰਾਬਰ ਮੌਕੇ ਦੀ ਪ੍ਰਾਪਤੀ 'ਤੇ ਜ਼ੋਰ ਦਿੱਤਾ ਗਿਆ। 2015 ਦੌਰਾਨ ਭਾਰਤ ਸਮੇਤ ਔਰਤ ਸ਼ਕਤੀਕਰਨ ਦੇ ਪ੍ਰੋਗਰਾਮ ਸ਼ੁਰੂ ਹੋ ਗਏ ਸਨ। ਪਿਛਲੇ 25 ਸਾਲਾਂ ਦਾ ਲੇਖਾ-ਜੋਖਾ ਕਰਨ ਲਈ 2020 ਦੌਰਾਨ ਵੱਖ-ਵੱਖ ਸੰਸਥਾਵਾਂ ਨੇ ਕਾਲਜਾਂ, ਯੂਨੀਵਰਸਿਟੀਆਂ ਵਿੱਚ ਸੈਮੀਨਾਰ ਤੇ ਸੰਮੇਲਨ ਕਰਵਾਏ। ਇਸੇ ਦੌਰਾਨ ਔਰਤਾਂ ਦੇ ਮੁੱਢਲੇ ਅਧਿਕਾਰਾਂ ਦੀ ਪ੍ਰਾਪਤੀ ਨੂੰ ਤਰਜੀਹ ਦੇਣ ਵਾਸਤੇ ਮਰਦ ਔਰਤ ਬਰਾਬਰੀ ਦੇ ਨਾਲ-ਨਾਲ 'ਪੀੜ੍ਹੀ-ਦਰ-ਪੀੜ੍ਹੀ ਦੀ ਬਰਾਬਰੀ' ਵੱਲ ਵੀ ਤਵੱਜੋ ਦਿੱਤੀ ਗਈ ਜਿਸ ਵਿੱਚ ਔਰਤਾਂ ਦੀ ਪੁਰਾਤਨ ਭੂਮਿਕਾ ਨੂੰ ਚੁਣੌਤੀ ਦਿੱਤੀ ਗਈ। ਇਹ ਭੂਮਿਕਾ ਪੁਸ਼ਤ-ਦਰ-ਪੁਸ਼ਤ ਮਾਂ, ਭੈਣ, ਪਤਨੀ ਆਦਿ ਦੇ ਰੋਲ ਵਿੱਚ ਸਮਾਜਿਕ ਬੰਦਿਸ਼ਾਂ ਅਤੇ ਵਰਤਾਰਿਆਂ ਅਧੀਨ ਉਹ ਹੁਣ ਤੱਕ ਨਿਭਾਅ ਰਹੀ ਹੈ।

ਕੌਮਾਂਤਰੀ ਮਹਿਲਾ ਦਿਵਸ ਮਨਾਉਂਦਿਆਂ 30 ਸਾਲ ਹੋ ਗਏ ਹਨ। ਇਸ ਅਰਸੇ ਦੌਰਾਨ ਔਰਤ ਦੀ ਦਸ਼ਾ ਵਿੱਚ ਕੀ ਤਬਦੀਲੀ ਆਈ ਅਤੇ ਇਸ ਦੀ ਦਸ਼ਾ ਕਿੱਧਰ ਹੈ? ਅਸੀਂ 2024 ਦੇ ਸੰਕਲਪ 'ਜ਼ਿੰਦਗੀ ਨਾਲ ਸਬੰਧਿਤ ਸਾਰੇ ਮਸਲਿਆਂ ਵਿੱਚ ਔਰਤ ਦੀ ਸ਼ਮੂਲੀਅਤ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਨ' ਵਿੱਚ ਕਿੰਨੇ ਕੁ ਸਮਰੱਥ ਹੋਏ ਹਾਂ? ਔਰਤ ਆਰਥਿਕ ਪੱਖੋਂ ਕਿੰਨੀ ਕੁ ਮਜ਼ਬੂਤ ਹੋਈ ਹੈ? ਰੁਜ਼ਗਾਰ ਵਿੱਚ ਸ਼ਮੂਲੀਅਤ ਅਤੇ ਤਨਖਾਹ ਬਰਾਬਰੀ ਦੀ ਕੀ ਸਥਿਤੀ ਹੈ? ਔਰਤ ਦੀ ਰਾਜਨੀਤਕ ਨੁਮਾਇੰਦਗੀ ਦੇ ਕੀ ਹਾਲਾਤ ਹਨ? ਉਹ ਫੈਸਲੇ ਕਰਨ ਵਿੱਚ ਕਿੰਨੀ ਕੁ ਸਮਰੱਥ ਹੋਈ ਹੈ? ਔਰਤ ਦੀ ਸਿਹਤ ਤੇ ਸਿੱਖਿਆ ਦੇ ਹਾਲਾਤ ਵਿੱਚ ਕਿੰਨੀ ਤੇ ਕਿਹੜੀ ਤਬਦੀਲੀ ਆਈ ਹੈ? ਕੀ ਔਰਤ ਵਿਰੁੱਧ ਹਿੰਸਾ, ਜੁਰਮਾਂ, ਜ਼ੁਲਮਾਂ ਵਿੱਚ ਕੋਈ ਕਮੀ ਆਈ ਹੈ?

ਵਿਸ਼ਵ ਪੱਧਰ 'ਤੇ ਔਰਤ ਮਰਦ ਦੀਆਂ ਪ੍ਰਾਪਤ ਸਹੂਲਤਾਂ ਤੇ ਸਰੋਤਾਂ ਵਿਚਾਲੇ ਪਾੜੇ ਅਤੇ ਨਾ-ਬਰਾਬਰੀ ਦੀ ਜਾਣਕਾਰੀ ਬਾਰੇ ਗਲੋਬਲ ਜੈਂਡਰ ਗੈਪ ਰਿਪੋਰਟ, 2006 ਤੋਂ ਹਰ ਸਾਲ ਤਿਆਰ ਕੀਤੀ ਜਾਂਦੀ ਹੈ। 2024 ਵਾਲੀ ਰਿਪੋਰਟ ਅਨੁਸਾਰ, ਭਾਰਤ 146 ਦੇਸ਼ਾਂ ਵਿੱਚੋਂ 129ਵੇਂ ਸਥਾਨ 'ਤੇ ਹੈ; 2023 ਵਿੱਚ ਇਹ ਸਥਾਨ 127ਵਾਂ ਸੀ। ਦੱਖਣ-ਪੂਰਬੀ ਏਸ਼ਿਆਈ ਦੇਸ਼ਾਂ ਦੇ ਸਮੂਹ ਜਾਂ ਗੁਆਂਢੀ ਦੇਸ਼ਾਂ ਦੇ ਮਾਮਲੇ ਵਿੱਚ ਦੇਖਿਆ ਜਾਵੇ ਤਾਂ ਪਾਕਿਸਤਾਨ ਹੀ ਸਾਥੋਂ ਹੇਠਲੇ, 145ਵੇਂ ਸਥਾਨ 'ਤੇ ਹੈ; ਬੰਗਲਾਦੇਸ਼ 99 ਅਤੇ ਨੇਪਾਲ 117 ਰੈਂਕ 'ਤੇ ਹੈ। ਸ੍ਰੀ ਲੰਕਾ ਦਾ ਰੈਂਕ 122ਵਾਂ ਅਤੇ ਭੂਟਾਨ ਦਾ 124ਵਾਂ ਹੈ।

ਇਸ ਪਾੜੇ ਦੇ ਮਿਸ਼ਰਤ ਸੂਚਕ ਅੰਕ (Compoiste Index) ਨੂੰ ਵਧੇਰੇ ਡੂੰਘਾਈ ਨਾਲ ਸਮਝਣ ਵਾਸਤੇ ਚਾਰ ਸਬ-ਸੂਚਕ ਅੰਕ (Sub Index) ਵੀ ਲਏ ਜਾਂਦੇ ਹਨ: (1) ਆਰਥਿਕ ਸ਼ਮੂਲੀਅਤ (2) ਸਿੱਖਿਆ ਪ੍ਰਾਪਤੀ (3) ਸਿਹਤ ਤੇ ਜਿਊਂਦੇ ਰਹਿਣ ਦੀ ਸੰਭਾਵਨਾ ਅਤੇ (4) ਰਾਜਨੀਤਕ ਨੁਮਾਇੰਦਗੀ। ਇਨ੍ਹਾਂ ਨੁਕਤਿਆਂ ਵਿੱਚੋਂ ਸਿੱਖਿਆ ਤੇ ਸਿਹਤ ਸਭ ਤੋਂ ਅਹਿਮ ਹਨ। ਸੁਖਾਵੇਂ ਅਤੇ ਸੁਰੱਖਿਅਤ ਮਾਹੌਲ ਵਿੱਚ ਆਰਥਿਕ ਸ਼ਮੂਲੀਅਤ ਉਤਸ਼ਾਹਤ ਹੁੰਦੀ ਹੈ। ਔਰਤ ਦੀ ਫੈਸਲੇ ਕਰਨ ਦੀ ਸਮਰੱਥਾ ਵਧਦੀ ਹੈ। ਸ੍ਰੀਲੰਕਾ ਭਾਵੇਂ ਸਿੱਖਿਆ ਤੇ ਸਿਹਤ ਪੱਖੋਂ ਦੱਖਣ-ਪੂਰਬੀ ਏਸ਼ੀਆ ਦਾ ਸਭ ਤੋਂ ਵਧੀਆ ਦੇਸ਼ ਰਿਹਾ ਹੈ ਪਰ ਉਥੋਂ ਦੀ ਰਾਜਨੀਤਕ ਅਸਥਿਰਤਾ ਅਤੇ ਪਿਛਲੇ ਕੁਝ ਅਰਸੇ ਤੋਂ ਚਲ ਰਹੇ ਹਿੰਸਕ ਸਮਾਜਿਕ ਮਾਹੌਲ ਨੇ ਔਰਤਾਂ ਦੀ ਆਰਥਿਕ ਅਤੇ ਰੁਜ਼ਗਾਰ ਵਿੱਚ ਸ਼ਮੂਲੀਅਤ ਨੂੰ ਖੋਰਾ ਲਾਇਆ ਹੈ। 'ਵਿਸ਼ਵ ਗੁਰੂ' ਅਤੇ 'ਤੀਜੀ ਸਭ ਤੋਂ ਵੱਡੀ ਆਰਥਿਕਤਾ ਵਾਲਾ ਦੇਸ਼' ਬਣਨ ਦੇ ਸੁਫਨੇ ਲੈਣ ਵਾਲੇ ਭਾਰਤ ਦੀ ਗਿਣਤੀ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾਉਣ ਵਾਲੇ ਹੇਠਲੇ 20 ਮੁਲਕਾਂ ਵਿੱਚ ਹੁੰਦੀ ਹੈ।

ਆਰਥਿਕ ਖੁਸ਼ਹਾਲੀ ਪੱਖੋਂ ਭਾਰਤ 146 ਦੇਸ਼ਾਂ ਵਿਚੋਂ 142ਵੇਂ ਸਥਾਨ 'ਤੇ ਹੈ ਜਿੱਥੇ ਕੁੱਲ ਕਾਮਿਆਂ ਵਿੱਚੋਂ 35.9% ਔਰਤਾਂ ਅਤੇ 76.41% ਮਰਦ ਹਨ। ਰੁਜ਼ਗਾਰ ਦੇ ਖੇਤਰ ਵਿੱਚ ਕਾਰਪੋਰੇਟ ਸੈਕਟਰ ਅਤੇ ਸਮੁੱਚੇ ਨਿਜੀ ਕਰਨ ਵੱਲ ਹੋ ਰਹੇ ਵਰਤਾਰੇ ਕਾਰਨ ਰੁਜ਼ਗਾਰ ਦੇ ਮੌਕੇ ਪਹਿਲਾਂ ਨਾਲੋਂ ਕਾਫ਼ੀ ਤਾਇਦਾਦ ਵਿੱਚ ਘਟੇ ਹਨ। ਬਰਾਬਰ ਕੰਮ ਬਦਲੇ ਬਰਾਬਰ ਤਨਖਾਹ ਕੇਵਲ ਸਰਕਾਰੀ ਅਦਾਰਿਆਂ ਵਿੱਚ ਹੀ ਸੰਭਵ ਹੈ। ਵਿਧਾਇਕ, ਸੀਨੀਅਰ ਅਫਸਰ, ਮੈਨੇਜਰ ਅਤੇ ਹੋਰ ਉੱਚ ਅਹੁਦਿਆਂ ਉੱਪਰ ਕੇਵਲ 13% ਔਰਤਾਂ ਹਨ, 87% ਉੱਚ ਅਹੁਦੇ ਮਰਦਾਂ ਕੋਲ ਹਨ। ਇਵੇਂ ਹੀ ਪ੍ਰੋਫੈਸ਼ਨਲ ਅਤੇ ਤਕਨੀਕੀ ਵਰਕਰਾਂ ਦੇ ਤੌਰ 'ਤੇ 33% ਔਰਤਾਂ ਹਨ। ਰਾਜਨੀਤਕ ਸਥਿਤੀ ਦੱਸਦੀ ਹੈ ਕਿ ਪਾਰਲੀਮੈਂਟ ਵਿੱਚ ਔਰਤਾਂ ਦੀ ਨੁਮਾਇੰਦਗੀ ਕੇਵਲ 15% ਦੇ ਲਗਭਗ ਹੈ; ਮੰਤਰੀ ਕੇਵਲ 6.45% ਔਰਤਾਂ ਹਨ। 33% ਦਾ ਰਾਖਵਾਂਕਰਨ ਕੇਵਲ ਲੋਕਲ ਬਾਡੀਜ਼, ਨਗਰ ਪਾਲਿਕਾ ਜਾਂ ਪੰਚਾਇਤਾਂ ਤੱਕ ਹੀ ਸੀਮਤ ਹੈ ਜਿੱਥੇ ਉਹ ਆਪਣੇ ਰਾਖਵੇਂਕਰਨ ਕਾਰਨ ਪੰਚ ਜਾਂ ਸਰਪੰਚ ਬਣ ਰਹੀਆਂ ਹਨ।

ਸਤੰਬਰ 2023 ਵਿੱਚ ਦੋਹਾਂ ਸਦਨਾਂ ਵਿੱਚੋਂ ਪਾਸ ਕਰਵਾਏ ਮਹਿਲਾ ਰਾਖਵਾਂਕਰਨ ਬਿੱਲ ਨੂੰ ਜੇ ਮਰਦਮਸ਼ੁਮਾਰੀ ਕਰਾਉਣ ਤੱਕ ਅਤੇ ਮੁੜ ਹਲਕਾਬੰਦੀ ਤੋਂ ਬਾਅਦ ਹੀ ਲਾਗੂ ਕਰਨਾ ਹੈ ਤਾਂ ਉਸ ਦੇ ਪਾਸ ਕਰਵਾਏ ਜਾਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਨੋਟ ਕਰਨ ਵਾਲੀ ਗੱਲ ਹੈ ਕਿ ਇਹ ਮਰਦਮਸ਼ੁਮਾਰੀ 2021 ਵਿੱਚ ਹੋਣੀ ਸੀ ਜਿਸ ਬਾਰੇ ਅਜੇ ਤੱਕ ਕੁਝ ਵੀ ਸਪੱਸ਼ਟ ਨਹੀਂ। ਸਿਹਤ ਅਤੇ ਜਿਊਣ ਸਮਰੱਥਾ ਦੀ ਗੱਲ ਕਰੀਏ ਤਾਂ ਐੱਨਐੱਫਐੱਚਐੱਸ ਦੀ ਰਿਪੋਰਟ (2019-22) ਦੱਸਦੀ ਹੈ ਕਿ 57% ਔਰਤਾਂ ਅਤੇ 47% ਮਰਦ ਅਜੇ ਵੀ ਖ਼ੂਨ ਦੀ ਕਮੀ ਦਾ ਸ਼ਿਕਾਰ ਹਨ। ਕੈਂਸਰ ਵਰਗੀਆਂ ਮਾਰੂ ਬਿਮਾਰੀਆਂ ਦੂਸ਼ਿਤ ਵਾਤਾਵਰਨ ਅਤੇ ਗੰਧਲੇ ਪਾਣੀ ਕਾਰਨ ਵਧ ਰਹੀਆਂ ਹਨ। ਸਿੱਖਿਆ ਪ੍ਰਾਪਤੀ ਦਾ ਮਰਦ ਔਰਤ ਵਿਚਲਾ ਪਾੜਾ ਅਜੇ ਵੀ 16-17% ਮੌਜੂਦ ਹੈ। ਮਹਿੰਗੇ ਤਕਨੀਕੀ ਕੋਰਸਾਂ ਅਤੇ ਉੱਚ ਪੱਧਰ ਦੀ ਸਿੱਖਿਆ ਦਾ ਮੁੱਖ ਰੂਪ ਵਿੱਚ ਨਿੱਜੀਕਰਨ ਹੋਣ ਕਾਰਨ ਬਹੁਤੇ ਮਾਪੇ ਕੁੜੀਆਂ ਨੂੰ ਇਨ੍ਹਾਂ ਕੋਰਸਾਂ ਵਿੱਚ ਭੇਜਣ ਦੇ ਸਮਰੱਥ ਨਹੀਂ। ਇਸ ਵਰਤਾਰੇ ਪਿਛੇ ਰੂੜੀਵਾਦੀ ਸੋਚ ਭਾਰੂ ਹੈ ਕਿ ਇਹ ਤਾਂ ਗੁਆਂਢੀ ਦੇ ਬਗੀਚੇ ਨੂੰ ਪਾਣੀ ਦੇਣ ਬਰਾਬਰ ਹੈ। ਧੀਆਂ ਨੂੰ ਅਜੇ ਵੀ ਪਰਾਇਆ ਧਨ ਸਮਝਿਆ ਜਾਂਦਾ ਹੈ।

ਦੇਸ਼ ਬੇਰੁਜ਼ਗਾਰੀ, ਭੁੱਖਮਰੀ ਅਤੇ ਗਰੀਬੀ ਨਾਲ ਜੂਝ ਰਿਹਾ ਹੈ। 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਦੀ ਵੰਡ ਇਸ ਦੀ ਮੂੰਹ ਬੋਲਦੀ ਤਸਵੀਰ ਹੈ; ਇਸ ਦਾ ਸਿੱਧਾ ਅਸਰ ਔਰਤਾਂ ਉੱਪਰ ਪੈਂਦਾ ਹੈ। ਸੱਤਾਧਾਰੀਆਂ ਦਾ ਦਾਅਵਾ ਹੈ ਕਿ ਪਿਛਲੇ 10 ਸਾਲਾਂ ਦੌਰਾਨ 'ਸਭ ਕਾ ਸਾਥ ਸਭ ਕਾ ਵਿਕਾਸ' ਤਹਿਤ ਸਾਰੇ ਨਾਗਰਿਕਾਂ ਨੂੰ ਲਾਭ ਹੋਇਆ ਹੈ; ਇਸ ਵਿਕਾਸ ਨੂੰ ਸ਼ਮੂਲੀਅਤ ਵਾਲਾ ਅਤੇ ਔਰਤ ਪੱਖੀ, ਔਰਤਾਂ ਦੀ ਅਗਵਾਈ ਵਾਲਾ ਗਰਦਾਨਿਆ ਜਾ ਰਿਹਾ ਹੈ ਪਰ ਨੈਸ਼ਨਲ ਕ੍ਰਾਈਮ ਬਰਾਂਚ ਦੀ ਰਿਪੋਰਟ (2022 ਤੇ 2023) ਅਨੁਸਾਰ, ਭਾਰਤ ਵਿਚ ਰੋਜ਼ਾਨਾ 86 ਦੇ ਲਗਭਗ ਔਰਤਾਂ ਵਿਰੁੱਧ ਹਿੰਸਕ ਅਪਰਾਧ ਹੁੰਦੇ ਹਨ; ਔਸਤਨ 51 ਤੋਂ ਵਧੇਰੇ ਐੱਫਆਈਆਰ ਦਰਜ ਹੁੰਦੀਆਂ ਹਨ; ਪਿਛਲੇ ਸਾਲ ਨਾਲੋਂ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿਚ 4% ਵਾਧਾ ਹੋਇਆ ਹੈ। ਸਾਡਾ ਸਮਾਜ ਘਰੇਲੂ ਹਿੰਸਾ, ਕੰਮਕਾਜੀ ਥਾਵਾਂ ਉੱਪਰ ਔਰਤਾਂ ਵਿਰੁੱਧ ਹੋ ਰਹੀਆਂ ਹਿੰਸਕ ਵਾਰਦਾਤਾਂ, ਮਾਦਾ ਭਰੂਣ ਹੱਤਿਆ ਤੇ ਧੀਆਂ ਦੀ ਲਗਾਤਾਰ ਘਟ ਰਹੀ ਗਿਣਤੀ (ਖਾਸ ਤੌਰ 'ਤੇ ਹਰਿਆਣਾ ਤੇ ਪੰਜਾਬ ਵਿੱਚ) ਨਾਲ ਜੂਝ ਰਿਹਾ ਹੈ। ਸੁਰੱਖਿਅਤ ਮਾਹੌਲ ਦੀ ਅਣਹੋਂਦ ਕਾਰਨ ਬਹੁਤੇ ਮਾਪੇ ਛੋਟੀ ਉਮਰ ਵਿੱਚ ਹੀ ਧੀਆਂ ਦਾ ਵਿਆਹ ਕਰਨ ਲਈ ਮਜਬੂਰ ਹਨ। ਇਸ ਦੇ ਨਾਲ ਹੀ ਸਮਾਜ ਦਾਜ ਦੀ ਸਮੱਸਿਆ ਤੋਂ ਵੀ ਪ੍ਰੇਸ਼ਾਨ ਹੈ। ਦੂਜੇ ਪਾਸੇ ਹਿੰਸਕ ਵਾਰਦਾਤਾਂ ਕਰਨ ਵਾਲੇ, ਸਾਬਤ ਹੋ ਚੁੱਕੇ ਅਤੇ ਸਜ਼ਾ ਭੋਗ ਰਹੇ ਦੋਸ਼ੀਆਂ ਨੂੰ ਪੈਰੋਲ 'ਤੇ ਛੱਡਿਆ ਜਾਂਦਾ ਹੈ; ਕਈਆਂ ਨੂੰ ਸਜ਼ਾ ਤੋਂ ਪਹਿਲਾਂ ਹੀ ਇਸ ਕਰ ਕੇ ਛੱਡ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦਾ ਜੇਲ੍ਹਾਂ ਵਿੱਚ ਵਰਤਾਰਾ ਠੀਕ ਸੀ। ਦੋਸ਼ੀਆਂ ਦੇ ਸਕੇ ਸਬੰਧੀਆਂ, ਪਿਤਾ ਜਾਂ ਪੁੱਤਰ ਨੂੰ ਮੁੜ ਟਿਕਟਾਂ ਦਿੱਤੀਆਂ ਜਾਂਦੀਆਂ ਹਨ। ਇਹ ਰੁਝਾਨ ਔਰਤ ਨਾਲ ਵਿਤਕਰੇ ਦਾ ਹੀ ਪ੍ਰਤੀਕ ਹੈ।

ਆਧੁਨਿਕ ਤਕਨੀਕੀ ਯੁੱਗ ਵਿੱਚ ਦੁਨੀਆ ਅੰਧਾਧੁੰਦ ਡਿਜੀਟਲ ਪਸਾਰੇ ਵਲ ਵਧ ਰਹੀ ਹੈ। ਸਾਡੇ ਸਮਾਜ ਵਿੱਚ ਔਰਤ ਦਾ ਕੀ ਦਰਜਾ ਹੈ? ਜਿੱਥੇ ਕਿਤੇ ਵੀ ਕਾਨੂੰਨ ਲਾਗੂ ਕਰਨ ਜਾਂ ਕਰਵਾਉਣ ਵਿੱਚ ਢਿੱਲ ਹੋਈ ਹੈ, ਉੱਥੇ ਉਹ ਜੁਰਮ ਮੁੜ ਹੋਣ ਲਗਦੇ ਹਨ; ਭਾਵੇਂ ਦਾਜ ਵਿਰੁੱਧ ਕਾਨੂੰਨ (1961), ਘਰੇਲੂ ਹਿੰਸਾ ਵਿਰੁੱਧ ਔਰਤ ਦੀ ਸੁਰੱਖਿਆ ਐਕਟ (2006), ਕੰਮ ਕਾਜੀ ਥਾਵਾਂ 'ਤੇ ਔਰਤਾਂ ਨਾਲ ਹੁੰਦੇ ਜਿਨਸੀ ਸ਼ੋਸ਼ਣ ਵਿਰੁੱਧ ਐਕਟ (2013), ਬੱਚਿਆਂ ਦੀ ਸੁਰੱਖਿਆ ਵਾਸਤੇ ਐਕਟ ਪੋਕਸੋ (2012), ਭਰੂਣ ਹੱਤਿਆ ਨੂੰ ਰੋਕਣ ਵਾਸਤੇ ਪੀਸੀ ਪੀਐੱਨਡੀਟੀ ਐਕਟ(1994) ਮੌਜੂਦ ਹਨ ਪਰ ਮਰਦ ਪ੍ਰਧਾਨ ਸਮਾਜ ਵਿੱਚ ਪਿੱਤਰ ਸੱਤਾ ਵਾਲੀ ਮਾਨਸਿਕਤਾ ਕਾਨੂੰਨੀ ਵਿਵਸਥਾ ਉੱਪਰ ਵੀ ਭਾਰੂ ਹੈ।

ਔਰਤਾਂ ਲਈ ਸਹੀ ਅਰਥਾਂ ਵਿੱਚ ਸ਼ਕਤੀਕਰਨ ਉਸ ਵਕਤ ਹੁੰਦਾ ਹੈ ਜਦੋਂ ਔਰਤ ਨੂੰ ਆਪਣੀ ਕਾਬਲੀਅਤ ਅਤੇ ਕੰਮ ਕਰਨ ਦੀ ਸਮਰੱਥਾ ਦਾ ਗਿਆਨ ਹੋਣ ਲੱਗਦਾ ਹੈ। ਉਹ ਆਪਣੇ ਤੇ ਆਸ ਪਾਸ ਦੇ ਫੈਸਲੇ ਕਰਨ ਦੇ ਅਧਿਕਾਰ ਦੀ ਵਰਤੋਂ ਕਰਨ ਲੱਗਦੀ ਹੈ। ਉਹ ਆਪਣੀ ਸੂਝ ਬੂਝ ਤੇ ਸਿਆਣਪ ਨਾਲ ਸਮਾਜ ਨੂੰ ਸੇਧ ਦੇਣ ਦੇ ਸਮਰੱਥ ਹੁੰਦੀ ਹੈ। ਜਦੋਂ ਆਰਥਿਕ ਸਾਧਨਾਂ ਦੇ ਨਾਲ-ਨਾਲ ਭੌਤਿਕ ਅਤੇ ਕੁਦਰਤੀ ਸਾਧਨਾਂ ਉੱਪਰ ਆਪਣੇ ਮਰਦ ਸਾਥੀਆਂ ਦੀ ਤਰਜ਼ 'ਤੇ ਬਰਾਬਰ ਦੀ ਪਹੁੰਚ ਅਤੇ ਮਲਕੀਅਤ ਹੁੰਦੀ ਹੈ ਤਾਂ ਹੀ ਉਹ ਸਮਾਜਿਕ ਤੇ ਆਰਥਿਕ ਤੌਰ 'ਤੇ ਮਜ਼ਬੂਤ ਹੁੰਦੀ ਹੈ। ਇਹ ਬਹੁ-ਪੱਖੀ ਤੇ ਬਹੁ-ਪਰਤੀ ਸਮਾਜਿਕ, ਕਾਨੂੰਨੀ ਅਤੇ ਆਰਥਿਕ ਪ੍ਰਕਿਰਿਆ ਹੈ ਜਿਸ ਵਿੱਚੋਂ ਹਰ ਸਮਾਜ ਨੂੰ ਲੰਘਣਾ ਪੈਂਦਾ ਹੈ। ਔਰਤ ਦਾ ਸਿੱਖਿਅਤ ਤੇ ਸਵੈ-ਨਿਰਭਰ ਹੋਣਾ ਅਹਿਮ ਨੁਕਤਾ ਹੈ ਜਿਹੜਾ ਸੁਰੱਖਿਆ ਅਤੇ ਬਚਾਓ ਵਾਲੇ ਮਾਹੌਲ ਵਿੱਚ ਹੀ ਸੰਭਵ ਹੈ। ਇਸ ਸਾਰੇ ਕੁਝ ਲਈ ਨਿਆਂ ਪ੍ਰਣਾਲੀ ਜਾਂ ਕਾਨੂੰਨੀ ਵਿਵਸਥਾ ਦਾ ਆਜ਼ਾਦ ਤੇ ਨਿਰਪੱਖ ਹੋਣਾ ਜ਼ਰੂਰੀ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਔਰਤ ਨਾ-ਬਰਾਬਰੀ ਦੀ ਸਦੀਆਂ ਪੁਰਾਣੀ ਮਾਨਸਿਕਤਾ ਅਤੇ ਸੋਚ ਬਦਲਣ ਲਈ ਵਿਸ਼ਾਲ ਪੱਧਰ 'ਤੇ ਮੁਹਿੰਮ ਚਲਾਉਣ ਦੀ ਲੋੜ ਹੈ। ਚੇਤਨ ਅਤੇ ਜਮਹੂਰੀਅਤ ਪਸੰਦ ਲੋਕਾਂ ਨੂੰ ਇਸ ਬਾਰੇ ਪਹਿਲ ਕਰਨੀ ਪਵੇਗੀ। ਇਹ ਮਰਦ ਅਤੇ ਔਰਤ ਦੇ ਸਾਂਝੇ ਯਤਨਾਂ ਨਾਲ ਹੀ ਸੰਭਵ ਹੈ। ਜਦੋਂ ਮਕਸਦ ਸਪੱਸ਼ਟ ਹੋਵੇ ਅਤੇ ਮੰਜ਼ਿਲ ਦਾ ਗਿਆਨ ਹੋਵੇ ਤਾਂ ਵੱਡੇ ਤੋਂ ਵੱਡੇ ਅੜਿੱਕੇ ਸਰ ਕਰਨੇ ਵੀ ਔਖਾ ਨਹੀਂ ਹੁੰਦੇ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ
24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਟੈਰਿਫ਼ ਦਰਾਂ ਨੂੰ ਲੈ ਕੇ ਅਮਰੀਕਾ-ਚੀਨ 'ਚ ਜ਼ਬਾਨੀ ਜੰਗ ਤੇਜ਼

ਲਿਖਤ : ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਪਿਛਲੇ ਕਈ ਦਹਾਕਿਆਂ ਤੋਂ ਪਹਿਲਾਂ ਸੋਵੀਅਤ ਯੂਨੀਅਨ ਅਤੇ ਫਿਰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਰੂਸ ਅਤੇ ਅਮਰੀਕਾ ਵਿਚਕਾਰ ਲਗਾਤਾਰ ਸ਼ੀਤ ਜੰਗ ਦੇਖਣ ਨੂੰ ਮਿਲਦੀ ਰਹੀ ਹੈ। ਪਰ ਹਾਲ ਹੀ ਵਿਚ ਰੂਸ-ਯੂਕਰੇਨ ਜੰਗ ਦੇ ਮਾਮਲੇ ਵਿਚ ਜਿਸ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਰੂਸ ਦੇ ਹੱਕ ਵਿਚ ਅਤੇ ਯੂਕਰੇਨ ਦੇ ਖ਼ਿਲਾਫ਼ ਯੂ-ਟਰਨ ਮਾਰਿਆ ਹੈ, ਇਸ ਤੋਂ ਆਉਣ ਵਾਲੇ ਦਿਨਾਂ ਵਿਚ ਵਿਸ਼ਵ ਪੱਧਰ 'ਤੇ ਕਾਫ਼ੀ ਉਥਲ-ਪੁਥਲ ਹੋਣ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ। ਪਿਛਲੇ ਕਈ ਹਫ਼ਤਿਆਂ ਤੋਂ ਲਗਾਤਾਰ ਟਰੰਪ ਭਾਰਤ, ਚੀਨ ਸਮੇਤ ਵੱਖ-ਵੱਖ ਦੇਸ਼ਾਂ 'ਤੇ ਟੈਰਿਫ ਦਾ ਪ੍ਰਤੀਸ਼ਤ ਵਧਾਉਣ ਦੀ ਗੱਲ ਕਹਿ ਰਹੇ ਸਨ। ਇਸ ਲਈ ਹੁਣ ਇਸ 'ਤੇ ਅਮਲ ਕਰਦੇ ਹੋਏ ਉਨ੍ਹਾਂ ਨੇ ਸਾਰੇ ਚੀਨੀ ਉਤਪਾਦਾਂ 'ਤੇ ਟੈਰਿਫ਼ ਵਿਚ ਵਾਧਾ ਕਰ ਦਿੱਤਾ ਹੈ, ਜਿਸ ਤੋਂ ਬਾਅਦ ਦੁਨੀਆ ਦੀਆਂ ਦੋ ਵੱਡੀਆਂ ਅਰਥ-ਵਿਵਸਥਾਵਾਂ, ਯਾਨੀ ਅਮਰੀਕਾ ਅਤੇ ਚੀਨ, ਵਿਚਕਾਰ ਵਪਾਰਕ ਜੰਗ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਬਾਅਦ ਚੀਨ ਨੇ ਵੀ ਅਮਰੀਕੀ ਖੇਤੀਬਾੜੀ ਉਤਪਾਦਾਂ 'ਤੇ 10-15% ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਇਸ ਸੰਬੰਧ ਵਿਚ ਮੰਗਲਵਾਰ ਨੂੰ ਚੀਨੀ ਦੂਤਾਵਾਸ ਨੇ ਆਪਣੇ ਸ਼ੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਲਿਖਿਆ, "ਚਾਹੇ ਟੈਰਿਫ਼ ਜੰਗ ਹੋਵੇ, ਵਪਾਰਕ ਜੰਗ ਹੋਵੇ ਜਾਂ ਕੋਈ ਹੋਰ ਜੰਗ, ਜੇਕਰ ਅਮਰੀਕਾ ਜੰਗ ਚਾਹੁੰਦਾ ਹੈ ਤਾਂ ਅਸੀਂ ਇਸ ਦੇ ਅੰਤ ਤੱਕ ਜੰਗ ਲੜਨ ਲਈ ਤਿਆਰ ਹਾਂ।" ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਚੀਨ ਦੀ ਤਰਫ਼ੋਂ ਇਹ ਸਭ ਤੋਂ ਤਿੱਖਾ ਬਿਆਨ ਹੈ ਅਤੇ ਇਹ ਉਸ ਸਮੇਂ ਆਇਆ ਹੈ ਜਦੋਂ ਨੈਸ਼ਨਲ ਪੀਪਲਜ਼ ਕਾਂਗਰਸ ਦੇ ਸਾਲਾਨਾ ਸਮਾਗਮ ਵਿਚ ਬੀਜਿੰਗ ਵਿਚ ਚੀਨ ਦੇ ਨੇਤਾ ਇਕੱਠੇ ਹੋਏ ਹਨ। ਇਸ ਦੇ ਦੂਜੇ ਦਿਨ, ਯਾਨੀ ਬੁੱਧਵਾਰ ਨੂੰ, ਚੀਨ ਦੇ ਪ੍ਰਧਾਨ ਮੰਤਰੀ ਲੀ ਕੇਚਿਆਂਗ ਨੇ ਐਲਾਨ ਕੀਤਾ ਕਿ ਚੀਨ ਇਸ ਸਾਲ ਆਪਣੇ ਰੱਖਿਆ ਖਰਚਿਆਂ ਵਿਚ 7.2% ਵਾਧਾ ਕਰੇਗਾ। ਉਨ੍ਹਾਂ ਨੇ ਕਿਹਾ, "ਪੂਰੀ ਦੁਨੀਆ ਵਿਚ ਤੇਜ਼ੀ ਨਾਲ ਅਜਿਹੇ ਬਦਲਾਅ ਹੋ ਰਹੇ ਹਨ ਜੋ ਇੱਕ ਸਦੀ ਵਿਚ ਕਦੇ ਨਹੀਂ ਦੇਖੇ ਗਏ।" ਹਾਲਾਂਕਿ ਰੱਖਿਆ ਬਜਟ ਵਿਚ ਇਹ ਵਾਧਾ ਉਮੀਦਾਂ ਅਨੁਸਾਰ ਹੈ ਅਤੇ ਪਿਛਲੇ ਸਾਲ ਦੇ ਐਲਾਨ ਨਾਲ ਮੇਲ ਖਾਂਦਾ ਹੈ। ਬੀਜਿੰਗ ਵਿਚ ਨੇਤਾ ਚੀਨ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਦੇਸ਼ ਦੀ ਅਰਥ ਵਿਵਸਥਾ ਵਪਾਰਕ ਜੰਗ ਦੇ ਖ਼ਤਰਿਆਂ ਦੇ ਬਾਵਜੂਦ ਵਧ ਸਕਦੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਚੀਨ ਅਮਰੀਕਾ ਦੇ ਮੁਕਾਬਲੇ ਆਪਣੀ ਛਵੀ ਨੂੰ ਸਥਿਰ ਅਤੇ ਸ਼ਾਂਤੀਪੂਰਨ ਦੇਸ਼ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ। ਉਧਰ, ਉਪਰੋਕਤ ਹਾਲਾਤ 'ਤੇ ਬੀਬੀਸੀ ਦੀ ਪੱਤਰਕਾਰ ਲੌਰਾ ਬੇਕਰ ਕਹਿੰਦੀ ਹੈ ਕਿ ਕੈਨੇਡਾ ਅਤੇ ਮੈਕਸੀਕੋ ਵਰਗੇ ਅਮਰੀਕੀ ਸਹਿਯੋਗੀਆਂ 'ਤੇ ਟਰੰਪ ਦੇ ਫੈਸਲਿਆਂ ਦੇ ਪ੍ਰਭਾਵਾਂ ਨੂੰ ਚੀਨ ਆਪਣੇ ਫਾਇਦੇ ਲਈ ਵਰਤਣ ਦੀ ਉਮੀਦ ਕਰ ਸਕਦਾ ਹੈ। ਪਰ ਉਹ ਬਿਆਨਬਾਜ਼ੀ ਨੂੰ ਇੱਕ ਹੱਦ ਤੋਂ ਵੱਧ ਨਹੀਂ ਵਧਾਉਣਾ ਚਾਹੁੰਦਾ ਜਿਸ ਨਾਲ ਉਸ ਦੇ ਸੰਭਾਵੀ ਨਵੇਂ ਵਿਸ਼ਵ ਭਾਈਵਾਲ ਡਰ ਜਾਣ। ਚੀਨ ਨੇ ਪਹਿਲਾਂ ਵੀ ਕਿਹਾ ਹੈ ਕਿ ਉਹ ਜੰਗ ਲਈ ਤਿਆਰ ਹੈ। ਪਿਛਲੇ ਸਾਲ ਅਕਤੂਬਰ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤਾਈਵਾਨ ਦੇ ਆਸ-ਪਾਸ ਫੌਜੀ ਅਭਿਆਸਾਂ ਦੌਰਾਨ ਫੌਜੀਆਂ ਨੂੰ ਜੰਗ ਲਈ ਤਿਆਰ ਰਹਿਣ ਲਈ ਕਿਹਾ ਸੀ। ਵਾਸ਼ਿੰਗਟਨ ਵਿਚ ਚੀਨੀ ਦੂਤਾਵਾਸ ਨੇ ਇੱਕ ਦਿਨ ਪਹਿਲਾਂ ਵਿਦੇਸ਼ ਮੰਤਰਾਲੇ ਦੇ ਬਿਆਨ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਨਸ਼ੀਲੀ ਦਵਾਈ ਫੈਂਟਨਾਈਲ ਦੀ ਤਸਕਰੀ ਲਈ ਅਮਰੀਕਾ ਚੀਨ 'ਤੇ ਬੇਬੁਨਿਆਦ ਇਲਜ਼ਾਮ ਲਗਾ ਰਿਹਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ, "ਚੀਨੀ ਉਤਪਾਦਾਂ ਦੀ ਆਯਾਤ 'ਤੇ ਅਮਰੀਕੀ ਟੈਰਿਫ਼ ਵਧਾਉਣ ਲਈ ਫੈਂਟਨਾਈਲ ਦਾ ਮਸਲਾ ਇੱਕ ਕਮਜ਼ੋਰ ਬਹਾਨਾ ਹੈ।" ਬਿਆਨ ਅਨੁਸਾਰ, "ਅਸੀਂ ਧਮਕੀਆਂ ਤੋਂ ਨਹੀਂ ਡਰਦੇ। ਸਾਡੇ 'ਤੇ ਜ਼ਬਰਦਸਤੀ ਦਾ ਕੋਈ ਅਸਰ ਨਹੀਂ ਹੁੰਦਾ। ਦਬਾਅ, ਜ਼ੋਰ ਜਾਂ ਧਮਕੀਆਂ, ਚੀਨ ਨਾਲ ਨਜਿੱਠਣ ਦਾ ਸਹੀ ਤਰੀਕਾ ਨਹੀਂ ਹਨ।" ਇਸ ਦੇ ਨਾਲ ਹੀ, ਚੀਨ ਦੇ ਸਖ਼ਤ ਪ੍ਰਤੀਕਰਮ 'ਤੇ ਅਮਰੀਕੀ ਰੱਖਿਆ ਮੰਤਰੀ ਪੈਟ ਹੇਗਸਟੀ ਨੇ ਫੌਕਸ ਨਿਊਜ਼ ਦੇ ਇੱਕ ਪ੍ਰੋਗਰਾਮ ਵਿਚ ਕਿਹਾ, "ਅਸੀਂ ਤਿਆਰ ਹਾਂ। ਜੋ ਸ਼ਾਂਤੀ ਚਾਹੁੰਦੇ ਹਨ, ਉਨ੍ਹਾਂ ਨੂੰ ਜੰਗ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।" ਉਨ੍ਹਾਂ ਨੇ ਕਿਹਾ, ਇਹੀ ਕਾਰਨ ਹੈ ਕਿ "ਅਮਰੀਕਾ ਆਪਣੀ ਫੌਜ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਡਿਟਰੈਂਸ ਨੂੰ ਬਹਾਲ ਕਰ ਰਿਹਾ ਹੈ।" "ਅਸੀਂ ਇੱਕ ਖ਼ਤਰਨਾਕ ਦੁਨੀਆ ਵਿਚ ਰਹਿ ਰਹੇ ਹਾਂ, ਜਿੱਥੇ ਅਜਿਹੇ ਸ਼ਕਤੀਸ਼ਾਲੀ ਅਤੇ ਵਿਕਸਿਤ ਦੇਸ਼ ਹਨ ਜਿਨ੍ਹਾਂ ਦੇ ਬਹੁਤ ਵੱਖਰੇ ਵਿਚਾਰ ਹਨ। ਉਹ ਆਪਣੇ ਰੱਖਿਆ ਖਰਚਿਆਂ ਨੂੰ ਤੇਜ਼ੀ ਨਾਲ ਵਧਾ ਰਹੇ ਹਨ, ਟੈਕਨਾਲੋਜੀ ਨੂੰ ਆਧੁਨਿਕ ਬਣਾ ਰਹੇ ਹਨ, ਅਤੇ ਉਹ ਅਮਰੀਕਾ ਦੀ ਜਗ੍ਹਾ ਲੈਣਾ ਚਾਹੁੰਦੇ ਹਨ।" ਹੇਗਸਟੀ ਨੇ ਕਿਹਾ ਕਿ ਫੌਜੀ ਸ਼ਕਤੀ ਨੂੰ ਕਾਇਮ ਰੱਖਣਾ ਤਣਾਅ ਤੋਂ ਬਚਣ ਦਾ ਮੁੱਢਲਾ ਤਰੀਕਾ ਹੈ। ਉਨ੍ਹਾਂ ਨੇ ਕਿਹਾ, "ਜੇਕਰ ਅਸੀਂ ਚੀਨ ਜਾਂ ਹੋਰ ਦੇਸ਼ਾਂ ਨਾਲ ਜੰਗ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ਕਤੀਸ਼ਾਲੀ ਹੋਣਾ ਪਵੇਗਾ।" ਉਧਰ ਐਕਸ 'ਤੇ ਜਾਰੀ ਚੀਨੀ ਵਿਦੇਸ਼ ਮੰਤਰਾਲੇ ਦੇ ਬਿਆਨ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਸ਼ੇਅਰ ਕੀਤਾ ਗਿਆ ਹੈ ਅਤੇ ਟਰੰਪ ਦੇ ਕੈਬਨਿਟ ਵਿਚ ਚੀਨ ਵਿਰੋਧੀ ਨੇਤਾਵਾਂ ਲਈ ਇਹ ਇੱਕ ਸਬੂਤ ਦੇ ਤੌਰ 'ਤੇ ਪੇਸ਼ ਕੀਤਾ ਜਾ ਸਕਦਾ ਹੈ ਕਿ ਬੀਜਿੰਗ ਵਿਦੇਸ਼ ਨੀਤੀ ਦੇ ਮਾਮਲਿਆਂ ਵਿਚ ਅਤੇ ਆਰਥਿਕ ਤੌਰ 'ਤੇ ਵਾਸ਼ਿੰਗਟਨ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਸ ਦੇ ਨਾਲ ਹੀ, ਚੀਨ ਨੇ ਵੀ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਹੈ ਕਿ ਜੇ ਅਮਰੀਕਾ ਜੰਗ ਚਾਹੁੰਦਾ ਹੈ ਤਾਂ ਉਹ ਇਸ ਲਈ ਵੀ ਤਿਆਰ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਕਿਹਾ ਕਿ ਅਮਰੀਕਾ ਚੀਨੀ ਆਯਾਤ 'ਤੇ ਟੈਰਿਫ਼ ਵਧਾਉਣ ਲਈ ਫੈਂਟਨਾਈਲ (ਤੀਬਰ ਦਰਦ ਨੂੰ ਰੋਕਣ ਵਾਲੀ ਦਵਾ) ਦੀ ਤਸਕਰੀ ਦਾ ਬਹਾਨਾ ਬਣਾ ਰਿਹਾ ਹੈ। ਜੇਕਰ ਉਹ ਜੰਗ ਚਾਹੁੰਦਾ ਹੈ ਤਾਂ ਚੀਨ ਇਸ ਲਈ ਵੀ ਤਿਆਰ ਹੈ ਅਤੇ ਅੰਤ ਤੱਕ ਲੜੇਗਾ। ਇਹ ਬਿਆਨ ਨਿਊਯਾਰਕ ਟਾਈਮਜ਼ ਦੁਆਰਾ ਅਮਰੀਕਾ ਦੀ ਤਰਫ਼ੋਂ ਚੀਨ ਦੀਆਂ ਬਹੁਤ ਸਾਰੀਆਂ ਚੀਜ਼ਾਂ 'ਤੇ 10% ਟੈਰਿਫ ਲਗਾਉਣ 'ਤੇ ਪ੍ਰਤੀਕਿਰਿਆ ਵਜੋਂ ਚੀਨ ਦੁਆਰਾ ਦਿੱਤਾ ਗਿਆ ਹੈ। ਇਸ ਸਬੰਧ ਵਿਚ, ਲਿਨ ਜਿਆਨ ਨੇ ਕਿਹਾ ਕਿ ਫੈਂਟਨਾਈਲ ਦਾ ਮਸਲਾ ਟੈਰਿਫ ਵਧਾਉਣ ਲਈ ਇੱਕ ਬਹਾਨਾ ਹੈ। ਅਮਰੀਕਾ ਵਿਚ ਫੈਂਟਨਾਈਲ ਦੇ ਸੰਕਟ ਲਈ ਕੋਈ ਹੋਰ ਨਹੀਂ ਬਲਕਿ ਅਮਰੀਕਾ ਖ਼ੁਦ ਜ਼ਿੰਮੇਵਾਰ ਹੈ। ਫੈਂਟਨਾਈਲ ਦੇ ਨਸ਼ੇ ਵਜੋਂ ਇਸਤੇਮਾਲ ਦੇ ਮਸਲੇ 'ਤੇ ਅਮਰੀਕੀ ਲੋਕਾਂ ਨਾਲ ਭਲਾਈ ਅਤੇ ਇਨਸਾਨੀ ਭਾਵਨਾਵਾਂ ਨਾਲ ਅਸੀਂ ਅਮਰੀਕਾ ਨਾਲ ਸਹਿਯੋਗ ਕਰਦੇ ਹੋਏ ਕਈ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ। ਸਾਡੇ ਯਤਨਾਂ ਦੀ ਪ੍ਰਸ਼ੰਸਾ ਕਰਨ ਦੀ ਬਜਾਏ ਅਮਰੀਕਾ ਸਾਡੇ ਖ਼ਿਲਾਫ਼ ਇਲਜ਼ਾਮ ਲਗਾ ਰਿਹਾ ਹੈ ਅਤੇ ਟੈਰਿਫ ਵਧਾ ਕੇ ਦਬਾਅ ਪਾਉਣ ਅਤੇ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਸਾਡੀ ਮਦਦ ਦੇ ਬਦਲੇ ਸਾਨੂੰ ਸਜ਼ਾ ਦੇ ਰਿਹਾ ਹੈ। ਇਸ ਨਾਲ ਅਮਰੀਕਾ ਦਾ ਮਸਲਾ ਹੱਲ ਨਹੀਂ ਹੋਵੇਗਾ ਅਤੇ ਇਸ ਨਾਲ ਨਸ਼ਿਆਂ ਦੇ ਖ਼ਿਲਾਫ਼ ਸਾਂਝੀ ਜੰਗ ਨੂੰ ਨੁਕਸਾਨ ਪਹੁੰਚੇਗਾ। ਚੀਨੀ ਬੁਲਾਰੇ ਨੇ ਹੋਰ ਕਿਹਾ ਕਿ ਧਮਕੀਆਂ ਸਾਨੂੰ ਡਰਾ ਨਹੀਂ ਸਕਦੀਆਂ। ਦਬਾਅ ਅਤੇ ਧਮਕੀਆਂ ਚੀਨ ਨਾਲ ਨਜਿੱਠਣ ਦਾ ਸਹੀ ਤਰੀਕਾ ਨਹੀਂ ਹਨ। ਚੀਨ 'ਤੇ ਦਬਾਅ ਪਾਉਣ ਵਾਲੇ ਗਲਤਫਹਿਮੀ ਵਿਚ ਨਾ ਰਹਿਣ। ਜੇਕਰ ਅਮਰੀਕਾ ਫੈਂਟਨਾਈਲ ਦਾ ਮਸਲਾ ਅਸਲ ਵਿਚ ਹੱਲ ਕਰਨਾ ਚਾਹੁੰਦਾ ਹੈ ਤਾਂ ਚੀਨ ਨਾਲ ਬਰਾਬਰੀ ਦੀ ਬੁਨਿਆਦ 'ਤੇ ਸਲਾਹ-ਮਸ਼ਵਰਾ ਕਰੇ। ਜੇਕਰ ਅਮਰੀਕਾ ਜੰਗ ਚਾਹੁੰਦਾ ਹੈ, ਟੈਰਿਫ ਜੰਗ, ਵਪਾਰਕ ਜੰਗ ਜਾਂ ਕਿਸੇ ਹੋਰ ਕਿਸਮ ਦੀ ਜੰਗ, ਅਸੀਂ ਤਿਆਰ ਹਾਂ। ਹੁਣ ਭਵਿੱਖ ਵਿਚ ਇਹ ਦੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਟਰੰਪ ਦੁਆਰਾ ਵੱਖ-ਵੱਖ ਦੇਸ਼ਾਂ ਦੇ ਖ਼ਿਲਾਫ਼ ਛੇੜੀ ਟੈਰਿਫ ਜੰਗ ਕੀ ਕੀ ਫੁੱਲ ਖਿਲਾਉਂਦੀ ਹੈ।

# ਜੇਬਾਂ ਦੀ ਸਰਜਰੀ

ਲੇਖਕ : ਵਿਜੈ ਗਰਗ, ਸੇਵਾਮੁਕਤ ਪ੍ਰਿੰਸੀਪਲ ਮਲੋਟ ਪੰਜਾਬ

ਇਹ ਪਰੇਸ਼ਾਨ ਕਰਨ ਵਾਲੀ ਖ਼ਬਰ ਹੈ ਕਿ ਦੇਸ਼ ਦੇ ਕਰੋੜਾਂ ਮਰੀਜ਼ ਮਹਿੰਗੇ ਇਲਾਜ ਦੇ ਕਾਰਨ ਗਰੀਬੀ ਦੀ ਦਲਦਲ ਵਿੱਚ ਫਸੇ ਹੋਏ ਹਨ ਜੋ ਕਿ ਪਹੁੰਚ ਤੋਂ ਬਾਹਰ ਹੈ। ਉਹ ਉਸ ਆਦਮੀ ਦੇ ਸਾਹਮਣੇ ਬੇਵੱਸ ਜਾਪਦੇ ਹਨ ਜਿਸਨੂੰ ਕਥਿਤ ਤੌਰ 'ਤੇ ਦੂਜਾ ਭਗਵਾਨ ਕਿਹਾ ਜਾਂਦਾ ਹੈ। ਖਾਸ ਕਰਕੇ ਵੱਡੇ ਆਪ੍ਰੇਸ਼ਨਾਂ, ਉਪਕਰਣਾਂ ਅਤੇ ਮਹਿੰਗੀਆਂ ਦਵਾਈਆਂ ਦੇ ਸੰਬੰਧ ਵਿੱਚ। ਹਾਲ ਹੀ ਵਿੱਚ, ਸੁਪਰੀਮ ਕੋਰਟ ਨੇ ਮਰੀਜ਼ਾਂ ਦੇ ਦਰਦ ਨੂੰ ਸਮਝਦੇ ਹੋਏ, ਕੇਂਦਰ ਅਤੇ ਰਾਜ ਸਰਕਾਰਾਂ ਨੂੰ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਨੀਤੀਗਤ ਫੈਸਲੇ ਲੈਣ ਲਈ ਕਿਹਾ ਹੈ। ਇੱਕ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ, ਸੁਪਰੀਮ ਕੋਰਟ ਨੇ ਕਿਹਾ ਕਿ ਦੇਸ਼ ਵਾਸੀਆਂ ਨੂੰ ਡਾਕਟਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਰਾਜਾਂ ਦਾ ਫਰਜ਼ ਹੈ। ਬਿਨਾਂ ਸ਼ੱਕ ਰਾਜ ਸਰਕਾਰਾਂ ਅਜਿਹਾ ਕਰਨ ਵਿੱਚ ਅਸਫਲ ਰਹੀਆਂ ਹਨ। ਇਸ ਦੇ ਬਾਵਜੂਦ, ਉਨ੍ਹਾਂ ਨੇ ਵੱਡੇ ਹਸਪਤਾਲਾਂ ਨੂੰ ਜ਼ਮੀਨ ਆਦਿ ਵਰਗੀਆਂ ਸਾਰੀਆਂ ਸਹੂਲਤਾਂ ਰਿਆਇਤੀ ਦਰਾਂ 'ਤੇ ਪ੍ਰਦਾਨ ਕੀਤੀਆਂ ਹਨ। ਅਜਿਹੀ ਸਥਿਤੀ ਵਿੱਚ, ਉਹ ਵੱਡੇ ਹਸਪਤਾਲਾਂ ਨੂੰ ਗਰੀਬ ਮਰੀਜ਼ਾਂ ਨੂੰ ਉਪਚਾਰਕ ਇਲਾਜ ਪ੍ਰਦਾਨ ਕਰਨ ਲਈ ਮਜਬੂਰ ਕਰ ਸਕਦੇ ਹਨ। ਹਾਲਾਂਕਿ, ਚੋਣਾਂ ਦੌਰਾਨ ਹਰ ਤਰ੍ਹਾਂ ਦੇ ਗੁਲਾਬੀ ਵਾਅਦੇ ਕਰਨ ਵਾਲੀਆਂ ਰਾਜਨੀਤਿਕ ਪਾਰਟੀਆਂ ਦੇ ਏਜੰਡੇ ਵਿੱਚ ਡਾਕਟਰੀ ਸਹੂਲਤਾਂ ਨੂੰ ਬਿਹਤਰ ਬਣਾਉਣਾ ਕਦੇ ਵੀ ਤਰਜੀਹ ਨਹੀਂ ਰਿਹਾ। ਜੇਕਰ ਬਿਹਤਰ ਜਨਤਕ ਸਿਹਤ ਢਾਂਚਾ ਉਪਲਬਧ ਹੁੰਦਾ, ਤਾਂ ਲੋਕਾਂ ਨੂੰ ਨਿੱਜੀ ਹਸਪਤਾਲਾਂ ਵਿੱਚ ਜਾਣ ਲਈ ਮਜਬੂਰ ਨਾ ਹੋਣਾ ਪੈਂਦਾ। ਜੇਕਰ ਨਿਗਰਾਨੀ ਪ੍ਰਣਾਲੀ ਮਜ਼ਬੂਤ ਹੁੰਦੀ ਅਤੇ ਪ੍ਰਭਾਵਸ਼ਾਲੀ ਕਾਨੂੰਨ ਹੁੰਦੇ, ਤਾਂ ਮਰੀਜ਼ ਸ਼ੋਸ਼ਣ ਦਾ ਸ਼ਿਕਾਰ ਨਾ ਹੁੰਦੇ। ਜੇਕਰ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਤੋਂ ਬਹੁਤ ਜ਼ਿਆਦਾ ਪੈਸੇ ਵਸੂਲੇ ਜਾਂਦੇ ਹਨ, ਤਾਂ ਇਹ ਰਾਜ ਸਰਕਾਰਾਂ ਦੇ ਅਕਸ 'ਤੇ ਇੱਕ ਧੱਬਾ ਹੋਵੇਗਾ ਕਿ ਉਹ ਮਰੀਜ਼ਾਂ ਨੂੰ ਕਿਫਾਇਤੀ ਇਲਾਜ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੀਆਂ ਹਨ। ਇਹੀ ਕਾਰਨ ਹੈ ਕਿ ਸੁਪਰੀਮ ਕੋਰਟ ਨੂੰ ਇਹ ਕਹਿਣਾ ਪਿਆ ਕਿ ਮਰੀਜ਼ਾਂ ਨੂੰ ਵਾਜਬ ਕੀਮਤਾਂ 'ਤੇ ਦਵਾਈਆਂ ਨਾ ਮਿਲਣਾ ਰਾਜ ਸਰਕਾਰਾਂ ਦੀ ਅਸਫਲਤਾ ਨੂੰ ਦਰਸਾਉਂਦਾ ਹੈ। ਇੰਨਾ ਹੀ ਨਹੀਂ, ਰਾਜ ਸਰਕਾਰਾਂ ਨਿੱਜੀ ਹਸਪਤਾਲਾਂ ਨੂੰ ਨਾ ਸਿਰਫ਼ ਸਹੂਲਤਾਂ ਪ੍ਰਦਾਨ ਕਰਦੀਆਂ ਹਨ ਬਲਕਿ ਉਨ੍ਹਾਂ ਨੂੰ ਪ੍ਰੋਤਸਾਹਨ ਵੀ ਦਿੰਦੀਆਂ ਹਨ। ਸਰਕਾਰਾਂ ਦਾ ਇਹ ਦਾਅਵਾ ਕਿ ਮਰੀਜ਼ਾਂ ਦੇ ਸਹਾਇਕਾਂ ਨੂੰ ਨਿੱਜੀ ਹਸਪਤਾਲਾਂ ਦੇ ਮੈਡੀਕਲ ਸਟੋਰਾਂ ਤੋਂ ਦਵਾਈਆਂ ਖਰੀਦਣ ਲਈ ਮਜਬੂਰ ਨਹੀਂ ਕੀਤਾ ਜਾਂਦਾ, ਤਰਕਹੀਣ ਹੈ। ਦਰਅਸਲ, ਹਸਪਤਾਲ ਦੀ ਫਾਰਮੇਸੀ ਜਾਂ ਖਾਸ ਮੈਡੀਕਲ ਸਟੋਰਾਂ ਤੋਂ ਦਵਾਈਆਂ ਖਰੀਦਣਾ ਸੇਵਾਦਾਰਾਂ ਲਈ ਮਜਬੂਰੀ ਬਣ ਜਾਂਦਾ ਹੈ। ਉਨ੍ਹਾਂ ਨੂੰ ਖਾਸ ਬ੍ਰਾਂਡ ਦੀਆਂ ਦਵਾਈਆਂ ਅਤੇ ਉਪਕਰਣ ਖਰੀਦਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ। ਦਰਅਸਲ, ਖੁੱਲ੍ਹੇ ਬਾਜ਼ਾਰ ਵਿੱਚ ਇਨ੍ਹਾਂ ਦੀ ਉਪਲਬਧਤਾ ਅਤੇ ਗੁਣਵੱਤਾ ਬਾਰੇ ਸ਼ੱਕ ਹਨ। ਦਰਅਸਲ, ਇਹ ਨੀਤੀ ਨਿਰਮਾਤਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਨ। ਹਾਲਾਂਕਿ, ਇਹ ਇੰਨਾ ਆਸਾਨ ਨਹੀਂ ਹੈ ਕਿਉਂਕਿ ਵੱਖ-ਵੱਖ ਹਿੱਸੇਦਾਰਾਂ ਦੇ ਦਬਾਅ ਅਕਸਰ ਸਾਹਮਣੇ ਆਉਂਦੇ ਹਨ। ਜਿਵੇਂ ਕਿ ਸਾਲ 2023 ਵਿੱਚ, ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਉਸਨੇ ਡਾਕਟਰਾਂ ਨੂੰ ਬ੍ਰਾਂਡੇਡ ਦਵਾਈਆਂ ਨਾ ਲਿਖਣ ਲਈ ਕਿਹਾ ਸੀ। ਇਸਦੀ ਬਜਾਏ ਜੈਨਰਿਕ ਦਵਾਈਆਂ ਲਿਖੋ, ਨਹੀਂ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਡਾਕਟਰੀ ਭਾਈਚਾਰੇ ਨੇ ਉਦੋਂ ਦਬਾਅ ਪਾਇਆ ਸੀ ਅਤੇ ਕਿਹਾ ਸੀ ਕਿ ਦਵਾਈਆਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ। ਜਿਸ ਤੋਂ ਬਾਅਦ ਇਸ ਹੁਕਮ ਨੂੰ ਜਲਦੀ ਹੀ ਵਾਪਸ ਲੈਣਾ ਪਿਆ। ਇਸ ਤੋਂ ਇਲਾਵਾ, ਬ੍ਰਾਂਡੇਡ ਦਵਾਈਆਂ ਦੇ ਨਿਰਮਾਤਾਵਾਂ ਦੁਆਰਾ ਵੀ ਦਬਾਅ ਪਾਇਆ ਗਿਆ, ਜੋ ਲੋਕ ਭਲਾਈ ਦੀ ਬਜਾਏ ਵੱਡੇ ਮੁਨਾਫ਼ੇ ਨੂੰ ਤਰਜੀਹ ਦਿੰਦੇ ਹਨ। ਹਾਲਾਂਕਿ, ਪ੍ਰਾਈਵੇਟ ਹਸਪਤਾਲਾਂ ਦੁਆਰਾ ਦਵਾਈਆਂ ਰਾਹੀਂ ਪੈਸਾ ਕਮਾਉਣ ਦਾ ਕਾਰਨ ਇਹ ਵੀ ਹੈ ਕਿ ਸਰਕਾਰੀ ਜਨ ਔਸ਼ਧੀ ਕੇਂਦਰਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ ਹੈ। ਇਹ ਕੇਂਦਰ, ਜਿਨ੍ਹਾਂ ਵਿੱਚੋਂ ਦੇਸ਼ ਭਰ ਵਿੱਚ ਲਗਭਗ ਪੰਦਰਾਂ ਹਜ਼ਾਰ ਹਨ, ਦੇਸ਼ ਦੇ ਸਾਰੇ ਜ਼ਿਲ੍ਹਿਆਂ ਨੂੰ ਕਵਰ ਕਰਦੇ ਹਨ। ਇਹ ਕੇਂਦਰ ਨਾਗਰਿਕਾਂ ਨੂੰ ਕਿਫਾਇਤੀ ਕੀਮਤਾਂ 'ਤੇ ਗੁਣਵੱਤਾ ਵਾਲੀਆਂ ਜੈਨਰਿਕ ਦਵਾਈਆਂ ਪ੍ਰਦਾਨ ਕਰਨ ਲਈ ਬਣਾਏ ਗਏ ਸਨ। ਹਾਲਾਂਕਿ, ਇਹ ਕੇਂਦਰ ਦਵਾਈਆਂ ਦੀ ਘਾਟ, ਗੁਣਵੱਤਾ ਨਿਯੰਤਰਣ ਦੀ ਘਾਟ ਅਤੇ ਬ੍ਰਾਂਡੇਡ ਦਵਾਈਆਂ ਦੀ ਅਣਅਧਿਕਾਰਤ ਵਿਕਰੀ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਯਕੀਨਨ, ਦਵਾਈ ਰੈਗੂਲੇਟਰੀ ਪ੍ਰਣਾਲੀ ਵਿੱਚ ਸੁਧਾਰ ਕਰਨ ਨਾਲ ਬਹੁਤ ਸਾਰੇ ਬੇਸਹਾਰਾ ਮਰੀਜ਼ਾਂ ਦੇ ਦੁੱਖਾਂ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਇੱਕ ਰਿਪੋਰਟ ਦਰਸਾਉਂਦੀ ਹੈ ਕਿ ਨਿੱਜੀ ਹਸਪਤਾਲਾਂ ਵਿੱਚ ਖਰਚੇ ਸਰਕਾਰੀ ਹਸਪਤਾਲਾਂ ਨਾਲੋਂ ਸੱਤ ਗੁਣਾ ਜ਼ਿਆਦਾ ਹਨ। ਖਾਸ ਕਰਕੇ ਕੋਰੋਨਾ ਕਾਲ ਤੋਂ ਬਾਅਦ, ਡਾਕਟਰੀ ਖਰਚੇ ਕਾਫ਼ੀ ਵੱਧ ਗਏ ਹਨ। ਬਿਨਾਂ ਸ਼ੱਕ, ਰਾਜ ਸਰਕਾਰਾਂ ਨੂੰ ਇਸ ਮੁੱਦੇ 'ਤੇ ਵਿਆਪਕ ਦ੍ਰਿਸ਼ਟੀਕੋਣ ਤੋਂ ਵਿਚਾਰ ਕਰਨਾ ਚਾਹੀਦਾ ਹੈ ਅਤੇ ਢੁਕਵੇਂ ਦਿਸ਼ਾ-ਨਿਰਦੇਸ਼ ਬਣਾਉਣੇ ਚਾਹੀਦੇ ਹਨ। ਰਾਜ ਸਰਕਾਰਾਂ ਨੂੰ ਨਿੱਜੀ ਹਸਪਤਾਲਾਂ ਅਤੇ ਮਰੀਜ਼ਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਸੰਤੁਲਿਤ ਪਹੁੰਚ ਅਪਣਾਉਣ ਦੀ ਲੋੜ ਹੈ।

ਟਰੱਕ ਡਰਾਇਵਰਾਂ ਦੀ ਲੋੜ
8 ਤੋਂ 10 ਹਜ਼ਾਰ ਡਾਲਰ ਕਮਾਓ
TLX ਟਰਾਂਸਪੋਰਟ ਲਿਮਟਿਡ, ਟਰੱਕ ਕੰਪਨੀ ਨੂੰ ਵੈਨਕੂਵਰ ਤੋਂ ਪ੍ਰਿੰਸ ਜਾਰਜ ਰੂਟ 'ਤੇ ਚੱਲਣ ਲਈ ਤਜਰਬੇਕਾਰ ਡਰਾਇਵਰਾਂ ਦੀ ਲੋੜ ਹੈ। ਚਾਹਵਾਨ 2 ਸਾਲ ਤੋਂ ਵੱਧ ਦਾ ਤਜਰਬਾ ਰੱਖਦਾ ਹੋਵੇ ਅਤੇ ਉਸ ਦਾ ਡਰਾਈਵਰਵਿੰਗ ਰਿਕਾਰਡ ਸਾਫ਼ ਹੋਣਾ ਚਾਹੀਦਾ ਹੈ। 8000 ਤੋਂ 10000 ਡਾਲਰ ਪ੍ਰਤੀ ਮਹੀਨਾ ਤਨਖਾਹ ਸਮੇਤ ਮੈਡੀਕਲ ਲਾਭ ਵੀ ਦਿੱਤੇ ਜਾਣਗੇ।
ਵਧੇਰੇ ਜਾਣਕਾਰੀ ਲਈ
778-982-3900 ਜਾਂ 604-751-1408
ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

ਪੰਜਾਬ ਆਪਣੇ ਕੁਦਰਤੀ ਵਸੀਲਿਆਂ, ਅਧਿਆਤਮਿਕਤਾ, ਜੁਝਾਰੂਪਣ ਅਤੇ ਖੁਲ੍ਹਦਿਲੀ ਕਰਕੇ ਜਾਣਿਆ ਜਾਂਦਾ ਹੈ। ਹੀਣਤਾ ਅਤੇ ਬੇਇਖਲਾਕੀ ਨੂੰ ਇਹ ਧਰਤੀ ਝੱਲਦੀ ਨਹੀਂ। ਆਰੀਆਂ ਦੇ ਉੱਤਰ ਭਾਰਤ ਵੱਲ ਖਿਸਕਣ ਪਿੱਛੋਂ ਪੰਜਾਬ ਦੇ ਲੋਕ ਹਮੇਸ਼ਾ ਦੋਹਰੇ ਸੰਕਟ ਦਾ ਟਾਕਰਾ ਕਰਦੇ ਰਹੇ ਹਨ। ਲਹਿੰਦੇ ਪਾਸਿਓਂ ਯੂਨਾਨ, ਤੁਰਕ, ਮੰਗੋਲ ਅਤੇ ਅਫਗਾਨ ਹੱਲੇ ਹੁੰਦੇ ਰਹੇ ਅਤੇ ਚੜ੍ਹਦੇ ਪਾਸਿਓਂ ਬ੍ਰਾਹਮਣੀ ਵਰਣ-ਆਸ਼ਰਮ ਪ੍ਰਬੰਧ ਵੱਲੋਂ ਨਫਰਤ ਮਿਲਦੀ ਰਹੀ। ਲਹਿੰਦੇ ਵਾਲਿਆਂ ਲਈ ਪੰਜਾਬ, ਦਿੱਲੀ ਦੇ ਰਾਹ ਦਾ ਰੋੜਾ ਅਤੇ ਵਰਣ-ਵਿਵਸਥਾ ਤੋਂ ਆਕੀ ਹੋਣ ਕਰਕੇ ਬਾਹੁਣਵਾਦ ਲਈ ਵਰਣ-ਸ਼ੰਕਰ ਦਾ ਦੋਸ਼ੀ ਰਿਹਾ। ਇਹ ਧਰਤੀ ਬੋਧੀ, ਜੋਗੀ ਅਤੇ ਨਾਥ ਆਦਿ ਗੈਰ-ਬ੍ਰਾਹਮਣ ਫਿਰਕਿਆਂ ਦੀ ਆਖਿਰੀ ਪਨਾਹ ਰਹੀ। ਇੱਥੇ ਇਹ ਫਿਰਕੇ ਸੁਤੰਤਰ ਰਹੇ ਜਾਂ ਖਤਮ ਹੋ ਗਏ ਪਰ ਗੋਰਖਪੁਰ ਦੇ ਮਠਾਧੀਸ਼ ਵਾਂਗ ਹਿੰਦੁਤਵਾ ਦੇ ਪ੍ਰਚਾਰਕ ਨਹੀਂ ਬਣੇ।

ਮੌਜੂਦਾ ਭਾਰਤ ਇੱਕ ਡੂੰਘੇ ਸੰਕਟ ਵਿੱਚ ਫਸਿਆ ਹੋਇਆ ਹੈ। ਹਜਾਰ ਸਾਲ ਦੀ ਗੁਲਾਮੀ ਪਿੱਛੋਂ ਮਿਲੀ ਆਜਾਦੀ ਵਿੱਚ ਵੀ ਬ੍ਰਾਹਮਣਵਾਦੀ ਸਿਮਰਿਤੀ ਕਾਨੂੰਨ ਲਾਗੂ ਨਾ ਹੋਣ ਕਰਕੇ ਪਰੰਪਰਾਵਾਦੀ ਹਿੰਦੂ ਦੁਖੀ ਹੈ। ਸੈਕੂਲਰ ਲੋਕ ਵਧ ਰਹੀ ਫਿਰਕਾਪ੍ਰਤੀ ਤੋਂ ਪਰੇਸ਼ਾਨ ਹਨ। ਮੁਸਲਮਾਨ ਦੁਖੀ ਹੈ ਕਿਉਂਕਿ ਸਦੀਆਂ ਪਹਿਲਾਂ ਮੁਗਲ ਹਾਕਮਾਂ ਦੀਆਂ ਵਧੀਕੀਆਂ ਦਾ ਬਦਲਾ ਉਨ੍ਹਾਂ ਤੋਂ ਲਿਆ ਜਾ ਰਿਹੈ। ਲਗਭਗ ਇੱਕ ਸਦੀ ਪਹਿਲਾਂ ਪ੍ਰੋਫੈਸਰ ਪੂਰਨ ਸਿੰਘ ਨੇ ਸਾਈਮਨ ਕਮੀਸ਼ਨ ਨੂੰ ਲਿਖੀ ਚਿੱਠੀ ਵਿੱਚ ਅਜਿਹੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕੀਤਾ ਸੀ। ਪੂਰਨ ਸਿੰਘ ਦੀ ਰਚਨਾ 'ਸਪਿਰਟ ਆਫ ਦਾ ਸਿੱਖ' ਅਨੁਸਾਰ ਵੈਦਿਕ ਪਰੰਪਰਾ ਆਪਣੇ ਆਤਮਿਕ ਸੋਮੇ ਤੋਂ ਟੁੱਟ ਰਹੀ ਹੈ। ਇਸ ਖੱਪੇ ਨੂੰ ਕਰਮਕਾਂਡ ਅਤੇ ਫਿਰਕਾਪ੍ਰਸਤੀ ਨਾਲ ਭਰਿਆ ਜਾ ਰਿਹਾ ਹੈ। ਭਾਰਤੀ ਸੰਵਿਧਾਨ ਆਜਾਦੀ ਤੇ ਬਰਾਬਰਤਾ ਦੀ ਗੱਲ ਕਰਦੈ ਅਤੇ ਬ੍ਰਾਹਮਣਵਾਦੀ ਪਰੰਪਰਾ ਚਾਰ ਵਰਣਾਂ ਦੀ। 'ਪਾਰਾਸ਼ਰ ਪ੍ਰਸ਼ਨ' ਵਿੱਚ ਸਿਰਦਾਰ ਕਪੂਰ ਸਿੰਘ ਨੇ ਲਿਖਿਐ ਕਿ ਬ੍ਰਾਹਮਣ, ਦਲਿਤਾਂ ਦੀ ਬਰਾਬਰਤਾ ਦੀ ਵਕਾਲਤ ਕਰਕੇ ਮਹਾਤਮਾ ਗਾਂਧੀ ਨਾਲ ਨਫਰਤ ਕਰਦਾ ਹੈ। ਸੱਤਰ ਸਾਲਾਂ ਬਾਅਦ ਭਗਵੀਂ ਪਾਰਟੀ ਦੀ ਸਰਕਾਰ ਬੇਸ਼ੱਕ ਰਾਮ ਮੰਦਿਰ ਬਣਾ ਰਹੀ ਹੈ ਪਰ ਉਹ ਵੀ ਸਮ੍ਰਿਤੀ ਮਰਿਯਾਦਾ ਨੂੰ ਲਾਗੂ ਨਹੀਂ ਕਰ ਸਕੇਗੀ। ਭਾਜਪਾ ਨੇ ਸਿਆਸੀ ਲਾਭ ਹਿਤ ਨਕਲੀ ਸ਼ੰਕਰਾਚਾਰਿਆ, ਸਾਧੂ ਸਮਾਜ ਅਤੇ ਗੈਰ-ਪਰੰਪਰਾਗਤ ਢਾਂਚੇ ਵਾਲੀਆਂ ਨਵੀਆਂ ਸੰਸਥਾਵਾਂ ਬਣਾ ਕੇ ਵੈਦਿਕ ਪਰੰਪਰਾ ਦਾ ਫਾਇਦਾ ਘੱਟ ਅਤੇ ਨੁਕਸਾਨ ਵਧੀਕ ਕੀਤਾ ਹੈ। ਇਸ ਲਈ ਪਰੰਪਰਾਵਾਦੀ ਸ਼ੰਕਰਾਚਾਰਿਆ ਉਸ ਤੋਂ ਵੀ ਨਾਖੁਸ਼ ਹਨ।

ਬੇਸ਼ੱਕ ਵਰਣ-ਆਸ਼ਰਮ ਨੂੰ ਵੇਦ ਨਾਲੋਂ ਛੇਕੜਲੇ ਵੈਦਿਕ ਸਾਹਿਤ ਖਾਸਕਰ ਸਮ੍ਰਿਤੀ ਦੀ ਉਪਜ ਮੰਨਣਾ ਵਧੇਰੇ ਠੀਕ ਹੈ। ਰਿਗ ਵੇਦ ਅੰਦਰ ਵਰਣ-ਵਿਵਸਥਾ ਦਾ ਬੀਜ ਮੰਨਿਆ ਜਾਂਦਾ ਪੁਰਸ਼ ਸੂਕਤ ਵਾਲਾ ਅਧਿਆਇ ਬਾਅਦ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਬਾਵਜੂਦ ਇਹ ਮੰਨਣਾ ਹੀ ਪੈਣਾ ਹੈ ਕਿ ਬ੍ਰਾਹਮਣਵਾਦ ਨੇ ਵਰਣ ਪ੍ਰਬੰਧ ਨੂੰ ਵੇਦ ਦਾ ਸਿਧਾਂਤ ਪ੍ਰਵਾਨ ਕਰਵਾ ਲਿਆ ਹੈ। ਵੇਦ ਨਿਰਦੇਸ਼ਿਤ ਵਰਣ-ਵਿਵਸਥਾ ਨੂੰ ਕੋਈ ਸਿਆਸੀ, ਸਮਾਜ ਸੇਵੀ ਜਾਂ ਦਾਰਸ਼ਨਿਕ ਆਗੂ ਰੱਦ ਨਹੀਂ ਕਰ ਸਕਦਾ। ਤੌਰੇਤ ਅਤੇ ਇੰਜੀਲ ਦੇ ਸੰਬੰਧ ਵਾਂਗ ਧਰਮ ਗ੍ਰੰਥ ਦੇ ਨਾਂ 'ਤੇ ਪ੍ਰਵਾਨ ਚੜ੍ਹੇ ਆਦੇਸ਼ ਅਤੇ ਮਰਿਯਾਦਾ ਨੂੰ ਧਰਮ ਗ੍ਰੰਥ ਹੀ ਸੋਧ ਸਕਦਾ ਹੈ। ਭਾਰਤ ਨੂੰ ਇਸ ਸੰਕਟ ਚੋਂ ਕੱਢਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਇੱਕੋ-ਇੱਕ ਵਸੀਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਵੱਖ-ਵੱਖ ਖੇਤਰ-ਸਮਾਜ-ਧਾਰਮਿਕ ਪਿਛੋਕੜ ਨਾਲ ਸੰਬੰਧਤ ਭਗਤਾਂ ਤੇ ਸੂਫੀਆਂ ਦੀ ਬਾਣੀ ਦੇ ਸਤਿਕਾਰ ਦੀ ਰਾਖੀ ਲਈ ਸਿਰ-ਧੜ ਦੀ ਬਾਜੀ ਲਾਉਣ ਵਾਲਾ ਪੰਜਾਬ ਅਸਲ ਵਾਰਸ ਬਣ ਕੇ ਉੱਭਰਿਆ ਹੈ। ਬਾਬਰ ਨੂੰ ਜਾਬਰ ਕਹਿਣ ਤੋਂ ਸਰਬੰਸਦਾਨ ਤੱਕ ਗੁਰੂ ਸਾਹਿਬਾਨ ਦੇ ਰੂਪ ਵਿੱਚ ਪੰਜਾਬ ਸਮੁਚੇ ਭਾਰਤ ਲਈ ਲੋਕ-ਪਰਲੋਕ ਦਾ ਨਾਇਕ ਰਿਹਾ ਹੈ। ਇਹ ਨਾਇਕਤਵ ਅਠਾਰਵੀਂ ਸਦੀ ਵਿੱਚ ਵੀ ਕਾਇਮ ਰਿਹਾ। ਇਸ ਸਮੇਂ ਗੁਰਮਤਿ ਸਿਧਾਂਤ ਅਤੇ ਗੁਰਇਤਿਹਾਸ ਦੀਆਂ ਸ੍ਰੀ ਗੁਰਬਿਲਾਸ ਪਾਤਿਸ਼ਾਹੀ ਦਸਵੀਂ ਆਦਿ ਰਚਨਾਵਾਂ ਪੂਰੇ ਉੱਤਰੀ ਭਾਰਤ ਵਿੱਚ ਪ੍ਰਵਾਨ ਚੜ੍ਹ ਰਹੀਆਂ ਸਨ। ਗੁਰਮੁਖੀ ਲਿੱਪੀ ਕਰਕੇ ਇਨ੍ਹਾਂ ਗ੍ਰੰਥਾਂ ਦਾ ਪਾਠੀ ਪਰਪੱਕ ਗੁਰਸਿੱਖ ਹੁੰਦਾ ਪਰ ਬ੍ਰਜ ਭਾਸ਼ਾ ਹੋਣ ਕਰਕੇ ਇਹ ਗ੍ਰੰਥ ਪੰਜਾਬ ਤੋਂ ਬਿਹਾਰ-ਬੰਗਾਲ ਤੱਕ ਸਮਝੇ ਜਾਂਦੇ ਸਨ। ਇਸ ਪੂਰੇ ਖਿੱਤੇ ਵਿੱਚ ਉਦਾਸੀ ਅਤੇ ਨਿਰਮਲ ਸਿੱਖ ਸੰਪ੍ਰਦਾਵਾਂ ਦੇ ਅਖਾੜੇ ਹੁਣ ਵੀ ਮੌਜੂਦ ਹਨ। ਭਗਤ ਸਾਹਿਬਾਨ ਨੇ ਵੈਦਿਕ ਪਰੰਪਰਾ ਦੇ ਅੰਧ-ਵਿਸ਼ਵਾਸ ਤੇ ਕਰਮਕਾਂਡ ਰੂਪੀ ਛਾਛ ਨੂੰ ਪਾਸੇ ਕਰਕੇ ਇੱਕ ਰੱਬ ਅਤੇ ਸਾਂਝੀਵਾਲਤਾ ਦਾ ਮੱਖਣ ਨਿਤਾਰਿਆ। ਗੁਰੂ ਸਾਹਿਬਾਨ ਵੱਲੋਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਸਥਾਪਨਾ ਰਾਹੀਂ ਧਰਮ ਜੰਗਲ-ਗੁਫਾ ਵਿੱਚੋਂ ਨਿਕਲ ਕੇ ਅਮਲੀ ਜੀਵਨ ਦਾ ਹਿੱਸਾ ਬਣਨ ਲੱਗਾ ਸੀ। ਬਰਤਾਨਵੀ ਉਪਨਿਵੇਸ਼ ਦੇ ਤਾਕਤਵਰ ਹੋਣ ਨਾਲ ਬਹੁਤ ਵੱਡੀਆਂ ਤਬਦੀਲੀਆਂ ਵਾਪਰੀਆਂ। ਪੰਜਾਬ ਵਿੱਚੋਂ ਉੱਠ ਰਹੇ ਸਿੱਖ ਇਨਕਲਾਬ ਨੂੰ ਅੰਗ੍ਰੇਜ਼ ਵਾਚ ਰਹੇ ਸਨ। ਬਾਬਾ ਬੰਦਾ ਸਿੰਘ ਵੱਲੋਂ ਖਾਲਸਾ ਰਾਜ ਦੀ ਸਥਾਪਨਾ, ਸ਼ਹਾਦਤਾਂ ਅਤੇ ਮਿਸਲਾਂ ਦਾ ਜਥੇਬੰਧਕ ਪ੍ਰਬੰਧ ਉਨ੍ਹਾਂ ਵੇਖ ਲਿਆ ਸੀ। ਇਸ ਇਨਕਲਾਬੀ ਵਿਸ਼ਵਾਸ ਦੀ ਥਾਂ ਉਨ੍ਹਾਂ ਦੀ ਰੁਚੀ ਕਲਾਸੀਕਲ ਸੰਸਕ੍ਰਿਤ, ਮਿਥਿਹਾਸ ਅਤੇ ਟੌਟਮ-ਟੈਬ ਜਿਹੇ ਆਦਿਮ ਵਿਸ਼ਵਾਸਾਂ ਵਿੱਚ ਵਧੇਰੇ ਸੀ। ਸ਼ਾਇਦ ਇਹ ਉਨ੍ਹਾਂ ਦੇ ਰਾਜਸੀ ਹਿਤਾਂ ਲਈ ਵਧੇਰੇ ਸੁਰੱਖਿਅਤ ਨੀਤੀ ਵੀ ਸੀ। ਰਾਜਪੂਤ, ਮਰਾਠੇ ਅਤੇ ਜਾਟਾਂ ਨੂੰ ਛੱਡ ਕੇ ਹੋਰ ਸਮੂਚੇ ਹਿੰਦੂ ਸਮਾਜ ਨੂੰ ਰਾਜਨੀਤੀ ਅਤੇ ਕੌਮੀਅਤ ਵਿੱਚ ਕੋਈ ਰੁਚੀ ਨਹੀਂ ਸੀ। ਮੁਸਲਮਾਨ ਅਤੇ ਸਿੱਖਾਂ ਅੰਦਰ ਕਦੀ ਵੀ ਕੌਮੀ ਜਜਬਾ ਦੁਬਾਰਾ ਫੁੱਟ ਸਕਦਾ ਸੀ। ਉਨ੍ਹਾਂ ਦਾ ਹਰੇਕ ਬੰਦਾ ਜੰਗ ਲੜ ਸਕਦਾ ਅਤੇ ਅੰਗ੍ਰੇਜ਼ੀ ਰਾਜ ਲਈ ਚੁਣੌਤੀ ਖੜੀ ਕਰ ਸਕਦਾ ਸੀ। ਸ਼ਾਇਦ ਇਸੇ ਕਰਕੇ ਬਤਰਾਨਵੀ ਅਕਾਦਮਿਕ ਅਦਾਰਿਆਂ ਅੰਦਰੋਂ ਵੈਦਿਕ ਪੁਨਰ-ਜਾਗਰਣ ਦੀਆਂ ਲਹਿਰਾਂ ਉੱਠਣ ਲੱਗੀਆਂ। ਕਾਫੀ ਪਛੜ ਕੇ ਇਨ੍ਹਾਂ ਸ਼ਰਤਾਂ 'ਤੇ ਹੀ ਮੁਲਸਮਾਨ ਅਤੇ ਸਿੱਖ ਸੁਧਾਰ ਲਹਿਰਾਂ ਵੀ ਚੱਲੀਆਂ। ਖਾਲਸਾ ਰਾਜ ਦੇ ਖਾਤਮੇ ਅਤੇ ਰਿਆਸਤੀ ਸਿੱਖ ਸਰਦਾਰਾਂ ਦੇ ਸ਼ਖਸੀ ਨਿਘਾਰ ਨੇ ਇਸ ਪੂਰੇ ਖਿੱਤੇ ਉੱਪਰ ਸਿੱਖ ਪੰਥ ਦੀ ਦਿੱਬਤਾ ਅਤੇ ਅਜਿੱਤ ਹੋਣ ਦੀ ਛਾਪ ਨੂੰ ਢਾਹ ਲਾਈ। ਅੰਗ੍ਰੇਜ਼ੀ ਰਾਜ ਦੌਰਾਨ ਵੀ ਪੰਜਾਬ ਅਤੇ ਭਾਰਤ ਦੇ ਸਰੋਕਾਰ ਸਾਂਝੇ ਸਨ। ਪੰਜਾਬ ਨੇ ਲਾਮਿਸਾਲ ਕੁਰਬਾਨੀਆਂ ਵੀ ਦਿੱਤੀਆਂ ਪਰ ਪੰਜਾਬ ਹੁਣ ਭਾਰਤ ਲਈ ਪਹਿਲਾਂ ਵਾਲਾ ਨਾਇਕ ਨਹੀਂ ਸਗੋਂ ਇੱਕ ਜੁਝਾਰੂ ਅੰਗ ਬਣ ਰਿਹਾ ਸੀ।



# ਦੇਸ ਪੰਜਾਬ ਦੀਆਂ ਬਾਤਾਂ

**ਲੇਖਕ : ਹਰਦੇਵ ਸਿੰਘ**

ਇਸ ਤਬਦੀਲੀ ਦੇ ਨੂੰ ਸਿੰਘ ਸਭਾ ਲਹਿਰ ਪਛਾਣਿਆ ਜੋ ਅੱਗੇ ਚੱਲ ਕੇ ਗੁਰਦੁਆਰਾ ਸੁਧਾਰ ਲਹਿਰ ਦਾ ਆਧਾਰ ਬਣੀ। ਮਹਾਤਮਾ ਗਾਂਧੀ ਨੇ ਭਾਰਤ ਨੂੰ ਇੱਕ ਕੌਮੀਅਤ ਬਨਾਉਣ ਖਾਤਰ ਹੋਰ ਪਛਾਣਾਂ ਵਾਂਗ ਪੰਜਾਬ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ। ਉਹ ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਰਤਾਂ ਸਹਿਤ ਸ਼ਾਮਲ ਹੋਇਆ ਅਤੇ ਉਸ ਨੇ ਸਿੱਖ ਸਿਆਸਤ ਨੂੰ ਰਾਸ਼ਟਰੀ ਸਿਆਸਤ ਦੇ ਰਾਹੇ ਪਾਇਆ। ਹਿੰਦੀ-ਹਿੰਦੁਸਤਾਨ ਦੇ ਮੁਢਲੀ ਸ਼ਹੀਦ ਭਗਤ ਸਿੰਘ ਨੂੰ ਕਰਤਾਰ ਸਿੰਘ ਸਰਾਭਾ ਵਰਗੇ ਲਾਮਿਸਾਲ ਯੋਧਿਆਂ ਦੇ ਮੁਕਾਬਲੇ ਵਧ ਉਭਾਰਿਆ ਗਿਆ ਜੋ ਸਿੱਖੀ ਸਰੂਪ ਅਤੇ ਪੰਜਾਬ ਦੀ ਮੌਲਿਕਤਾ ਦੇ ਵਧੀਕ ਨੇੜੇ ਸਨ। ਮੁਲਕ ਆਜਾਦ ਹੋਇਆ। ਕਾਂਗਰਸ ਨੇ ਖੇਤਰੀ ਧਿਰਾਂ ਨੂੰ ਵਿਰੋਧੀ ਖੇਮੇ ਵਿੱਚ ਧੱਕ ਦਿੱਤਾ। ਪੰਜਾਬ ਨੂੰ ਉਸ ਦੀ 'ਅਸਲ ਥਾਂ' ਦੱਸਣ ਦੀ ਕਵਾਇਦ ਸ਼ੁਰੂ ਹੋਈ। ਕਾਂਗਰਸੀ ਰਾਸ਼ਟਰਵਾਦ ਨੇ ਹੌਲੀ-ਹੌਲੀ ਬ੍ਰਾਹਮਣਵਾਦ ਵੱਲ ਝੁਕਣਾ ਸ਼ੁਰੂ ਕਰ ਦਿੱਤਾ ਪਰ ਉਸ ਨੂੰ ਦਿਸਦੇ ਰੂਪ ਵਿੱਚ ਆਪਣੇ ਧਰਮ-ਨਿਰਪੇਖ ਅਕਸ ਨੂੰ ਬਚਾਈ ਰੱਖਣ ਦੀ ਵੀ ਚਿੰਤਾ ਸੀ। ਧਰਮ-ਨਿਰਪੇਖ ਰਾਸ਼ਟਰਵਾਦ ਅਤੇ ਬ੍ਰਾਹਮਣਵਾਦ ਦੇ ਟਾਕਰੇ ਸਦਕਾ ਵਧੀ ਬੇਚੈਨੀ ਨੂੰ ਜਨਸੰਘ ਨੇ ਵੱਟਣਾ ਸ਼ੁਰੂ ਕਰ ਦਿੱਤਾ, ਜਿਸ ਵਿੱਚੋਂ ਨੱਬਵਿਆਂ ਦੌਰਾਨ ਹਿੰਦੁਤਵਾ ਦਾ ਸਿਆਸੀ ਉਭਾਰ ਹੋਇਆ।

ਸੂਬਿਆਂ ਨੂੰ ਵੱਧ ਹੱਕ ਦੇਣ ਦੀ ਮੰਗ ਨਾਲ 'ਧਰਮ ਜੁੱਧ ਮੋਰਚਾ' ਸ਼ੁਰੂ ਹੋਇਆ। ਕੇਂਦਰ ਨੇ ਇਸ ਮੋਰਚੇ ਨੂੰ ਫਿਰਕੂ ਰੰਗਤ ਦੇ ਕੇ ਪੰਜਾਬ ਨੂੰ ਹਾਸ਼ਿਏ 'ਤੇ ਧੱਕਿਆ ਅਤੇ ਜਬਰ ਚੱਕਰ ਸ਼ੁਰੂ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ ਉੱਪਰ ਤੀਜਾ ਘੱਲੂਘਾਰਾ ਵਾਪਰਿਆ। ਕੁਝ ਵਰ੍ਹੇ ਪਹਿਲਾਂ ਸੱਤਰ ਹਜਾਰ ਪਾਕਿਸਤਾਨੀ ਸਿਪਾਹੀਆਂ ਦੇ ਹਥਿਆਰ ਸੁਟਵਾਉਣ ਵਾਲੀ ਭਾਰਤੀ ਫੌਜ ਦੀਆਂ ਮੁੱਠੀ-ਭਰ ਬੇਵਤਨੇ ਸਿੱਖਾਂ ਸਾਹਮਣੇ ਤਰੇਲੀਆਂ ਛੁੱਟਦੀਆਂ ਦੁਨੀਆਂ ਨੇ ਵੇਖੀਆਂ। ਸਾਕਾ ਨੀਲਾ ਤਾਰਾ ਸਿੱਖ ਗਗਨ ਮੰਡਲ ਦਾ ਧ੍ਰੂ ਤਾਰਾ ਹੋ ਨਿੱਬੜਿਆ।

ਖਾੜਕੂ ਲਹਿਰ ਵਿੱਚ ਕੁੱਝ ਮੌਕਿਆਂ 'ਤੇ ਖਾੜਕੂਆਂ ਦੇ ਅਸਲੇ ਨੇ ਸਿੱਖ ਯੋਧਿਆਂ ਵਾਲੀ ਮਰਿਯਾਦਾ ਨੂੰ ਉਲੰਘਿਆ। ਯੋਧਿਆਂ ਦੇ ਨਾਂ 'ਤੇ ਬਹੁਤੇ ਕਾਰੇ ਸਰਕਾਰੀ ਕਾਲੀਆਂ ਬਿੱਲੀਆਂ ਵੱਲੋਂ ਕੀਤੇ ਗਏ। ਸਮੁਚੇ ਰੂਪ ਵਿੱਚ ਇਸ ਲਹਿਰ ਦਾ ਕਿਰਦਾਰ ਸਿੱਖੀ ਆਦਰਸ਼ਨ ਨੂੰ ਹੀ ਪ੍ਰਣਾਇਆ ਰਿਹਾ। ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਸਿੱਖ ਫੌਜ ਦੇ ਬਰਤਾਨਵੀ ਕੰਪਨੀ ਨਾਲ ਜੰਗ ਬਾਰੇ ਸਿਰਦਾਰ ਕਪੂਰ ਸਿੰਘ ਦੀ ਟਿੱਪਣੀ ਮੁੱਲਵਾਨ ਹੈ। ਲਾਹੌਰ ਦਾ ਸ਼ਾਹੀ ਪਰਿਵਾਰ ਅਤੇ ਦਰਬਾਰੀ ਭਰੋਸੇਯੋਗਤਾ ਗਵਾ ਚੁਕੇ ਸਨ। ਫੌਜ ਜਾਣਦੀ ਸੀ ਹਾਰ ਹੋਣੀ ਤੈਅ ਹੈ ਪਰ ਉਨ੍ਹਾਂ ਨੇ ਸ਼ਹਾਦਤ ਦੇ ਕੇ ਆਪਣੀ ਸੁਚੀ ਵਤਨਪ੍ਰਸਤੀ, ਸਵੈਮਾਣ ਅਤੇ ਅਕੀਦਤ ਨੂੰ ਇਤਿਹਾਸ ਦੇ ਪੰਨਿਆਂ 'ਤੇ ਦਰਜ ਕਰ ਦਿੱਤਾ। ਇਸ ਪਵਿੱਤਰਤਾ ਨੇ ਪੰਜਾਬ ਨੂੰ ਅਤਿ-ਨਿਰਾਸ਼ਾ ਦੇ ਦੌਰ ਵਿੱਚ ਮੁੜ ਉੱਠ ਖਲੋਣ ਦੀ ਪ੍ਰੇਰਨਾ ਦਿੰਦੇ ਰਹਿਣਾ ਹੈ। ਖਾੜਕੂ ਲਹਿਰ ਬਿਨਾ ਕਿਸੇ ਮੁਲਕ ਦੀ ਹਿਮਾਇਤ, ਆਰਥਿਕ ਵਸੀਲੇ ਅਤੇ ਸਿਆਸੀ ਜਥੇਬੰਦੀ ਵੱਡੇ ਨਿਸ਼ਾਨੇ ਫੁੰਡਦੀ ਹੋਈ ਸਿੱਖ ਅਵਚੇਤਨ ਵਿੱਚ ਸਮਾ ਗਈ।

ਆਰੀਆ ਸਮਾਜ ਦੇ ਵੈਦਿਕ ਪੁਨਰ-ਜਾਗਰਣ ਅਤੇ ਮਹਾਤਮਾ ਗਾਂਧੀ ਤੇ ਭਗਤ ਸਿੰਘ ਦੇ ਰਾਸ਼ਟਰਵਾਦੀ ਬਿਰਤਾਂਤ ਦੇ ਸਮਾਨਾਂਤਰ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ 'ਹਮ ਹਿੰਦੂ ਨਹੀਂ' ਵੱਖਰਾ ਬਿਰਤਾਂਤ ਸਿਰਜ ਰਹੀ ਸੀ। ਭਾਈ ਵੀਰ ਸਿੰਘ ਰਾਸ਼ਟਰੀ ਆਜਾਦੀ ਲਹਿਰ ਤੋਂ ਉਪਰਾਮ ਰਹੇ ਅਤੇ ਪ੍ਰੋਫੈਸਰ ਪੂਰਨ ਸਿੰਘ ਨੇ ਪੰਜਾਬ ਨੂੰ ਮੁੜ ਘਰ ਆਉਣ ਦੇ ਸੱਦੇ ਦਿੱਤੇ। ਜਸਬੀਰ ਸਿੰਘ ਆਹਲੂਵਾਲੀਆ ਠੀਕ ਹੀ 'ਹਮ ਹਿੰਦੂ ਨਹੀਂ' ਨੂੰ ਸਿੰਘ ਸਭਾ ਲਹਿਰ ਦਾ ਕੇਂਦਰੀ ਨੁਕਤਾ ਦਸਦਾ ਹੈ। ਇਸੇ ਟਕਰਾਅ ਨੇ ਪੰਜਾਬੀ, ਪੰਜਾਬ ਅਤੇ ਸਿੱਖੀ ਦੀ ਮੁਖਾਲਫਤ ਤੋਂ ਹੁੰਦੀਆਂ ਹੋਇਆਂ ਸਾਕਾ ਨੀਲਾ ਤਾਰਾ ਦਾ ਆਧਾਰ ਤਿਆਰ ਕੀਤਾ।

ਸਰਕਾਰੀ ਪ੍ਰਾਪੇਗੰਡੇ ਦੇ ਬਾਵਜੂਦ ਸਾਕੇ ਦਾ ਸੱਚ ਸਾਹਮਣੇ ਆਉਣ ਲੱਗਾ। ਧਰਮਜੁੱਧ ਮੋਰਚੇ ਦੀਆਂ ਕਈ ਮੰਗਾਂ ਸਮੇਂ ਦੀ ਚਾਲ ਨਾਲ ਆਪਣੇ-ਆਪ ਪ੍ਰਵਾਨ ਹੋ ਰਹੀਆਂ ਹਨ। ਕੇਂਦਰਵਾਦੀ ਸਿਆਸੀ ਪਾਰਟੀਆਂ ਨੇ ਵੀ ਭਾਰਤ ਦੇ ਬਹੁ-ਕੌਮੀ ਖਾਸੇ ਨੂੰ ਪ੍ਰਵਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜੋ ਧਰਮ-ਜੁਧ ਮੋਰਚੇ ਦੀ ਵਾਜਬੀਅਤ ਦਾ ਪ੍ਰਮਾਣ ਹੈ। ਅੱਧੀ ਸਦੀ ਹਿੰਦੀ ਦੀ ਵਕਾਲਤ ਕਰਨ ਪਿੱਛੋਂ ਜਨਸੰਘੀਆਂ (ਪੰਜਾਬ ਭਾਜਪਾ) ਨੇ ਮੰਨਿਆ ਕਿ ਪੰਜਾਬੀ ਸਾਡੀ ਮਾਂਬੋਲੀ ਹੈ। ਸੰਤ ਜਰਨੈਲ ਸਿੰਘ ਦੇ ਬਿੰਬ ਨੇ ਪੰਜਾਬ ਦੇ ਮਨ ਅੰਦਰ ਭਗਤ ਸਿੰਘ ਨਾਲੋਂ ਵੱਡੀ ਥਾਂ ਬਣਾਈ ਹੈ। ਇਹ ਪੰਜਾਬ ਦੀ ਰਾਸ਼ਟਰਵਾਦੀ ਯਾਤਰਾ ਤੋਂ ਮੁੜ ਘਰ ਵਾਪਸੀ ਵਾਂਗ ਹੈ। ਕਿਸਾਨੀ ਮੋਰਚੇ ਰਾਹੀਂ ਸਾਰਾ ਸੰਸਾਰ ਪੰਜਾਬ ਦੀ ਚੜ੍ਹਦੀਕਲਾ ਦਾ ਗਵਾਹ ਬਣਿਆ ਹੈ। ਪੱਤਰਕਾਰ ਰਵੀਸ਼ ਕੁਮਾਰ ਦੀ ਟਿੱਪਣੀ ਅਨੁਸਾਰ 'ਸੰਤਾਲੀ, ਚੁਰਾਸੀ ਝੱਲ ਕੇ ਵੀ ਪੰਜਾਬ ਅੰਦਰ 'ਹੋਰਾਂ' ਪ੍ਰਤੀ ਡਰ ਅਤੇ ਨਫਰਤ ਦੀ ਭਾਵਨਾ ਪੈਦਾ ਨਹੀਂ ਹੋਈ।' ਸਿੱਖਾਂ ਵੱਲੋਂ ਕੁਦਰਤੀ ਆਫਤ, ਜੰਗ, ਮਹਾਂਮਾਰੀ ਅਤੇ ਦੰਗਿਆਂ ਵਿੱਚ ਫਸੇ ਲੱਖਾਂ ਲੋਕਾਂ ਦੀ ਬਿਨਾਂ ਵਿਤਕਰੇ ਕੀਤੀ ਸੇਵਾ ਦੀ ਤਸਦੀਕ ਵਜੋਂ ਸੱਤ ਸਮੁੰਦਰੋਂ ਪਾਰ ਤੱਕ ਕੇਸਰੀ ਨਿਸ਼ਾਨ ਸਾਹਿਬ ਝੂਲੇ ਹਨ।

ਭ੍ਰਿਸ਼ਟਾਚਾਰ ਵਿਰੋਧੀ ਲਹਿਰ 'ਚੋਂ ਉੱਭਰੇ ਸ੍ਰੀ ਅਰਵਿੰਦ ਕੇਜਰੀਵਾਲ ਦਾ ਕਾਂਗਰਸ ਅਤੇ ਹਿੰਦੁਤਵਾ ਜਮਾਤਾਂ ਤੋਂ ਵੱਖਰਾ ਸਿਆਸੀ ਦਲ ਕਾਇਮ ਕਰਨਾ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਕੇਜਰੀਵਾਲ ਦਾ ਰਾਸ਼ਟਰਵਾਦ ਅਤੇ ਸੁਧਾਰਵਾਦ ਮਹਾਤਮਾ ਗਾਂਧੀ ਦੇ ਅਹਿੰਸਕ ਸੁਤੰਤਰਤਾ ਸੰਗਰਾਮ ਨਾਲ ਮੇਲ ਖਾਂਦਾ ਹੈ। ਰਾਜਮੋਹਨ ਗਾਂਧੀ (ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੇਟਨ ਤੱਕ) ਅਨੁਸਾਰ ਮਹਾਤਮਾ ਗਾਂਧੀ ਪੰਜਾਬ ਨੂੰ ਅਤੇ ਪੰਜਾਬ ਮਹਾਤਮਾ ਗਾਂਧੀ ਨੂੰ ਸਮਝ ਨਹੀਂ ਸੀ ਸਕਿਆ। ਕੇਜਰੀਵਾਲ ਮਹਾਤਮਾ ਗਾਂਧੀ ਦੀ ਥਾਂ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੱਧ ਵਰਤਦਾ ਹੈ।

ਚਲੰਤ ਚੋਣਾਂ ਦੇ ਸਿਆਸੀ ਮਨੋਰਥ-ਪੱਤਰਾਂ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਿਆਸੀ ਜਮਾਤ ਕੋਲ ਪੰਜਾਬ ਦੇ ਬਾਣੀ, ਪਾਣੀ ਅਤੇ ਹਾਣੀ ਦੇ ਮਸਲੇ ਦਾ ਠੋਸ ਹੱਲ ਨਹੀਂ ਹੈ। ਪਿਛਲੀ ਅੱਧੀ ਸਦੀ ਤੋਂ ਪੰਜਾਬ ਨਾਲ ਹੋਏ ਵਿਤਕਰੇ ਅਤੇ ਕੁਦਰਤੀ ਵਸੀਲਿਆਂ (ਪਾਣੀ) ਦੀ ਲੁੱਟ ਦੇ ਨਤੀਜੇ ਵਜੋਂ ਪੰਜਾਬ ਕਰਜੇ ਦੀ ਪੰਡ ਅਤੇ ਰੋਗਾਂ ਦੀ ਮਾਰ ਹੇਠ ਆ ਚੁਕਿਆ ਹੈ। ਸਿੱਖਿਆ ਤੇ ਸਿਹਤ ਸੰਸਥਾਵਾਂ ਤਬਾਹੀ ਕੰਢੇ ਹਨ। ਬੇਰੁਜਗਾਰੀ, ਭ੍ਰਿਸ਼ਟਾਚਾਰ, ਨਸ਼ਾ ਅਤੇ ਗੈਂਗਵਾਰ ਵਧ ਰਹੇ ਹਨ। ਨੌਜਵਾਨੀ ਵਿਦੇਸ਼ ਜਾ ਰਹੀ ਹੈ ਜਿਸ ਨਾਲ ਹੋਰ ਕਈ ਗੰਭੀਰ ਆਰਥਕ, ਸਮਾਜਕ ਅਤੇ ਸੱਭਿਆਚਾਰਕ ਮਸਲੇ ਪੇਸ਼ ਆਉਣੇ ਹਨ। ਪੇਂਡੂ ਤੇ ਜੱਟ ਹੀ ਨਹੀਂ ਸਗੋਂ ਸ਼ਹਿਰੀ ਹਿੰਦੂ ਮੱਧਵਰਗੀ ਨੌਜਵਾਨ ਵੀ ਵਿਦੇਸ਼ ਜਾਣ ਲਈ ਮਜਬੂਰ ਹੈ।

ਤਮਾਮ ਪਾਰਟੀਆਂ ਵੱਲੋਂ ਸਜਾ ਪੂਰੀ ਕਰ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਪ੍ਰਤੀ ਹਾਂਵਾਚੀ ਰਵੱਈਏ ਦੇ ਉਲਟ ਪ੍ਰੋਫੈਸਰ ਭੁੱਲਰ ਦੀ ਰਿਹਾਈ ਵਿੱਚ ਕੇਜਰੀਵਾਲ ਅੜਿੱਕਾ ਬਣਿਆ ਹੈ। ਉਹ ਨਾ ਹੀ 'ਆਪ' ਦੀ ਪੰਜਾਬ ਇਕਾਈ ਪੰਜਾਬੀਆਂ ਵਾਂਗ ਸੋਚਣ ਨਹੀਂ ਦਿੰਦਾ ਹੈ ਅਤੇ ਨਾ ਹੀ ਪੰਜਾਬੀ ਚਿਹਰਾ ਉੱਭਰਨ ਦਿੰਦਾ ਹੈ। ਪੰਜਾਬ ਵਿੱਚ ਖਲੋ ਕੇ ਦਰਿਆਈ ਪਾਣੀਆਂ 'ਤੇ ਦਿੱਲੀ ਦਾ ਹੱਕ ਦੱਸਿਆ ਜਾ ਰਿਹੈ ਅਤੇ ਇਸ਼ਤਿਹਾਰ ਹਿੰਦੀ ਵਿੱਚ ਲੱਗ ਰਹੇ ਹਨ।

ਸੁਹਿਰਦ ਲੋਕਾਂ ਵੱਲੋਂ 'ਆਪ' ਦੀ ਪੰਜਾਬ ਪਹੁੰਚ ਬਾਰੇ ਕੀਤੇ ਸਵਾਲਾਂ ਨੂੰ ਸਿਰਫ ਪਾਰਟੀਬਾਜੀ ਆਖ ਕੇ ਚੁੱਪ ਕਰਾਇਆ ਜਾ ਰਿਹਾ ਹੈ। ਪੰਜਾਬ ਦੇ ਮੋਰਚਿਆਂ ਦੌਰਾਨ ਭਾਰਤ ਦੇ ਹੱਕ ਵਿੱਚ ਭੁਗਤਣ ਵਾਲੇ ਸਾਰੇ ਪੰਜਾਬੀ ਬੇਈਮਾਨ ਜਾਂ ਸਿੱਖ ਵਿਰੋਧੀ ਨਹੀਂ ਸਨ। ਵੱਡਾ ਹਿੱਸਾ ਵਾਇਆ ਭਗਤ ਸਿੰਘ ਹਿੰਦੀ-ਹਿੰਦੁਸਤਾਨ ਦੇ ਰਾਸ਼ਟਰਵਾਦੀ ਮਾਇਆ ਜਾਲ ਵਿੱਚ ਕੀਲਿਆ ਹੋਇਆ ਵੀ ਸੀ। ਆਪ ਵੱਲੋਂ ਪੰਜਾਬ ਨੂੰ ਕੀਲੇ ਜਾਣ ਦੇ ਆਹਰ ਹੋ ਰਹੇ ਹਨ। ਕੀਲੇ ਹੋਏ ਲੋਕ ਵਧੀਕ ਆਤਮਘਾਤੀ ਹੁੰਦੇ ਹਨ। ਪੰਜਾਬ ਸੰਬੰਧੀ ਆਪ ਦੀ ਪਹੁੰਚ ਸਿਰਫ ਵੋਟ-ਸਿਆਸਤ ਦਾ ਮਸਲਾ ਨਹੀਂ ਹੈ। ਇਹ ਪਹੁੰਚ ਆਰ.ਐਸ.ਐਸ. ਅਤੇ ਭਾਜਪਾ ਦੇ ਮੁਕਾਬਲੇ ਧਰਮ-ਨਿਰਪੇਖ ਜਾਪਦਿਆਂ ਵੀ ਉਨ੍ਹਾਂ ਨਾਲੋਂ ਵਧੀਕ ਖਤਰਨਾਕ ਹੈ। ਪੰਜਾਬ ਨੇ ਹਿੰਦੁਤਵਾ ਸਿਆਸਤ ਨੂੰ ਕਦੇ ਆਪਣੇ ਮਨ-ਮਸਤਕ ਦਾ ਭਾਗ ਬਣਨ ਹੀ ਨਹੀਂ ਦਿੱਤਾ ਪਰ 'ਆਪ' ਦੀ ਨੀਤੀ ਅਦਿੱਖ ਹਥਿਆਰ ਵਾਂਗ ਪੰਜਾਬੀਆਂ ਦੇ ਸੀਨੇ ਅੰਦਰ ਧਸ ਰਹੀ ਹੈ। ਮਹਾਤਮਾ ਗਾਂਧੀ ਤੋਂ ਇੰਦਰਾ ਗਾਂਧੀ ਤੱਕ ਦੇ ਸਫਰ ਚੋਂ ਸਬਕ ਲੈਂਦਿਆਂ ਪੰਜਾਬ ਅੰਦਰ ਮੁੜ ਦੁਫੇੜ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।ਸੰਕਟ ਦੇ ਮੂੰਹ ਆਏ ਭਾਰਤੀ ਰਾਟਰਵਾਦ ਵਿੱਚੋਂ ਪੰਜਾਬ ਕੀ ਹਾਸਲ ਕਰੇਗਾ? ਇਹ ਵੱਡਾ ਸਵਾਲ ਹੈ। ਪੰਜਾਬ ਦੀ ਮੌਲਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੰਨ-ਸੁਵੰਨਤਾ, ਆਜਾਦੀ ਅਤੇ ਬਰਾਬਰਤਾ ਦੇ ਸਿਧਾਂਤ ਵਿੱਚ ਹੈ ਜਿਸ ਰਾਹੀਂ ਸਦੀਆਂ ਤੋਂ ਚੱਲੇ ਆਉਂਦੇ ਜਾਤਿ, ਵਰਗ ਅਤੇ ਫਿਰਕੇ ਦੇ ਪਾੜੇ ਨੂੰ ਮੇਟਿਆ ਜਾ ਸਕਦਾ ਹੈ। ਇਸ ਮੌਲਕਤਾ ਅੰਦਰ ਸਮੁਚੇ ਵਿਸ਼ਵ ਲਈ ਦਇਆ, ਸੰਤੋਖ ਅਤੇ ਸੇਵਾ ਜਿਹੀਆਂ ਵੱਡੀਆਂ ਬਖਸ਼ਿਸ਼ਾਂ ਮੌਜੂਦ ਹਨ। ਪੰਜਾਬ ਨੂੰ ਹੋਰ ਸਾਂਚਿਆਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰਨਾ ਇੱਕ ਉਪਕਾਰੀ ਅਤੇ ਮੌਲਿਕ ਤਰਜੇ-ਜਿੰਦਗੀ ਨੂੰ ਖਤਮ ਕਰਨਾ ਹੈ, ਜੋ ਮਨੁੱਖਤਾ ਅਤੇ ਕੁਦਰਤ ਦੇ ਖਿਲਾਫ ਵੱਡਾ ਅਪਰਾਧ ਹੋਵੇਗਾ।

# ਸ਼ੇਰੇ ਪੰਜਾਬ ਦੇ ਇਤਿਹਾਸ ਨਾਲ ਜੁੜਿਆ ਜਸਰੋਟੇ ਦਾ ਕਿਲ੍ਹਾ ਬਣਿਆ ਖੰਡਹਰ





ਲੇਖਕ : ਇੰਦਰਜੀਤ ਸਿੰਘ ਹਰਪੁਰਾ

ਜਸਰੋਟਾ ਰਿਆਸਤ ਪੁਰਾਣੀਆਂ ਪਹਾੜੀ ਬਾਈਧਾਰ ਰਿਆਸਤਾਂ 'ਚੋਂ ਇਕ ਰਿਆਸਤ ਸੀ, ਜਿਹੜੀ ਡੂਗਰ ਦੇ ਹਲਕੇ ਵਿਚ ਦਰਿਆ ਰਾਵੀ ਦੇ ਪੱਛਮ ਵੱਲ ਉੱਪਰਲੀਆਂ ਸ਼ਿਵਾਲਿਕ ਪਹਾੜੀਆਂ ਵਿਚ ਸਥਿਤ ਸੀ ।

ਇਸ ਰਿਆਸਤ ਦੇ ਦੱਖਣ 'ਚ ਕਰਾਈਧਾਰ ਪਰਬਤੀ-ਲੜੀ ਹੈ, ਜਿਹੜੀ ਜਸਰੋਟਾ ਰਿਆਸਤ ਨੂੰ ਉੱਤਰ ਵਲੋਂ ਬਜੋਹਲੀ, ਭਾਦੂ ਅਤੇ ਮਾਨਕੋਟ ਰਿਆਸਤਾਂ ਨਾਲੋਂ ਵੱਖ ਕਰਦੀ ਹੈ ।ਇਸ ਦੇ ਪੂਰਬ ਵਿਚ ਲਖਣਪੁਰ, ਦੱਖਣ ਵਿਚ ਮੈਦਾਨੀ ਇਲਾਕਾ ਅਤੇ ਪੱਛਮ ਵੱਲ ਰਿਆਸਤ ਸਾਂਬਾ ਹੈ । ਜਸਰੋਟ ਰਿਆਸਤ ਦੀ ਰਾਜਧਾਨੀ ਜਸਰੋਟਾ ਸ਼ਹਿਰ ਹੈ, ਜਿਸ ਦੇ ਨਾਂਅ ਉੱਪਰ ਇਸ ਰਿਆਸਤ ਅਤੇ ਇੱਥੋਂ ਦੇ ਰਾਜ-ਘਰਾਣੇ ਦਾ ਨਾਂਅ ਪਿਆ । ਜਸਰੋਟਾ ਸ਼ਹਿਰ ਕਰਾਈਧਾਰ ਪਰਬਤਾਂ ਦੇ ਬਾਹਰ ਦੱਖਣੀ ਪਾਸੇ ਵੱਲ ਵਸਿਆ ਹੋਇਆ ਹੈ ।ਰਿਆਸਤ ਜਸਰੋਟਾ ਇਨ੍ਹਾਂ ਰਾਜਿਆਂ ਦੇ ਰਾਜ ਦੌਰਾਨ ਇਕ ਖੁਸ਼ਹਾਲ ਰਿਆਸਤ ਸੀ । ਇਸ ਰਾਜ ਖੇਤਰ ਦੀ ਭੂਮੀ ਮੈਦਾਨੀ ਇਲਾਕੇ ਦੇ ਬਿਲਕੁਲ ਨਾਲ ਲਗਦੀ ਹੋਣ ਕਰਕੇ ਕਾਫੀ ਜ਼ਰਖੇਜ਼ ਸੀ ਅਤੇ ਜਸਰੋਟਾ ਦਾ ਸ਼ਕਤੀਸਾਲੀ ਹੋਣਾ ਕੁਦਰਤੀ ਸੀ ।

ਜਸਰੋਟਾ ਦਾ ਰਾਜ ਘਰਾਣਾ ਹੋਰ ਰਿਆਸਤੀ ਰਾਜ-ਕੁਲਾਂ ਵਾਂਗ ਹੀ ਮੂਲ ਰੂਪ 'ਚ ਜੰਮੂ ਦੇ ਸ਼ਾਹੀ ਖ਼ਾਨਦਾਨ ਵਿਚੋਂ ਸੀ ।13ਵੀਂ ਸਦੀ ਦੌਰਾਨ ਦੀ ਇਹ ਮੁਢਲੀ ਰਿਆਸਤ ਛੋਟੇ-ਛੋਟੇ ਪਹਾੜੀ ਰਾਜਵਾੜਿਆਂ 'ਚੋਂ ਪੁਰਾਣੀ ਜਾਪਦੀ ਹੈ ।ਭੁਜ ਦੇਵ ਅਣਵੰਡੀ ਰਿਆਸਤ ਜੰਮੂ ਦਾ ਅਖੀਰਲਾ ਰਾਜਾ ਸੀ ।ਇਸ ਦੇ ਚਾਰ ਪੁੱਤਰ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡਾ ਮਾਨਕੋਟੀਆ ਖ਼ਾਨਦਾਨ ਦਾ ਬਾਨੀ ਹੋਇਆ, ਦੂਜਾ ਜੰਮੂ ਦਾ ਰਾਜਾ ਬਣ ਗਿਆ, ਤੀਜਾ 'ਕਰਨ ਦੇਵ' ਜਿਸ ਲਈ ਜਸਰੋਟਾ ਦਾ ਇਲਾਕਾ ਬਾਕੀ ਰਹਿ ਗਿਆ ਸੀ, ਜਸਰੋਟ ਦੇ ਨਾਲ ਲਗਦੇ ਰਾਜਿਆਂ ਦੇ ਇਲਾਕੇ ਮਿਲਾ ਕੇ ਨਵੀਂ ਰਿਆਸਤ ਦਾ ਰਾਜਾ ਬਣ ਗਿਆ । ਬਾਅਦ ਵਿਚ ਜਸਰੋਟਾ ਸ਼ਹਿਰ ਨੂੰ ਰਾਜਧਾਨੀ ਬਣਾਉਣ ਕਾਰਨ ਇਸ ਘਰਾਣੇ ਦਾ ਨਾਂਅ ਜਸਰੋਟੀਆ ਅਤੇ ਰਿਆਸਤ ਦਾ ਨਾਂਅ ਜਸਰੋਟਾ ਚੱਲਿਆ ।ਜਸਰੋਟਾ ਨਗਰ ਦੀ ਨੀਂਹ ਕਿਉਂਕਿ ਜਸ-ਦੇਵ ਨੇ ਰੱਖੀ ਸੀ, ਇਸ ਲਈ ਇਸ ਦਾ ਨਾਂਅ ਜਸਰੋਟਾ ਰੱਖਿਆ ਗਿਆ ।

ਜਸਰੋਟਾ ਬਾਰੇ ਸੰਸਕ੍ਰਿ ਸਾਹਿਤ ਵਿਚ ਤਾਂ ਕੁਝ ਨਹੀਂ ਮਿਲਦਾ, ਪਰ ਅਕਬਰ ਦੇ ਸਮੇਂ ਦੇ ਮੁਸਲਿਮ ਇਤਿਹਾਸ 'ਚ ਦੋ ਕੁ ਵਾਰੀ ਇਸ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਰਿਆਸਤ ਦਾ ਥੋੜ੍ਹਾ-ਬਹੁਤ ਸੰਬੰਧ ਜੰਮੂ ਨਾਲ ਹਮੇਸ਼ਾ ਹੀ ਰਿਹਾ । ਅਕਬਰਨਾਮਾ ਅਤੇ ਮਾਅਸਿਹ-ਉਲ-ਉਸਰ ਪੁਸਤਕਾਂ 'ਚ ਵੀ ਇਹ ਮੁਗ਼ਲ ਸਲਤਨਤ ਦੀਆਂ ਦੋ ਵੱਡੀਆਂ ਵਿਰੋਧੀ ਪਹਾੜੀ ਰਿਆਸਤਾਂ ਵਿਚੋਂ ਰਿਹਾ ਹੈ ।

ਇਸ ਰਿਆਸਤ ਦਾ ਮੁੱਢ 13ਵੀਂ ਸਦੀ ਦੌਰਾਨ ਬੱਝਿਆ ਅਤੇ ਸੰਨ 1834 ਤੱਕ ਇਕ ਦੂਜੇ ਤੋਂ ਬਾਅਦ ਇਸ ਦੇ ਕੁੱਲ ਸਤਾਈ ਰਾਜੇ ਹੋਏ । ਇਸ ਰਿਆਸਤ ਦੇ ਮੁਢਲੇ ਇਤਿਹਾਸ ਬਾਰੇ ਕਿਤੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ । ਕਰਮ ਦੇਵ, ਬੀਰ ਦੇਵ, ਕਾਲੂ-ਦੇਵ, ਅਮੀਲ ਦੇਵ, ਬਲਾਰ ਦੇਵ, ਕਲਸ ਦੇਵ ਅਤੇ ਪ੍ਰਤਾਪ ਦੇਵ ਆਦਿ ਦੇ ਨਾਂਅ ਹੀ ਮੁੱਢਲੇ ਜਸਰੋਟ ਰਾਜਿਆਂ 'ਚੋਂ ਮਿਲਦੇ ਹਨ ।ਰਾਜਾ ਪ੍ਰਤਾਪ ਦੇਵ ਅਤੇ ਇਸ ਦੇ ਭਰਾ ਸੰਗਰਾਮ ਦੇਵ ਵਿਚਕਾਰ ਕੁਝ ਮਤਭੇਦ ਹੋ ਜਾਣ ਕਰਕੇ ਰਿਆਸਤ ਜਸਰੋਟਾ ਦਾ ਖੇਤਰ ਦੋ ਹਿੱਸਿਆਂ ਵਿਚ ਵੰਡਿਆ ਗਿਆ, ਜਿਸ ਦੇ ਫ਼ਲਸਰੂਪ ਇਕ ਨਵੀਂ ਸਟੇਟ ਹੋਂਦ 'ਚ ਆਈ ।ਇਸ ਰਿਆਸਤ ਦੀ ਰਾਜਧਾਨੀ 'ਲਖਣਪੁਰ' 'ਚ ਸਥਾਪਿਤ ਕੀਤੀ ਗਈ ਅਤੇ ਇਸ ਕਰਕੇ ਰਿਆਸਤ ਦਾ ਨਾਂਅ ਵੀ ਲਖਣਪੁਰ ਪਿਆ ।ਲਖਣਪੁਰ ਦੀ ਪੱਛਮੀ ਹੱਦ ਰਾਵੀ ਦਰਿਆ ਦੀ ਸਹਾਇਕ ਨਦੀ 'ਉੱਝ' ਮੰਨਿਆ ਗਿਆ ।ਰਾਜੇ ਦੀ ਰਿਹਾਇਸ਼ ਲਈ ਲਖਣਪੁਰ 'ਚ ਅਤੇ ਥੀਨ ਵਿਖੇ ਇਕ ਟਿੱਲੇ ਉੱਪਰ ਕਿਲ੍ਹੇ ਬਣਵਾਏ ਗਏ ।ਇਸ ਲਈ ਇਸ ਰਿਆਸਤ ਨੂੰ ਰਾਜਾ ਸੰਗਰਾਮ-ਦੇਵ ਦੇ ਸਮਕਾਲੀ ਇਤਿਹਾਸ ਵਿਚ ਕਿਧਰੇ-ਕਿਧਰੇ ਥੀਨ ਰਿਆਸਤ ਵੀ ਕਿਹਾ ਗਿਆ ਹੈ ।ਇਨ੍ਹਾਂ ਦੋਹਾਂ ਥਾਵਾਂ 'ਤੇ ਬਣਾਏ ਕਿਲਿਆਂ ਦੇ ਖੰਡਰਾਤ ਅਜੇ ਵੀ ਮੌਜੂਦ ਹਨ ।

ਪ੍ਰਤਾਪ ਦੇਵ ਤੋਂ ਬਾਅਦ ਜਤਰ ਦੇਵ, ਅਤਰ ਦੇਵ ਜਾਂ ਅਟਲ ਦੇਵ, ਸੁਲਤਾਨ ਦੇਵ, ਸਗਤ ਦੇਵ, ਦੌਲਤ-ਦੇਵ ਅਤੇ ਭਾਬੂ ਦੇਵ ਰਾਜਿਆਂ ਦੇ ਤੌਰ 'ਤੇ ਗੱਦੀਨਸ਼ੀਨ ਹੋਏ । ਇਨ੍ਹਾਂ ਵਿਚੋਂ ਰਾਜਾ ਭਾਬੂ-ਦੇਵ ਨੂੰ ਅਕਬਰ ਦੇ ਸਮੇਂ ਦਾ ਵਿਰੋਧੀ ਰਾਜਾ ਦੱਸਿਆ ਗਿਆ ਹੈ । ਸੰਨ 1588-89 ਦੌਰਾਨ ਜੰਮੂ ਤੋਂ ਲੈ ਕੇ ਜਸਵਾਨ ਤਕ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਨੇ ਬਗ਼ਾਵਤ ਕੀਤੀ, ਪਰ ਇਸ ਬਗ਼ਾਵਤ ਨੂੰ ਦਬਾ ਦਿੱਤਾ ਗਿਆ ।ਇਸ ਤੋਂ 6 ਕੁ ਸਾਲ ਪਿੱਛੋਂ ਦੁਬਾਰਾ ਫਿਰ ਇਨ੍ਹਾਂ ਹੀ ਰਾਜਿਆਂ ਨੇ ਬਗ਼ਾਵਤ ਕੀਤੀ, ਜਿਸ ਦੀ ਅਗਵਾਈ ਰਾਜਾ ਭਾਬੂ ਨੇ ਕੀਤੀ । ਸ਼ਾਹੀ ਫ਼ੌਜਾਂ ਨੇ ਕਾਫੀ ਜੱਦੋ-ਜਹਿਦ ਉਪਰੰਤ ਜੰਮੂ ਉਪਰ ਕਬਜ਼ਾ ਕਰ ਲਿਆ । ਇਸ ਉਪਰੰਤ ਇਹ ਪੂਰਬ ਵੱਲ ਵਧਿਆ ਅਤੇ ਸਾਂਬਾ ਦੇ ਸਥਾਨ 'ਤੇ ਆ ਕੇ ਲਖਣਪੁਰ ਦੇ ਰਾਜਾ ਬਲਭਦਰ ਅਤੇ ਜਸਰੋਟਾ ਦੇ ਰਾਜਾ ਭਾਬੂ ਨੂੰ ਹਥਿਆਰ ਸੁੱਟਣੇ ਪਏ ਸ਼ਇਸ ਤੋਂ ਪਿੱਛੋਂ ਜਸਰੋਟਾ ਅਤੇ ਕਬਜ਼ਾ ਕਰਨ ਲਈ ਵੀ ਮੁਗ਼ਲ ਫ਼ੌਜਾਂ ਨੂੰ ਰਾਜਾ ਭਾਬੂ ਦੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਚੰਗਾ ਟਾਕਰਾ ਕਰਨਾ ਪਿਆ ਅਤੇ ਘਮਸਾਣ ਦੀ ਲੜਾਈ ਹੋਈ

ਭਾਬੂ ਦੇਵ ਤੋਂ ਪਿੱਛੋਂ ਭੁਜ ਦੇਵ, ਫ਼ਤਹਿ ਦੇਵ, ਤੇਜ ਦੇਵ, ਸ਼ਿਵ ਦੇਵ, ਜਗਦੇਵ, ਸੁਖਦੇਵ ਅਤੇ ਧਰੁਵ-ਦੇਵ ਕ੍ਰਮਵਾਰ ਹੋਏ ਙ ਇਨ੍ਹਾਂ ਬਾਰੇ ਵੀ ਕੋਈ ਵਿਸ਼ੇਸ਼ ਘਟਨਾ ਦਾ ਪਤਾ ਨਹੀਂ ਹੈ । ਫਿਰ ਕਿਰਾਲ ਦੇਵ ਤੇ ਰਤਨ ਦੇਵ ਹੋਏ ਙ ਰਤਨਦੇਵ ਜੰਮੂ ਦੇ ਰਾਜਾ ਰਣਜੀਤ ਦੇਵ ਦਾ ਸਮਕਾਲੀ (1750 ਈ.) ਸੀ ।

ਇਤਿਹਾਸਕਾਰਾਂ ਵਲੋਂ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ 18ਵੀਂ ਸਦੀ ਦੇ ਪਹਿਲੇ ਅੱਧ ਤੱਕ ਮੁਗ਼ਲ ਤਾਕਤ ਦੇ ਘਟਣ ਨਾਲ ਪੰਜਾਬ ਉੱਪਰ ਅਹਿਮਦ ਸ਼ਾਹ ਦੁਰਾਨੀ ਦਾ ਕਬਜ਼ਾ ਹੋ ਗਿਆ ਅਤੇ ਬਸੋਹਲੀ ਵਰਗੀਆਂ ਪਹਾੜੀ ਰਿਆਸਤਾਂ ਵਾਂਗ 'ਜਸਰੋਟਾ' ਵੀ ਕਾਫ਼ੀ ਹੱਦ ਤੱਕ ਜੰਮੂ ਰਾਜ ਅਧਿਕਾਰ ਹੇਠ ਆ ਗਈ ।18ਵੀਂ ਸਦੀ ਦੇ ਪਿਛਲੇ ਅੱਧ ਦੌਰਾਨ ਸਿੱਖਾਂ ਨੇ ਇਸ ਰਿਆਸਤ ਵੱਲ ਵਧਣਾ ਸ਼ੁਰੂ ਕਰ ਦਿੱਤਾ । ਅੱਗੋਂ ਪਹਾੜੀ ਮੁਖੀਆਂ ਨੇ ਵੀ ਇਨ੍ਹਾਂ ਦੀਆਂ ਲੜਾਈਆਂ 'ਚ ਭਾੜੇ ਦੇ ਸਿਪਾਹੀਆਂ ਵਜੋਂ ਲੜਨ ਦੀ ਪੇਸ਼ਕਸ਼ ਕਰ ਦਿੱਤੀ । ਇਸ ਤਰ੍ਹਾਂ ਸਿੱਖਾਂ ਨੇ ਆਪਣੇ ਪੈਰ ਇਨ੍ਹਾਂ ਰਿਆਸਤਾਂ 'ਚ ਵੀ ਟਿਕਾ ਲਏ । ਸੰਨ 1744 ਤੋਂ ਲੈ ਕੇ 1783 ਦੌਰਾਨ ਜਸਰੋਟਾ ਅਤੇ ਚੰਬਾ, ਬਸੋਹਲੀ ਤੇ ਜੰਮੂ ਤੱਕ ਸਿੱਖਾਂ ਵਲੋਂ ਹਮਲੇ ਹੋਏ । ਇਤਿਹਾਸਕਾਰਾਂ ਦਾ ਖ਼ਿਆਲ ਹੈ, ਪਠਾਨਕੋਟ ਦੇ ਕਾਬਜ਼ ਹਮਲਾਵਰਾਂ 'ਚੋਂ ਘਨਈਆ ਮਿਸਲ ਦੇ ਸਰਦਾਰਾਂ ਨੇ ਸਭ ਤੋਂ ਪਹਿਲਾਂ ਹੱਲਾ ਕੀਤਾ । ਇਸ ਦੌਰਾਨ (19ਵੀਂ ਸਦੀ ਦੇ ਸ਼ੁਰੂ ਤੱਕ) ਜਸਰੋਟਾ ਰਿਆਸਤ ਦੀ ਗੱਦੀ 'ਤੇ ਭਾਗ ਸਿੰਘ, ਅਜੈਬ ਸਿੰਘ ਤੇ ਲਾਲ ਸਿੰਘ ਬੈਠੇ ।ਸੰਨ 1801 ਤੱਕ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਬਣਿਆ ਤੇ ਸੰਨ 1808 'ਚ ਉਹ ਜਸਰੋਟਾ ਵੱਲ ਵਧਿਆ ਤਾਂ ਜਸਰੋਟਾ ਸਰਦਾਰਾਂ ਨੇ ਅੱਗੋਂ ਧੀਰਜ ਭਾਅ ਨਾਲ ਨਜ਼ਰਾਨਾ ਭੇਟ ਕੀਤਾ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ ।ਇਸੇ ਤਰ੍ਹਾਂ ਬਾਕੀ ਦੀਆਂ ਰਿਆਸਤਾਂ ਵੀ ਸਿੱਖ ਤਾਕਤ ਦੇ ਕਬਜ਼ੇ ਹੇਠ ਆ ਗਈਆਂ । ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਉੱਘੇ ਸਰਦਾਰ ਦੇਸਾ ਸਿੰਘ ਮਜੀਠਾ ਨੂੰ ਪਹਾੜੀ ਖੇਤਰ ਦਾ ਨਾਜ਼ਮ ਥਾਪਿਆ । ਬਸੌਲੀ, ਭਾਦੂ ਤੇ ਮਾਨਕੋਟ ਇਲਾਕੇ ਵੀ ਉਸ ਦੇ ਅਧੀਨ ਹੀ ਆ ਗਏ । ਇਸ ਸਮੇਂ ਜਸਰੋਟਾ ਦਾ ਰਾਜਾ ਰਣਬੀਰ ਸਿੰਘ ਸੀ, ਜਿਸ ਦੀ ਮੌਤ ਪਿੱਛੋਂ ਉਸ ਦੇ ਕੋਈ ਬੇਟਾ ਨਾ ਹੋਣ ਕਰਕੇ ਉਸ ਦਾ ਛੋਟਾ ਭਰਾ ਭੂਰੀ ਸਿੰਘ ਰਾਜਾ ਬਣਿਆ ।ਇਹ ਜਸਰੋਟਾ ਖ਼ਾਨਦਾਨ ਦਾ ਆਖਰੀ ਰਾਜਾ ਸੀ ਅਤੇ ਪੂਰੀ ਤਰ੍ਹਾਂ ਸਿੱਖਾਂ ਦੇ ਅਧੀਨ ਰਿਹਾ।

ਸੰਨ 1828 ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਸਿੱਖ ਵਜ਼ੀਰ ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਰਾਜਾ ਬਣਾ ਕੇ ਇੱਥੇ ਭੇਜਿਆ ਗਿਆ ਅਤੇ ਜਸਰੋਟਾ ਰਿਆਸਤ ਇਸ ਨੂੰ ਜਗੀਰ ਦੇ ਤੌਰ 'ਤੇ ਦੇ ਦਿੱਤੀ ਗਈ । ਹੀਰਾ ਸਿੰਘ ਨੇ ਜਸਰੋਟਾ ਦੀ ਪਹਾੜੀ ਉੱਪਰ ਪੁਰਾਣੇ ਕਿਲ੍ਹੇ ਦਾ ਫਿਰ ਨਿਰਮਾਣ ਕੀਤਾ । ਨਾਨਕਸ਼ਾਹੀ ਇੱਟਾਂ ਨਾਲ ਬਣੇ, ਇਸ ਕਿਲ੍ਹੇ 'ਚੋਂ 18ਵੀਂ ਤੇ 19ਵੀਂ ਸਦੀ ਦੀ ਸਿੱਖ ਭਵਨ ਨਿਰਮਾਣ ਕਲਾ ਦੀ ਖ਼ੂਬਸੂਰਤ ਝਲਕ ਦੇਖੀ ਜਾ ਸਕਦੀ ਹੈ ।

ਕਿਲ੍ਹੇ ਦਾ ਇਕ ਵੱਡਾ ਦਰਵਾਜ਼ਾ, ਜੋ ਹੁਣ ਲਗਭਗ ਢਹਿ ਚੁੱਕਾ ਹੈ, ਇਸ ਦੀ ਬੁਲੰਦੀ ਨੂੰ ਦਰਸਾਉਂਦਾ ਹੈ ।ਉਸ ਤੋਂ ਅੱਗੇ ਚੱਲ ਕੇ ਕਾਫੀ ਖੰਡਰਾਤ ਆਉਂਦੇ ਹਨ ਅਤੇ ਫਿਰ ਇਕ ਵੱਡਾ ਤਲਾਬ ਅਤੇ ਉਸ ਦੇ ਕਿਨਾਰੇ ਇਕ ਸ਼ਾਹੀ ਮਹਿਲ ਦੇ ਖੰਡਰ ਮੌਜੂਦ ਹਨ ਜੋ ਇਸ ਕਿਲ੍ਹੇ ਦੀ ਖ਼ੂਬਸੂਰਤੀ ਨੂੰ ਅੱਜ ਵੀ ਦਰਸਾਉਂਦੇ ਹਨ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012



ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services



Onsite Service Available
Computer Repair & Upgrade
Spyware & Virus Removal
Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਸਿੰਘ ਸਭਾ ਲਹਿਰ ਦੀ ਪੁਨਰ ਸੁਰਜੀਤੀ ਦੀ ਲੋੜ

ਲੇਖਕ: ਕੁਲਵੰਤ ਸਿੰਘ

ਕਿਸੇ ਵੀ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ ਉਸ ਦੇ ਸਬੰਧ ਵਿਚ ਲਗਾਤਾਰ ਲਹਿਰ ਚਲਾਈ ਰੱਖਣ ਦੀ ਲੋੜ ਹੁੰਦੀ ਹੈ। ਧਰਮ ਦੇ ਸਬੰਧ ਵਿਚ ਵੀ ਇਹ ਹੀ ਸੱਚਾਈ ਹੈ ਕਿ ਕਿਸੇ ਧਰਮ ਦੀ ਨਿਰਮਲ ਸੱਚਾਈ ਨੂੰ ਪ੍ਰਦੂਸ਼ਣ ਰਹਿਤ ਰੱਖਣ ਲਈ ਉਸ ਧਰਮ ਦੀ ਲਹਿਰ ਨੂੰ ਲਗਾਤਾਰ ਚਲਾਈ ਰੱਖਣ ਦੀ ਲੋੜ ਹੁੰਦੀ ਹੈ। ਮੁਗਲਾਂ ਦੇ ਸਮੇਂ ਮੁਗਲ ਹਾਕਮਾਂ ਨੇ ਸਿੱਖ ਲਹਿਰ ਨੂੰ ਖਤਮ ਕਰਨ ਲਈ ਹਰ ਤਰਾਂ ਦੇ ਜ਼ੁਲਮ ਕੀਤੇ ਪਰ ਮੁਗਲ ਹਾਕਮਾਂ ਤੋਂ ਸਿੱਖੀ ਦੀ ਸੱਚਾਈ ਵਿਚ ਖੋਟ ਪਾਉਣ ਲਈ ਕੋਈ ਸਿਧਾਂਤਕ ਹਮਲਾ ਨਾ ਹੋ ਸਕਿਆ। ਇਹ ਵੱਖਰੀ ਗੱਲ ਹੈ ਕਿ ਗੁਰੂ ਪਰਿਵਾਰ ਵਿਚੋਂ ਸ੍ਰੀ ਚੰਦੀਏ, ਪ੍ਰਿਥੀ ਚੰਦੀਏ, ਧੀਰ ਮੱਲੀਏ ਜਾਂ ਰਾਮ ਰਾਈਆਂ ਨੇ ਮੁਗਲਾਂ ਤੋਂ ਮੱਦਦ ਲੈ ਕੇ ਜਾਂ ਮੁਗਲਾਂ ਦੀ ਸ਼ਹਿ 'ਤੇਗੁਰੂ ਸਾਹਿਬਾਨ ਉੱਤੇ ਜਾਂ ਸਿੱਖ ਸਿਧਾਂਤ 'ਤੇ ਹਮਲੇ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕੇ । ਬਿੱਪਰ ਦੀ ਹਮੇਸ਼ਾਂ ਹੀ ਕੋਸ਼ਿਸ਼ ਰਹੀ ਹੈ ਕਿ ਵਰਣ ਵੰਡ 'ਤੇ ਅਧਾਰਤ ਉਸ ਦੇ ਫੈਲਾਏ ਜਾਲ ਵਿਚ ਉਹ ਹਮੇਸ਼ਾਂ ਹੀ ਸਿੱਖਰ 'ਤੇ ਬੈਠਾ ਚੰਮ ਦੀਆਂ ਚਲਾਏ ਅਤੇ ਬਾਕੀ ਸਭ ਜਨਤਾ ਨੂੰ ਅਛੂਤ ਆਖ ਕੇ ਲੋਕਾਂ ਨੂੰ ਹੀਨ ਭਾਵਨਾ ਨਾਲ ਭਰ ਕੇ ਆਪ ਖੁਦ ਮਾਈ ਬਾਪ ਬਣਿਆ ਰਹੇ। ਜਿਓਂ ਹੀ ਸਿੱਖੀ ਦਾ ਸੂਰਜ ਉਦੈ ਹੋਇਆ ਤਾਂ ਬਿੱਪਰ ਨੂੰ ਸਿੱਖ ਧਰਮ ਸਾਖਸ਼ਾਤ ਆਪਣੀ ਮੌਤ ਦਿੱਸਦਾ ਸੀ ਇਹ ਹੀ ਕਾਰਨ ਹੈ ਕਿ ਬਾਈਧਾਰ ਦੇ ਹਿੰਦੂ ਰਾਜਿਆਂ ਤੋਂ ਇਲਾਵਾ ਚੰਦੂ ਲਾਲ, ਜਸਪਤ ਰਾਏ ਅਤੇ ਲੱਖਪਤ ਰਾਏ ਵਰਗੇ ਅਨੇਕਾਂ ਬਿੱਪਰ ਦੀਵਾਨਾਂ ਨੇ ਸਿੱਖੀ ਨਾਲ ਵੈਰ ਕਮਾਉਣ ਵਿਚ ਕੋਈ ਵੀ ਕਸਰ ਨਾ ਛੱਡੀ।

ਮੁਗਲਾਂ ਦੇ ਜਾਣ ਮਗਰੋਂ ਸਿੱਖ ਮਿਸਲਾਂ ਦਾ ਰਾਜ ਆਇਆ ਤਾਂ ਵੀ ਸਿੱਖ ਸਿਧਾਂਤ ਵਿਚ ਖੋਟ ਪਾਉਣ ਦੀ ਬਿੱਪਰ ਦੀ ਕੋਈ ਕੋਸ਼ਿਸ਼ ਕਾਮਯਾਬ ਨਾ ਹੋਈ ਪਰ ਇਹ ਇੱਕ ਕੌੜੀ ਸਚਾਈ ਹੈ ਕਿ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੀ ਸਿੱਖ ਸਿਧਾਂਤ ਅਤੇ ਸਿੱਖ ਰਹਿਤ 'ਤੇ ਬਿੱਪਰ ਵਲੋਂ ਮੁੜ ਹਮਲੇ ਸ਼ੁਰੂ ਹੋ ਗਏ। ਕਿਹਾ ਜਾਂਦਾ ਹੈ ਕਿ ਸਿੱਖ ਮਹਾਂਰਾਜੇ ਰਣਜੀਤ ਸਿੰਘ ਦੇ ਮਨ ਵਿਚ ਸਿੱਖ ਧਰਮ ਦਾ ਬਹੁਤ ਸਤਿਕਾਰ ਸੀ ਪਰ ਉਹ ਮਹਾਂਰਾਜਾ ਸਿੱਖ ਸਿਧਾਂਤਾ ਪ੍ਰਤੀ ਕਿੰਨਾ ਕੁ ਸਮਰਪਿਤ ਹੋਵੇਗਾ ਜਿਸ ਨੂੰ ਇੱਕ ਤਵਾਇਫ ਤੇ ਨਾਚੀ ਮੋਰਾਂ ਨਾਲ ਵਿਆਹ ਰਚਾਉਣ ਦੇ ਜੁਰਮ ਵਿਚ ਅਕਾਲੀ ਫੂਲਾ ਸਿੰਘ ਵਲੋਂ ਮਹਾਂਰਾਜੇ ਦੀਆਂ ਮਸ਼ਕਾਂ ਬੰਨ੍ਹ ਕੇ ਇਮਲੀ ਦੇ ਦਰੱਖਤ ਨਾਲ ਬੰਨ੍ਹ ਕੇ ਕੋੜੇ ਮਾਰਨ ਦੀ ਸਜ਼ਾ ਸੁਣਾਈ ਗਈ ਹੋਵੇ। ਇਤਿਹਾਸਕ ਸਰੋਤਾਂ ਮੁਤਾਬਕ ਮਹਾਂਰਾਜੇ ਨੇ ਵੀਹ ਰਾਣੀਆਂ ਦੇ ਨਾਲ ਨਾਲ ਦੋ ਮੁਸਲਮਾਨ ਕੰਜਰੀਆਂ ਰੱਖੀਆਂ ਹੋਈਆਂ ਸਨ ਜਿਹਨਾ ਨੇ ਧਰਮ ਨਹੀਂ ਸੀ ਬਦਲਿਆਂ ਅਤੇ ਸਿੱਖ ਦਰਬਾਰ ਵਿਚ ਉਹਨਾ ਵਾਸਤੇ ਮਸੀਤਾਂ ਬਣਾਈਆਂ ਹੋਈਆਂ ਸਨ। ਸਿੱਖ ਦਰਬਾਰ ਵਿੱਚ ਬਿੱਪਰ ਇਸ ਕਦਰ ਜਾਲ ਫੈਲਾਉਣ ਵਿਚ ਕਾਮਯਾਬ ਹੋ ਗਿਆ ਕਿ ਮਹਾਂਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਉਸ ਦੀਆਂ ਰਾਣੀਆਂ ਨੂੰ ਵੀ ਉਸ ਦੀ ਚਿਖਾ 'ਤੇ ਸਤੀ ਕਰ ਦਿੱਤਾ ਗਿਆ। ਇਹ ਉਹ ਸਮਾਂ ਸੀ ਕਿ ਸਿੱਖ ਦਰਬਾਰ ਦਾ ਪ੍ਰਧਾਨ ਮੰਤਰੀ ਰਾਜਪੂਤ ਹਿੰਦੂ ਧਿਆਨ ਸਿੰਘ ਡੋਗਰੇ ਨੇ ਆਪਣੇ ਰਾਜ ਗੁਰੂ ਪੰਡਤ ਜੱਲੇ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿੱਖ ਧਰਮ ਦਾ ਹਿੰਦੂਕਰਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਵਿਆਖਿਆ ਲਿਖਣੀ ਅਤੇ ਪੜ੍ਹਨੀ ਬਹੁਤ ਦੁਖਦਾਇਕ ਤਾਂ ਹੈ ਪਰ ਸਿੱਖ ਸਿਧਾਂਤ ਦੇ ਮੁੱਦੇ 'ਤੇ ਕਿਸੇ ਵੀ ਵਿਅਕਤੀ ਵਿਸ਼ੇਸ਼ ਨਾਲ ਲਿਹਾਜ ਨਹੀਂ ਕੀਤਾ ਜਾ ਸਕਦਾ। ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਡੋਗਰਿਆਂ ਨੇ ਸਿੱਖ ਗੁਰਦੁਆਰਿਆਂ ਅਤੇ ਧਾਰਮਕ ਰਵਾਇਤਾਂ ਨਾਲ ਜੋ ਕੁਝ ਕੀਤਾ ਉਸ ਪ੍ਰਤੀ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਦੇ ਸਫਾ 417 'ਤੇ ਇੰਝ ਲਿਖਦੇ ਹਨ:

'ਸਤਿਗੁਰਾਂ ਦੇ ਵੇਲੇ ਅਤੇ ਬੁੱਢੇ ਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰਿਆਂ ਦੀ ਸੇਵਾ 'ਤੇ (ਗੁਰਦੁਆਰੇ ਦਾ ਪ੍ਰਬੰਧਕ / ਸੇਵਾਦਾਰ ) ਉਹ ਸਿੱਖ ਹੀ ਹੋਇਆ ਕਰਦਾ ਜੋ ਵਿਦਵਾਨ ਗੁਰਮਤਿ ਦਾ ਪੱਕਾ ਅਤੇ ਉਚੇ ਆਚਾਰ ਵਾਲਾ ਹੁੰਦਾ। ਜ਼ਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ। ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਵੀ ਹੌਲੀ ਹੌਲੀ ਹੋਇਆ ਅਰ ਕੌਮ ਵਿਚੋਂ ਗੁਰਮਤਿ ਪ੍ਰਚਾਰ ਅਲੋਪ ਹੁੰਦਾ ਗਿਆ, ਤਿਉਂ ਤਿਉਂ ਮਰਿਆਦਾ



'ਸਤਿਗੁਰਾਂ ਦੇ ਵੇਲੇ ਅਤੇ ਬੁੱਢੇ ਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰਿਆਂ ਦੀ ਸੇਵਾ 'ਤੇ (ਗੁਰਦੁਆਰੇ ਦਾ ਪ੍ਰਬੰਧਕ / ਸੇਵਾਦਾਰ ) ਉਹ ਸਿੱਖ ਹੀ ਹੋਇਆ ਕਰਦਾ ਜੋ ਵਿਦਵਾਨ ਗੁਰਮਤਿ ਦਾ ਪੱਕਾ ਅਤੇ ਉਚੇ ਆਚਾਰ ਵਾਲਾ ਹੁੰਦਾ। ਜ਼ਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ ਪੁਲਟ ਕਰ ਦਿੱਤਾ। ਜਿਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਵੀ ਹੌਲੀ ਹੌਲੀ ਹੋਇਆ ਅਰ ਕੌਮ ਵਿਚੋਂ ਗੁਰਮਤਿ ਪ੍ਰਚਾਰ ਅਲੋਪ ਹੁੰਦਾ ਗਿਆ, ਤਿਉਂ ਤਿਉਂ ਮਰਿਆਦਾ ਵੀ ਬਿਗੜ ਦੀ ਗਈ ਅਰ ਇਥੋਂ ਤਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਹੀ ਗੁਰਧਾਮ ਰਹਿ ਗਏ।' ਇਕ ਗੱਲ ਖਿਆਲ ਕਰਨ ਵਾਲੀ ਹੈ ਕਿ ਭਾਰਤ ਵਿਚ ਬਿੱਪਰ ਨੇ ਕਰਮ ਕਾਂਡ ਰਹਿਤ ਕੋਈ ਵੀ ਧਰਮ ਵਿਕਸਿਤ ਨਹੀਂ ਸੀ ਹੋਣ ਦਿੱਤਾ ਭਾਵੇਂ ਉਹ ਬੁੱਧ ਧਰਮ ਸੀ, ਜੈਨ ਧਰਮ ਜਾਂ ਕੋਈ ਹੋਰ। ਸਿੱਖਾਂ ਦੇ ਧਾਰਮਕ ਅਤੇ ਰਾਜਨੀਤਕ ਆਗੂ ਹਮੇਸ਼ਾਂ ਹੀ ਜੰਗਾਂ ਯੁੱਧਾਂ ਵਿਚ ਰੁਝੇ ਹੋਏ ਰਹੇ ਕਾਰਨ ਸਿੱਖ ਧਰਮ ਵਿਚ ਨਿਰਮਲਿਆਂ, ਉਦਾਸੀਆਂ ਅਤੇ ਹੋਰ ਡੇਰਿਆਂ ਦਾ ਪ੍ਰਚਾਰ ਪ੍ਰਸਾਰ ਵਿਚ ਮੁਖ ਯੋਗਦਾਨ ਰਿਹਾ। ਇਹਨਾ ਡੇਰਿਆਂ ਦੇ ਆਗੂਆਂ ਦੇ ਮਨਾਂ ਵਿਚ ਸਿੱਖ ਗੁਰੂ ਸਾਹਿਬਾਨ ਪ੍ਰਤੀ ਭਾਵੇਂ ਸ਼ਰਧਾ ਸੀ ਪਰ ਇਹ ਬਹੁ ਦੇਵ ਵਾਦ ਅਤੇ ਕਰਮਕਾਂਡ ਦੇ ਧਾਰਨੀ ਵੀ ਸਨ। ਫਿਰੰਗੀ ਦਾ ਰਾਜ ਆਇਆ ਤਾਂ ਸਿੱਖੀ ਵਿਚੋਂ ਤੱਤ ਖਾਲਸਾਈ ਅਸੂਲਾਂ ਨੂੰ ਖਾਰਜ ਕਰਨ ਲਈ ਉਸ ਨੇ ਇਹਨਾ ਡੇਰਿਆਂ ਦਾ ਆਸਰਾ ਲਿਆ ਅਤੇ ਮਹੰਤਾਂ ਦਾ ਕਾਲਾ ਦੌਰ ਸ਼ੁਰੂ ਹੋਇਆ। ਜਿਸ ਵੇਲੇ ਪੰਥ ਦੇ ਪ੍ਰਮੁਖ ਅਸਥਾਨ ਇਹਨਾ ਮਹੰਤਾਂ ਦੇ ਹੱਥਾਂ ਵਿਚ ਚਲੇ ਗਏ ਤਾਂ ਇਹਨਾ ਨੇ ਹਰ ਤਰਾਂ ਦੇ ਕਰਮ ਕਾਂਡ ਅਤੇ ਮੂਰਤੀ ਪੂਜਾ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ। ਗੱਲ ਇਸ ਹੱਦ ਤਕ ਵਿਗੜ ਗਈ ਕਿ ਦਰਬਾਰ ਸਾਹਿਬ ਵਿਚ ਵੀ ਮੂਰਤੀਆਂ ਸਥਾਪਤ ਕਰ ਦਿੱਤੀਆਂ ਗਈਆਂ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਸਿੱਖ ਪੰਥ ਦਾ ਅਹਿਮ ਅਸਥਾਨ ਸੀ ਪਰ ਇਥੇ ਵੀ ਮਹੰਤ ਨਰੈਣ ਦਾਸ ਅਤੇ ਉਸ ਦੇ ਗੁੰਡੇ ਮਨ ਆਈਆਂ ਕਰਦੇ ਸਨ।

ਵੀ ਬਿਗੜ ਦੀ ਗਈ ਅਰ ਇਥੋਂ ਤਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਹੀ ਗੁਰਧਾਮ ਰਹਿ ਗਏ।'

ਇਕ ਗੱਲ ਖਿਆਲ ਕਰਨ ਵਾਲੀ ਹੈ ਕਿ ਭਾਰਤ ਵਿਚ ਬਿੱਪਰ ਨੇ ਕਰਮ ਕਾਂਡ ਰਹਿਤ ਕੋਈ ਵੀ ਧਰਮ ਵਿਕਸਿਤ ਨਹੀਂ ਸੀ ਹੋਣ ਦਿੱਤਾ ਭਾਵੇਂ ਉਹ ਬੁੱਧ ਧਰਮ ਸੀ, ਜੈਨ ਧਰਮ ਜਾਂ ਕੋਈ ਹੋਰ। ਸਿੱਖਾਂ ਦੇ ਧਾਰਮਕ ਅਤੇ ਰਾਜਨੀਤਕ ਆਗੂ ਹਮੇਸ਼ਾਂ ਹੀ ਜੰਗਾਂ ਯੁੱਧਾਂ ਵਿਚ ਰੁਝੇ ਹੋਏ ਰਹੇ ਕਾਰਨ ਸਿੱਖ ਧਰਮ ਵਿਚ ਨਿਰਮਲਿਆਂ, ਉਦਾਸੀਆਂ ਅਤੇ ਹੋਰ ਡੇਰਿਆਂ ਦਾ ਪ੍ਰਚਾਰ ਪ੍ਰਸਾਰ ਵਿਚ ਮੁਖ ਯੋਗਦਾਨ ਰਿਹਾ। ਇਹਨਾ ਡੇਰਿਆਂ ਦੇ ਆਗੂਆਂ ਦੇ ਮਨਾਂ ਵਿਚ ਸਿੱਖ ਗੁਰੂ ਸਾਹਿਬਾਨ ਪ੍ਰਤੀ ਭਾਵੇਂ ਸ਼ਰਧਾ ਸੀ ਪਰ ਇਹ ਬਹੁ ਦੇਵ ਵਾਦ ਅਤੇ ਕਰਮਕਾਂਡ ਦੇ ਧਾਰਨੀ ਵੀ ਸਨ। ਫਿਰੰਗੀ ਦਾ ਰਾਜ ਆਇਆ ਤਾਂ ਸਿੱਖੀ ਵਿਚੋਂ ਤੱਤ ਖਾਲਸਾਈ ਅਸੂਲਾਂ ਨੂੰ ਖਾਰਜ ਕਰਨ ਲਈ ਉਸ ਨੇ ਇਹਨਾ ਡੇਰਿਆਂ ਦਾ ਆਸਰਾ ਲਿਆ ਅਤੇ ਮਹੰਤਾਂ ਦਾ ਕਾਲਾ ਦੌਰ ਸ਼ੁਰੂ ਹੋਇਆ। ਜਿਸ ਵੇਲੇ ਪੰਥ ਦੇ ਪ੍ਰਮੁਖ ਅਸਥਾਨ ਇਹਨਾ ਮਹੰਤਾਂ ਦੇ ਹੱਥਾਂ ਵਿਚ ਚਲੇ ਗਏ ਤਾਂ ਇਹਨਾ ਨੇ ਹਰ ਤਰਾਂ ਦੇ ਕਰਮ ਕਾਂਡ ਅਤੇ ਮੂਰਤੀ ਪੂਜਾ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ। ਗੱਲ ਇਸ ਹੱਦ ਤਕ ਵਿਗੜ ਗਈ ਕਿ ਦਰਬਾਰ ਸਾਹਿਬ ਵਿਚ ਵੀ ਮੂਰਤੀਆਂ ਸਥਾਪਤ ਕਰ ਦਿੱਤੀਆਂ ਗਈਆਂ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਸਿੱਖ ਪੰਥ ਦਾ ਅਹਿਮ ਅਸਥਾਨ ਸੀ ਪਰ ਇਥੇ ਵੀ ਮਹੰਤ ਨਰੈਣ ਦਾਸ ਅਤੇ ਉਸ ਦੇ ਗੁੰਡੇ ਮਨ ਆਈਆਂ ਕਰਦੇ ਸਨ। ਜਿਸ ਵੇਲੇ 20 ਫਰਵਰੀ 1921 ਨੂੰ ਮਹੰਤ ਨਰੈਣ ਦਾਸ ਨੇ ਨਨਕਾਣਾ ਸਾਹਿਬ ਵਿਖੇ ਡੇਢ ਸੌ ਤੋਂ ਉਪਰ ਸਿੰਘਾਂ ਨੂੰ ਬੜੀ ਹੀ ਬੇਦਰਦੀ ਨਾਲ ਕਤਲ ਕਰ ਦਿੱਤਾ ਤਾਂ ਇਹ ਖਬਰ ਪੰਥ ਵਿਚ ਅੱਗ ਵਾਂਗ ਫੈਲ ਗਈ। ਖਿਆਲ ਕਰਨ ਵਾਲੀ ਗੱਲ ਇਹ ਹੈ ਕਿ ਮਹੰਤਾਂ ਨੂੰ ਸ਼ਹਿ ਕੇਵਲ ਫਿਰੰਗੀ ਦੀ ਹੀ ਨਹੀਂ ਸੀ ਸਗੋਂ ਆਰੀਆ ਸਮਾਜ, ਹਿੰਦੂ ਨੁਮਾਇੰਦਾ ਕਾਂਗਰਸੀ ਰਾਜਨੀਤਕ ਦਲ ਅਤੇ ਹਿੰਦੂ ਜਥੇਬੰਦੀਆਂ ਵਲੋਂ ਵੀ ਇਹਨਾ ਮਹੰਤਾਂ ਦੀ ਪਿੱਠ ਠੋਕੀ ਜਾਂਦੀ ਸੀ।

### ਸਿੰਘ ਸਭਾ ਲਹਿਰ ਦੀ ਸਥਾਪਨਾ

ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਿੱਖ ਗਿਣਤੀ ਵਿਚ ਤੇਜੀ ਨਾਲ ਵਾਧਾ ਹੋਇਆ ਸੀ। ਬਹੁਤ ਸਾਰੇ ਲੋਕ ਸਿਰਫ ਬਾਹਰੀ ਤੌਰ ਤੇ ਸਿੱਖ ਸਜੇ ਸਨ ਪਰ ਅੰਦਰੂਨੀ ਤੌਰ 'ਤੇ ਉਹ ਹਿੰਦੂ ਕਰਮ ਕਾਂਡ ਦੇ ਧਾਰਨੀ ਹੀ ਸਨ। ਸਿੱਖੀ ਵਿਚ ਆ ਰਹੀ ਗਿਰਾਵਟ ਨੂੰ ਮਹਿਸੂਸ ਕਰਕੇ ਅਕਤੂਬਰ 1873 ਸ: ਠਾਕਰ ਸਿੰਘ ਸੰਧਾਵਾਲੀਆ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਇੱਕ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਸਿੱਖ ਧਰਮ ਨੂੰ ਵਿਆਪਕ ਚਣੌਤੀਆਂ ਦਾ ਟਾਕਰਾ ਕਰਨ ਲਈ ਸਿੰਘ ਸਭਾ ਅੰਮ੍ਰਿਤਸਰ ਦਾ ਗਠਨ ਕੀਤਾ ਗਿਆ। ਗਿਆਨੀ ਗਿਆਨ ਸਿੰਘ ਇਸ ਸਭਾ ਦੇ ਸਕੱਤਰ ਸਨ। ਇਸ ਸਭਾ ਦਾ ਮੁਖ ਕਾਰਜ ਸਿੱਖ ਰਹਿਤ ਮਰਿਯਾਦਾ ਦੀ ਸਥਾਪਤੀ ਅਤੇ ਧਾਰਮਕ ਸ੍ਰੋਤਾਂ ਦੀ ਸੋਧ ਕਰਨਾ ਸੀ। ਸਿੱਖੀ ਪ੍ਰਚਾਰ ਨੂੰ ਸਮੇਂ ਦੇ ਹਾਣ ਦਾ ਕਰਨ ਲਈ ਪੰਜਾਬੀ ਵਿਚ ਅਖਬਾਰ ਅਤੇ ਰਸਾਲੇ ਪ੍ਰਕਾਸ਼ਤ ਕਰਨ ਦਾ ਯਤਨ ਕੀਤਾ ਗਿਆ। ਸਿੱਖੀ ਸਿਧਾਂਤ 'ਤੇ ਕੁਝ ਮੱਤਭੇਦ ਹੋਣ ਕਾਰਨ ਸਿੰਘ ਸਭਾ ਅੰਮ੍ਰਿਤਸਰ ਅਤੇ ਸਿੰਘ ਸਭਾ ਲਹੌਰ ਦੋਵੇਂ ਲਹਿਰਾਂ ਇੱਕ ਦੂਜੇ ਦੇ ਸਮਾਨ ਅੰਤਰ ਕੰਮ ਕਰਦੀਆਂ ਰਹੀਆਂ। ਗਿਆਨੀ ਦਿੱਤ ਸਿੰਘ, ਗਿਆਨੀ ਗੁਰਮੁਖ ਸਿੰਘ, ਭਾਈ ਕਾਨ ਸਿੰਘ ਨਾਭਾ ਅਤੇ ਭਾਈ ਵੀਰ ਸਿੰਘ ਅਨੇਕਾਂ ਐਸੇ ਨਾਮ ਹਨ ਜਿਹਨਾ ਨੇ ਵਿੱਦਿਅਕ ਘਾਟ ਨੂੰ ਪੂਰਿਆਂ ਕਰਨ ਲਈ ਦਿਨ ਰਾਤ ਇੱਕ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਖਾਲਸਾ ਸਕੂਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਸ੍ਰੀ ਅੰਮ੍ਰਿਤਸਰ ਹੋਂਦ ਵਿਚ ਆਏ। ਸਿੰਘ ਸਭਾ ਦਾ ਪੂਰਾ ਇਤਿਹਾਸ ਲਿਖਣ ਲਈ ਇਕ ਵੱਖਰੇ ਲੇਖ ਦੀ ਲੋੜ ਹੈ ਪਰ ਇਸ ਲੇਖ ਵਿਚ ਇਹ ਪਿਛੋਕੜ ਦੇਣ ਦਾ ਭਾਵ ਇਹ ਹੈ ਕਿ ਅੱਜ ਵੀ ਸਿੱਖੀ ਨੂੰ ਦਰਪੇਸ਼ ਸਮੱਸਿਆਵਾਂ ਦਾ ਮੁਲਾਂਕਣ ਕਰਨ ਅਤੇ ਵਿਆਪਕ ਚਣੌਤੀਆਂ ਨਾਲ ਸਿੱਝਣ ਲਈ ਸਿੰਘ ਸਭਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

### ਅਜੋਕੇ ਹਾਲਾਤ

ਅੱਜ ਸਿੱਖੀ ਨੂੰ ਸਭ ਤੋਂ ਵੱਡਾ ਖਤਰਾ ਸਿੱਖੀ ਦੇ ਸਿਆਸੀ ਕਰਨ ਤੋਂ ਹੈ। ਹੁਣ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਡੇਰਾਵਾਦ ਦੀ ਚੜ੍ਹਤ ਮਗਰ ਅਜੋਕੇ ਅਖੌਤੀ ਅਕਾਲੀ ਦਲ ਬਾਦਲ ਦਾ ਹੱਥ ਰਿਹਾ ਹੈ। ਹਾਲਾਤ ਏਨੇ ਨਿੱਘਰ ਗਏ ਹਨ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਉਹਨਾ ਤਨਖਾਹੀਆਂ ਵਿਚੋਂ ਹੈ ਜਿਹਨਾ ਨੇ ਸੌਦਾ ਸਾਧ ਦੀ ਸਟੇਜ 'ਤੇ ਜਾ ਕੇ ਪੰਜਾਬ ਵਿਚ ਉਸ ਦੀ ਨਾਮ ਚਰਚਾ ਕਰਵਾਉਣ ਦਾ ਬਚਨ ਕੀਤਾ ਸੀ। ਸ੍ਰੀ ਅਕਾਲ ਤਖਤ ਦੇ ਹੁਣੇ ਹੁਣੇ ਸੇਵਾ ਮੁਕਤ ਹੋਏ ਜਥੇਦਾਰ ਗਿ: ਗੁਰਬਚਨ ਸਿੰਘ ਨੇ ਬਾਦਲਾਂ ਦੇ ਕਹਿਣ 'ਤੇ ਸੌਦਾ ਸਾਧ ਨੂੰ ਕਲੀਨ ਚਿੱਟ ਦੇਣ ਦੀ ਕੋਸ਼ਿਸ਼ ਕੀਤੀ ਸੀ ਅਤੇ ਇਸ ਜਥੇਦਾਰ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਰੁਤਬੇ ਦਾ ਮਜ਼ਾਕ ਬਣਾ ਦਿੱਤਾ। ਬਰਗਾੜੀ ਗੋਲੀਕਾਂਡ ਪਿੱਛੇ ਬਾਦਲਾਂ ਦਾ ਹੱਥ ਜੱਗ ਜਾਹਰ ਹੋ ਚੁੱਕਾ ਹੈ। ਇਹ ਖੇਤ ਨੂੰ ਵਾੜ ਦੇ ਖਾਣ ਦੇ ਹਾਲਾਤ ਹਨ। ਜਿਹਨਾ ਵਿਅਕਤੀਆਂ ਅਤੇ ਸੰਸਥਾਵਾਂ ਨੇ ਸਿੱਖ ਧਰਮ ਦੀ ਰੱਖਿਆ ਕਰਨੀ ਸੀ ਉਹੀ ਹੀ ਸਿੱਖੀ ਦੇ ਜੜ੍ਹੀਂ ਤੇਲ ਦੇਣ ਲੱਗ ਪਏ।

ਪੰਜਾਬ ਦਾ ਸੰਤ ਸਮਾਜ ਵੀ ਬਾਦਲਾਂ ਦੀ ਜੀ ਹਜੂਰੀ ਵਿਚ ਲੱਗ ਗਿਆ ਅਤੇ ਉਹਨਾ ਦੀ ਕਾਮਯਾਬੀ ਲਈ ਅਰਦਾਸਾਂ ਕਰਨ ਲੱਗ ਪਿਆ। ਸੰਤ ਸਮਾਜ ਦੇ ਆਗੂ ਅਤੇ ਉਹਨਾ ਦੇ ਅਹਿਲਕਾਰ ਸਿੱਖ ਰਹਿਤ ਮਰਿਯਾਦਾ ਤੋਂ ਬਾਗੀ ਹੋ ਗਏ ਅਤੇ ਇਹਨਾ ਆਗੂਆਂ ਨੇ ਆਪਣੀ ਸੰਪ੍ਰਦਾ ਨੂੰ ਹੀ ਸਿੱਖ ਪੰਥ ਗਰਦਾਨਣ ਲਈ ਸਾਜਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਹਨਾ ਸਾਜਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕਾ ਕਰਨਾ, ਸਿੱਖ ਰਹਿਤ ਮਰਿਯਾਦਾ ਨੂੰ ਅੰਗ੍ਰੇਜ਼ਾਂ ਦੁਆਰਾ ਕਹਿ ਕੇ ਭੰਡਣਾਂ, ਤੱਤ ਗੁਰਮਤ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਨੂੰ ਪੰਥ ਦੀਆਂ ਸਟੇਜਾਂ ਤੋਂ ਲਾਂਭੇ ਕਰਨਾ ਅਤੇ ਉਹਨਾ ਤੇ ਜਾਨੀ ਹਮਲੇ ਕਰਨੇ ਅਤੇ ਉਹਨਾ ਦੀਆਂ ਦਸਤਾਰਾਂ ਉਤਾਰਨੀਆਂ ਸ਼ਾਮਲ ਹੈ। ਪੰਜਾਬ ਵਿਚਲੇ ਆਪਣੇ ਆਗੂਆਂ ਦੇ ਇਸ਼ਾਰੇ 'ਤੇ ਇਸ ਤਰਾਂ ਦੀਆਂ ਸਾਜਸ਼ਾਂ ਬਾਹਰਲੇ ਦੇਸ਼ਾਂ ਵਿਚ ਵੀ ਜਾਰੀ ਹਨ। ਇਹਨਾ ਦੇ ਕਾਰਨ ਗੁਰਦੁਆਰਿਆਂ ਦਾ ਮਹੌਲ ਖਰਾਬ ਹੋ ਰਿਹਾ ਹੈ। ਕਿਸੇ ਵੀ ਹੋਰ ਧਰਮ ਵਿਚ ਇਸ ਤਰਾਂ ਦੀ ਮਾਰ ਕੁਟਾਈ ਅਤੇ ਆਪਣੇ ਇਸ਼ਟ ਦੀ ਬੇਅਦਬੀ ਨਹੀਂ ਹੋ ਰਹੀ ਜਿਵੇਂ ਕਿ ਅੱਜ ਸਿੱਖ ਧਰਮ ਵਿਚ ਹੋ ਰਹੀ ਹੈ।

ਗੁਰਦੁਆਰਿਆਂ ਵਿਚ ਪੂਰਨ ਤੌਰ 'ਤੇ ਪੰਥ ਪ੍ਰਵਾਣਤ ਰਹਿਤ ਮਰਿਯਾਦਾ ਲਾਗੂ ਹੋਵੇ ਅਤੇ ਪੰਥਕ ਪ੍ਰਚਾਰਕਾਂ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਖਤਮ ਕਰਨ ਦਾ ਇੱਕੋ ਇੱਕ ਹੱਲ ਇਹ ਹੀ ਹੈ ਕਿ ਸਿੰਘ ਸਭਾ ਲਹਿਰ ਨੂੰ ਮੁੜ ਤੋਂ ਸੁਰਜੀਤ ਕੀਤਾ ਜਾਵੇ। ਬਾਰਹਲੇ ਦੇਸ਼ਾਂ ਵਿਚ ਪੰਥ ਵਿਰੋਧੀਆਂ ਨੂੰ ਅਖੌਤੀ ਅਕਾਲੀਆਂ , ਭਾਰਤੀ ਸਰਕਾਰ ਜਾਂ ਆਰ ਐਸ ਐਸ ਵਰਗੀਆਂ ਸ਼ਕਤੀਆਂ ਦੀ ਹੱਲਾਸ਼ੇਰੀ ਪ੍ਰਾਪਤ ਨਹੀਂ ਹੈ, ਇਸ ਕਾਰਨ ਇਹਨਾ ਦੇ ਜੱਫੇ ਤੋਂ ਗੁਰਦੁਆਰੇ ਅਜ਼ਾਦ ਕਰਾਉਣੇ ਏਨੇ ਮੁਸ਼ਕਲ ਨਹੀਂ ਹਨ, ਲੋੜ ਸਿਰਫ ਜਥੇਬੰਦਕ ਹੋਣ ਦੀ ਹੈ। ਚੇਤੇ ਰਹੇ ਕਿ ਸਿੰਘ ਸਭਾ ਲਹਿਰ ਦਾ ਆਪਣਾ ਮਾਣ ਮੱਤਾ ਇਤਿਹਾਸ ਰਿਹਾ ਹੈ ਜਿਸ ਤੋਂ ਕੋਈ ਵੀ ਹੋਸ਼ਮੰਦ ਵਿਅਕਤੀ ਇਨਕਾਰੀ ਨਹੀਂ ਹੋ ਸਕਦਾ। ਚੇਤੇ ਰਹੇ ਕਿ ਸਿੰਘ ਸਭਾ ਲਹਿਰ, ਸਿੰਘ ਸਭਾ ਗੁਰਦੁਆਰਿਆਂ ਅਤੇ ਪੰਥਕ ਰਹਿਤ ਮਰਿਯਾਦਾ ਦਾ ਵਿਰੋਧ ਕਰਨ ਵਾਲੇ ਚੰਦ 'ਤੇ ਥੁੱਕਣ ਦੀ ਕੋਸ਼ਿਸ਼ ਵਿਚ ਆਪਣੇ ਹੀ ਚਿਹਰੇ ਕਰੂਪ ਕਰ ਰਹੇ ਹਨ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਚੰਗਾ ਹੈ ਇਹਨਾ ਭੁੱਲੜਾਂ ਨੂੰ ਇਸ ਭੁੱਲ ਦਾ ਗਿਆਨ ਹੋ ਜਾਵੇ। ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਅਸਿੱਧੇ ਤੌਰ 'ਤੇ ਚਣੌਤੀ ਦੇਣ ਵਾਲਿਆਂ ਤੋਂ ਸਿੱਖ ਸੰਗਤਾਂ ਨੂੰ ਖਬਰਦਾਰ ਹੋਣਾ ਬਹੁਤ ਜਰੂਰੀ ਹੈ। ਸਿੱਖੀ ਦਾ ਭਵਿੱਖ ਇੱਕ ਗ੍ਰੰਥ ਅਤੇ ਇੱਕ ਪੰਥ ਨਾਲ ਹੈ। ਸਿੰਘ ਸਭਾ ਲਹਿਰ ਨੂੰ ਮੁੜ ਸੁਰਜੀਤ ਕਰਕੇ ਸਰਕਾਰੀ ਸਾਧਾਂ ਅਤੇ ਉਹਨਾ ਦੇ ਇਸ਼ਾਰਿਆਂ 'ਤੇ ਚੱਲਣ ਵਾਲੇ ਪੰਥ ਵਿਰੋਧੀਆਂ ਤੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣਾ ਮੌਕੇ ਦੀ ਫੌਰੀ ਲੋੜ ਹੈ।

# ਪੰਜਾਬੀ ਸੱਭਿਆਚਾਰ ਦੇ ਜਰਨੈਲ ਨੂੰ ਸਿਜਦਾ ਕਰਦਿਆਂ

ਲੇਖਕ : ਸਰਬਜੀਤ ਧਾਲੀਵਾਲ
ਫੋਨ: 98141-23338

ਸਾਰੀ ਰਾਤ ਬੇਚੈਨੀ 'ਚ ਗੁਜ਼ਰੀ। ਨੀਂਦ ਟੋਕਾ-ਟਾਕੀ ਕਰਦੀ ਰਹੀ। ਸਵੇਰੇ ਜਲਦੀ ਉੱਠ ਕੇ ਦੂਰ ਵਿਆਹ 'ਤੇ ਜਾਣਾ ਸੀ। ਅਲਾਰਮ ਵੱਜਿਆ। ਕਾਹਲੀ-ਕਾਹਲੀ 'ਚ ਤਿਆਰ ਹੋ ਕੇ ਚੰਡੀਗੜ੍ਹ ਦੇ 43- ਸੈਕਟਰ ਵਾਲੇ ਬੱਸ ਅੱਡੇ ਤੋਂ ਬੱਸ ਜਾ ਫੜੀ। ਕੰਡਕਟਰ ਨੇ ਸਮਝਾਇਆ ਕਿ ਜੰਡਿਆਲੇ ਗੁਰੂ ਉੱਤਰ ਕੇ ਤਰਨ ਤਾਰਨ ਵਾਲੀ ਬੱਸ ਫੜ ਲਿਓ।

ਖ਼ੈਰ ਪੰਜ ਘੰਟੇ ਦੇ ਥਕਾਊ ਸਫ਼ਰ ਤੋਂ ਬਾਅਦ ਤਰਨ ਤਾਰਨ ਤੋਂ ਅੰਮ੍ਰਿਤਸਰ ਜਾਂਦੀ ਸੜਕ 'ਤੇ ਬਣੇ ਮੈਰਿਜ ਪੈਲੇਸ ਦੇ ਸਾਹਮਣੇ ਜਾ ਖੜ੍ਹਾ ਹੋਇਆ। ਇਕ ਵਾਰ ਫਿਰ ਕਾਰਡ ਦੇਖਿਆ। ਉਹੀ ਮੈਰਿਜ ਪੈਲੇਸ ਸੀ ਜਿਥੇ ਪਹੁੰਚਣਾ ਸੀ। ਹਲਕੀ-ਹਲਕੀ ਬਾਰਿਸ਼ ਹੋ ਰਹੀ ਸੀ, ਇਸ ਕਰਕੇ ਪੈਲੇਸ ਦੇ ਅਗਲੇ ਵਿਹੜੇ ਵਿਚ ਕੀਤਾ ਇੰਤਜ਼ਾਮ ਥੋੜ੍ਹਾ ਉਖੜਿਆ ਪਿਆ ਸੀ।

ਪੈਲੇਸ ਦੇ ਹਾਲ ਅੰਦਰ ਵੜਦੇ ਹੀ ਰੂਹ ਖੁਸ਼ ਹੋ ਗਈ। ਸਫ਼ਰ ਦਾ ਸਾਰਾ ਥਕੇਵਾਂ ਮੈਰਿਜ ਪੈਲੇਸ 'ਚ ਹੋਏ ਲੱਕੜ ਦੇ ਕਲਾਕਾਰੀ ਨਾਲ ਭਰਪੂਰ ਖੂਬਸੂਰਤ ਕੰਮ ਨੂੰ ਦੇਖ ਕੇ ਉੱਤਰ ਗਿਆ। ਕਾਫੀ ਪੀਣ ਦੀ ਬਜਾਏ ਮੇਰੀ ਨਜ਼ਰ ਵਾਰ-ਵਾਰ ਹਾਲ 'ਚ ਲੱਗੀਆਂ ਅੱਖਾਂ ਨੂੰ ਸਕੂਨ ਪਹੁੰਚਾਣ ਵਾਲੀਆਂ ਪੇਂਟਿੰਗਜ਼ ਵੱਲ ਜਾ ਰਹੀ ਸੀ। ਹਾਲ ਵਿਚ ਹੋਇਆ ਲੱਕੜਸਾਜ਼ੀ ਦਾ ਕੰਮ ਤੇ ਇਸ ਉਪਰ ਲੱਗੀਆਂ ਪੇਂਟਿੰਗਜ਼ ਦੇਖ ਚਿੱਤ ਬਾਗੋ-ਬਾਗ਼ ਹੋ ਗਿਆ। ਸਾਰੀਆਂ ਪੇਂਟਿੰਗਜ਼ ਪੰਜਾਬੀ ਸੱਭਿਆਚਾਰ ਨਾਲ ਓਤ-ਪੋਤ ਸਨ। ਇਹ ਦੇਖਦੇ-ਦੇਖਦੇ ਮੇਰੀ ਨਜ਼ਰ ਇਕ ਪੰਜਾਬੀ ਮੁਟਿਆਰ ਵਾਲੀ ਪੇਂਟਿੰਗ 'ਤੇ ਜਾ ਅਟਕੀ, ਜਿਸ ਨੂੰ ਦੇਖਦੇ ਸਾਰ ਮਨ 'ਚ ਇਕ ਚੀਸ ਜਿਹੀ ਉਠੀ ਤੇ ਇਕ ਵਾਰ ਫਿਰ ਇਸ ਚਿੱਤਰ ਦਾ ਰਚੇਤਾ ਜਰਨੈਲ ਸਿੰਘ ਅੱਖਾਂ ਸਾਹਮਣੇ ਘੁੰਮ ਗਿਆ। ਪੇਂਟਿੰਗ ਰਾਹੀਂ ਜਰਨੈਲ ਸਿੰਘ ਨੂੰ ਸਿਜਦਾ ਕੀਤਾ ਤੇ ਉਨ੍ਹਾਂ ਉਦਾਸ ਪਲਾਂ ਦੇ ਰੂਬਰੂ ਹੋਇਆ ਜੋ ਕੁੱਝ ਦਿਨ ਪਹਿਲਾਂ ਚੰਡੀਗੜ੍ਹ ਦੇ ਸੈਕਟਰ 19 ਦੇ ਗੁਰਦੁਆਰਾ ਵਿਚ ਜਰਨੈਲ ਸਿੰਘ ਦੀ ਅੰਤਿਮ ਅਰਦਾਸ 'ਚ ਸ਼ਾਮਿਲ ਹੁੰਦਿਆਂ ਬਿਤਾਏ ਸਨ। ਅਰਦਾਸ 'ਚ ਗਿਣਤੀ ਦੇ ਬੰਦੇ ਹੀ ਸ਼ਾਮਿਲ ਸਨ। ਕੁਝ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਨੇੜਲੇ ਮਿੱਤਰ ਸਨ। ਜ਼ਿਆਦਾ ਅਫਸੋਸ ਇਸ ਗੱਲ ਦਾ ਸੀ ਕੀ ਜਿਨ੍ਹਾਂ ਦਾ ਅੱਜ ਇਥੇ ਆਉਣਾ ਬਣਦਾ ਸੀ ਉਹ ਨਹੀਂ ਸਨ ਆਏ।

ਸਰਦਾਰ ਜਰਨੈਲ ਸਿੰਘ ਕੋਈ ਆਮ ਜਿਹਾ ਆਰਟਿਸਟ ਨਹੀਂ ਸੀ। ਉਹ ਪੰਜਾਬੀ ਚਿੱਤਰਕਾਰੀ ਜਗਤ ਦਾ ਇਕ ਨਾਮੀ ਚਿਹਰਾ ਸੀ। ਜਰਨੈਲ ਸਿੰਘ ਉਸ ਸਰਦਾਰ ਕਿਰਪਾਲ ਸਿੰਘ ਦਾ ਪੁੱਤਰ ਸੀ ਜਿਸ ਨੇ ਸਿੱਖ ਇਤਿਹਾਸ ਨੂੰ ਚਿੱਤਰਕਾਰੀ ਰਾਹੀਂ ਲੋਕ ਮਨਾਂ 'ਤੇ ਉਕਰ ਦਿੱਤਾ ਹੈ। ਮੈਨੂੰ ਨਹੀਂ ਲੱਗਦਾ ਕਿ ਸਿੱਖ ਇਤਿਹਾਸ ਦਾ ਕੋਈ ਸਰਦਾਰ ਕਿਰਪਾਲ ਸਿੰਘ ਤੋਂ ਵੱਡਾ ਚਿੱਤਰਕਾਰ ਹੋਇਆ ਹੈ। ਪੰਜਾਬੀ ਸੱਭਿਆਚਾਰ ਨੂੰ ਚਿਤਰਣ 'ਚ ਸਰਦਾਰ ਜਰਨੈਲ ਸਿੰਘ ਵੀ ਆਪਣੇ ਪਿਤਾ ਜੀ ਦੇ ਹਾਣ ਦਾ ਹੈ। ਅੰਮ੍ਰਿਤਸਰ 'ਚ ਹਰਮਿੰਦਰ ਸਾਹਿਬ 'ਚ ਸੈਂਟਰਲ ਸਿੱਖ ਮਿਊਜ਼ੀਅਮ ਵਿਚ ਲੱਗੀਆਂ ਸਰਦਾਰ ਕਿਰਪਾਲ ਸਿੰਘ ਤੇ ਸਰਦਾਰ ਜਰਨੈਲ ਸਿੰਘ ਦੀਆਂ ਪੇਂਟਿੰਗਾਂ ਦੇ ਸਨਮੁਖ ਹੋ ਕੇ ਬੰਦਾ ਸਿੱਖ ਇਤਿਹਾਸ ਦੇ ਯੋਧਿਆਂ ਦੀ ਸੂਰਮਗਤੀ ਦੇ ਕਾਲਪਨਿਕ ਤੌਰ 'ਤੇ ਪ੍ਰਤੱਖ ਖੜ੍ਹਾ ਮਹਿਸੂਸ ਕਰਦਾ ਹੈ। ਜੰਗ ਦੇ ਮੈਦਾਨ ਵਿਚ ਯੋਧੇ ਜੂਝਦੇ ਲੱਗਦੇ ਨੇ। ਸ਼ਮਸ਼ੀਰਾਂ ਦਾ ਖੜਾਕ ਸੁਣਾਈ ਦਿੰਦਾ। ਤਸਵੀਰਾਂ ਬੋਲਦੀਆਂ ਮਹਿਸੂਸ ਹੁੰਦੀਆਂ ਨੇ।

ਪੰਜਾਬੀ ਕੁੜੀਆਂ ਦੀ ਸ਼ਰਮਾਕਲ ਸੋਹਜਤਾ ਨੂੰ ਜਿਨ੍ਹਾਂ ਸਹਿਜ ਹੱਥਾਂ, ਡੂੰਘੀ ਨੀਜ਼ ਅਤੇ ਜੀਰਾਂਦ ਨਾਲ ਸਰਦਾਰ ਜਰਨੈਲ ਸਿੰਘ ਨੇ ਚਿਤਰਿਆ ਹੈ ਉਹ ਚਿੱਤਰਕਾਰ ਦੇ ਮਨ ਅੰਦਰਲੀ ਦਾਰਸ਼ਨਿਕਤਾ ਦੇ ਦਰਸ਼ਨ ਕਰਵਾਉਂਦੀ ਹੈ। ਉਸ ਨੇ ਪੰਜਾਬੀ ਮੁਟਿਆਰਾਂ ਦੀ ਮੜ੍ਹਕ ਤੇ ਨਖਰੇ ਦੇ ਦਰਸ਼ਨ ਵੀ ਆਪਣੇ ਚਿੱਤਰਾਂ 'ਚ ਕਰਵਾਏ ਨੇ। ਜਰਨੈਲ ਸਿੰਘ ਦੀ ਖੂਬਸੂਰਤੀ ਇਹ ਹੈ ਕਿ ਉਸਦੇ ਚਿੱਤਰਾਂ ਨੂੰ ਵੇਖ ਕੇ ਮਨ ਰੂਹਾਨੀ ਪਲ ਹੰਢਾਉਣ ਲੱਗਦਾ ਹੈ। ਉਸਦੀ ਸੱਜ ਵਿਆਹੀ ਮੁਟਿਆਰ ਦੀ ਮੱਥੇ 'ਤੇ ਟਿਕੇ, ਕੰਨਾਂ 'ਚ ਕਾਂਟੇ, ਗੱਲ 'ਚ ਲੌਕਟ ਤੇ ਫੁਲਕਾਰੀ ਵਾਲੀ ਪੇਂਟਿੰਗ ਨਾਲ ਤੁਸੀਂ ਘੰਟੇ ਬਿਤਾ ਸਕਦੇ ਹੋ। ਇਹ ਪੇਂਟਿੰਗ ਪੰਜਾਬੀ ਕੁੜੀਆਂ ਦੇ ਸੋਹਜ ਤੇ ਉਨ੍ਹਾਂ ਅੰਦਰਲੀ ਕੋਮਲਤਾ ਦੀ ਸਿਖਰ ਹੈ। ਮਸ਼ੀਨ ਦੇ ਯੁੱਗ ਨੇ ਬਹੁਤ ਕੁਝ ਉਲਟਾ-ਪੁਲਟਾ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਸਾਡੇ ਸੱਭਿਆਚਾਰ 'ਤੇ ਪਿਆ ਹੈ। ਸੱਭਿਆਚਾਰ 'ਚੋਂ ਬਹੁਤ ਕੁਝ ਅਲੋਪ ਹੋ ਰਿਹਾ ਹੈ। ਸੇਵੇਰੇ ਉਠ ਕੇ ਦੁੱਧ ਰਿੜ੍ਹਕਣਾ, ਮਧਾਣੀਆਂ ਦੀ ਗੜ੍ਹਗੜਾਹਟ, ਤਿਰੰਜਣ 'ਚ ਮਿਲ ਬੈਠ ਚਰਖਾ ਕੱਤਦੀਆਂ ਕੁੜੀਆਂ ਦੇ ਗੀਤ ਤੇ ਖੂਹਾਂ 'ਤੇ ਖੜਕਦੇ ਡੋਲ ਸਾਡੀ ਰੋਜ਼ਾਨਾ ਜ਼ਿੰਦਗੀ 'ਚੋ ਮਨਫ਼ੀ ਹੁੰਦੇ ਜਾ ਰਹੇ ਨੇ। ਪਰ ਅਸੀਂ ਇਸ ਸਭ ਕੁੱਝ ਦੇ ਦਰਸ਼ਨ ਸਰਦਾਰ ਜਰਨੈਲ ਸਿੰਘ ਦੇ ਚਿੱਤਰਾਂ ਰਾਹੀਂ ਕਰਦੇ ਰਹਾਂਗੇ। ਉਸ ਨੇ ਆਪਣੇ ਬੁਰਸ਼ ਰਾਹੀਂ ਪੰਜਾਬੀ ਸੱਭਿਆਚਾਰ ਦਾ ਅਨਮੋਲ ਖਜ਼ਾਨਾ ਸਾਡੇ ਲਈ ਸਾਂਭ ਦਿੱਤਾ ਹੈ।

ਆਪਣੇ ਪਿਤਾ ਦੇ ਨਕਸ਼ੇ ਕਦਮ 'ਤੇ ਚਲਦਿਆਂ ਸ. ਜਰਨੈਲ ਸਿੰਘ ਨੇ ਸਿੱਖ ਇਤਿਹਾਸ ਨੂੰ ਵੀ ਚਿਤਰਿਆ ਹੈ। ਉਸਦੀ ਇਕ ਪੇਂਟਿੰਗ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਿਤ ਹੈ। ਜੰਗ ਦੇ ਮੈਦਾਨ ਵਿਚ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ ਅਤੇ ਸ਼ਾਮ ਸਿੰਘ ਅਟਾਰੀ ਜਾ ਰਹੇ ਹਨ। ਨਾਲ ਖਾਲਸਾ ਫੌਜ ਹੈ। ਬਹੁਤਿਆਂ ਨੇ ਕੇਸਰੀ ਨਿਸ਼ਾਨ ਫੜੇ ਹੋਏ ਨੇ। ਇਹ ਚਿੱਤਰ ਸਿੱਖ ਰਾਜ ਦੀ ਯਾਦ ਨੂੰ ਉਘਾੜਦਾ ਹੈ। ਇਸ ਤਰ੍ਹਾਂ ਵੈਨਕੂਵਰ ਦੇ ਨਾਲ ਸਰੀ ਕਸਬੇ ਵਿਚ ਇਸ 'ਪਿਕਸ' ਨਾਂ ਦੀ ਇਮਾਰਤ, ਜਿਥੇ ਸੀਨੀਅਰ ਸਿਟੀਜ਼ਨ ਤੋਂ ਇਲਾਵਾ ਪ੍ਰਵਾਸੀਆਂ ਵਾਸਤੇ ਵੀ ਬਹੁਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਨੇ, ਦੇ ਮੁੱਖ ਦੁਆਰ 'ਤੇ ਜਰਨੈਲ ਸਿੰਘ ਦੁਆਰਾ ਕਾਮਾਗਾਟਾ ਮਾਰੂ ਇਤਿਹਾਸਕ ਘਟਨਾ ਨਾਲ ਸੰਬੰਧਤ ਮਿਊਰਲ ਬਣਾਇਆ ਹੋਇਆ ਹੈ। ਇਸ ਰਸਤੇ 'ਤੇ ਗੁਜ਼ਰਦੇ ਹਜ਼ਾਰਾਂ ਲੋਕ ਇਸਨੂੰ ਹਰ ਰੋਜ਼ ਦੇਖਦੇ ਨੇ। ਕੋਈ ਦੋ ਦਹਾਕੇ ਪਹਿਲਾਂ ਜਰਨੈਲ ਸਿੰਘ ਪਰਿਵਾਰ ਸਮੇਤ ਕੈਨੇਡਾ ਚਲਾ ਗਿਆ ਸੀ। ਉਥੇ ਉਸ ਨੇ ਜਰਨੈਲ ਆਰਟਸ ਨਾਮ ਦੀ ਸਰੀ (ਵੈਨਕੂਵਰ ਦੇ ਨਾਲ) ਆਪਣੀ ਆਰਟ ਗੈਲਰੀ ਸਥਾਪਤ ਕੀਤੀ। ਹੌਲੀ-ਹੌਲੀ ਇਹ ਆਰਟ ਗੈਲਰੀ ਸਾਹਿਤ, ਕਲਾ ਤੇ ਸਮਾਜ ਸੇਵਾ ਨਾਲ ਜੁੜੇ ਲੋਕਾਂ ਦਾ ਅੱਡਾ ਬਣ ਗਈ। ਇੱਥੇ ਬਹਿ ਕੇ ਹੀ ਕਲਾਕਾਰ, ਸਾਹਿਤਕਾਰ ਬਹੁਤ ਸਾਰੀਆਂ ਚਰਚਾਵਾਂ ਕਰਦੇ ਰਹੇ ਨੇ। ਪੰਜਾਬੋਂ ਭਰਮਣ 'ਤੇ ਗਏ ਕਲਾਕਾਰ, ਪੱਤਰਕਾਰ ਤੇ ਸਾਹਿਤਕਾਰ ਵੀ ਇਥੇ ਹੀ ਮਿਲ ਬੈਠਦੇ ਨੇ। ਕੁਝ ਸਾਲ ਕੈਨੇਡਾ ਫੇਰੀ ਸਮੇਂ ਮੈਂ ਵੀ ਜਸਵੰਤ ਬਰਾੜ, ਜਗਰੂਪ ਬਰਾੜ, ਜਰਨੈਲ ਸਿੰਘ ਨੂੰ ਪੱਤਰਕਾਰ ਗੁਰਪ੍ਰੀਤ ਸਿੰਘ ਦੇ ਨਾਲ ਇਸੇ ਗੈਲਰੀ 'ਚ ਮਿਲਿਆ ਸੀ। ਪਰ ਇਸ ਤੋਂ ਪਹਿਲਾਂ ਵੀ ਚੰਡੀਗੜ੍ਹ 'ਚ ਮੈਂ ਜਰਨੈਲ ਸਿੰਘ ਨੂੰ ਮਿਲ ਚੁੱਕਿਆ ਸੀ।

ਫਿਰੋਜ਼ਪੁਰ ਜ਼ਿਲ੍ਹੇ ਦੇ ਸ਼ਹਿਰ ਜ਼ੀਰਾ 'ਚ 1956 'ਚ ਜੰਮੇ ਜਰਨੈਲ ਸਿੰਘ ਨੇ ਚਿੱਤਰਕਾਰੀ ਦੀ ਮੁਹਾਰਤ ਆਪਣੇ ਪਿਤਾ ਕਿਰਪਾਲ ਸਿੰਘ ਤੋਂ ਹਾਸਲ ਕੀਤੀ। ਜਰਨੈਲ ਸਿੰਘ ਦੇ ਚੇਹਰੇ 'ਤੇ ਫੌਜੀ ਜਰਨੈਲਾਂ ਵਰਗਾ ਜਲੌਅ ਸੀ, ਪਰ ਹਿਰਦੇ ਵਿਚ ਕੋਮਲਤਾ ਨਾਲ ਭਰਿਆ ਸੁੰਦਰ ਲਾਲ ਗੁਲਾਬ ਦੇ ਫੁੱਲਾਂ ਵਾਂਗੂ ਖਿੜਿਆ ਸੰਸਾਰ। ਆਪਣੇ ਦੁਨਿਆਵੀ ਸਫ਼ਰ ਦੌਰਾਨ ਉਸਨੂੰ ਆਪਣੀ ਜਨਮ-ਭੂਮੀ ਪੰਜਾਬ ਤੇ ਬਾਅਦ 'ਚ ਬਣੀ ਕਰਮ ਭੂਮੀ ਕੈਨੇਡਾ 'ਚ ਅਨੇਕਾਂ ਮਾਣ-ਸਨਮਾਨ ਮਿਲੇ। ਕਲਾ ਦੇ ਪਾਰਖੂਆਂ ਨੇ ਉਸ ਦੇ ਕੰਮ ਦੀ ਸ਼ਲਾਘਾ ਆਪਣੇ-ਆਪਣੇ ਢੰਗ ਨਾਲ ਕੀਤੀ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਹਲਵਾਰਵੀ ਨੇ ਇਕ ਵਾਰ ਉਸ ਬਾਰੇ ਲਿਖਿਆ ਸੀ "ਉਸ ਦੀਆਂ ਕਲਾ ਕਿਰਤਾਂ ਸਾਨੂੰ ਆਪਣੇ ਪਿਛੋਕੜ ਦੇ ਐਨ ਨੇੜੇ ਲੈ ਜਾਂਦੀਆਂ ਹਨ। ਉਨ੍ਹਾਂ ਵਿਚ ਧੜਕਦਾ ਪੰਜਾਬੀ ਜੀਵਨ ਹੈ, ਜਾਨ ਹੈ, ਜਜ਼ਬਾ ਹੈ, ਖੂਬਸੂਰਤੀ ਤੇ ਨਜ਼ਾਕਤ ਹੈ, ਬਹੁਰੰਗੀ ਵਿਵਧਤਾ ਹੈ। ਜਰਨੈਲ ਸਿੰਘ ਦੇ ਚਿੱਤਰਾਂ ਦੀ ਪ੍ਰਸ਼ੰਸਾ ਕਰਦੇ ਹੋਏ ਗੁਰਦਾਸ ਮਾਨ ਨੇ ਕਿਹਾ ਸੀ "ਸਿੱਖ ਇਤਿਹਾਸ ਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਚਿੱਤਰਕਾਰ ਜਰਨੈਲ ਸਿੰਘ ਦੀਆਂ ਪੇਂਟਿੰਗਜ਼ ਉਸਦੇ ਘਰ ਦੇਖਣ ਜਾਣਾ ਵੀ ਕਿਸੇ ਧਰਮ ਅਸਥਾਨ ਜਾਣ ਦੇ ਬਰਾਬਰ ਹੈ।" ਉਨ੍ਹਾਂ ਦੇ ਕੰਮ ਦਾ ਜ਼ਿਕਰ ਕਰਦੇ ਹੋਏ ਕਈ ਅਖਬਾਰਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ 'ਚ ਲੇਖ ਵੀ ਛਾਪੇ। ਬੀਰ ਰਸ ਤੇ ਸ਼ਿੰਗਾਰ ਰਸ ਉਨ੍ਹਾਂ ਦੀਆਂ ਕਿਰਤਾਂ ਦਾ ਵਿਸ਼ੇਸ਼ ਪਹਿਲੂ ਰਿਹਾ ਹੈ। ਇਸ ਪਰਿਵਾਰ ਨੂੰ ਸਿੱਖ ਸਕੂਲ ਆਫ ਪੇਂਟਿੰਗਜ਼ ਦੇ ਧੁਰੇ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਦੀ ਚਿੱਤਰਕਾਰੀ 'ਚ ਪੰਜਾਬ ਦੀ ਆਤਮਾ ਦੇ ਝਲਕਾਰੇ ਪੈਂਦੇ ਨੇ।

ਜਰਨੈਲ ਸਿੰਘ ਦੇ ਬਣਾਏ ਚਿੱਤਰ ਸੈਂਟਰਲ ਸਿੱਖ ਮਿਊਜ਼ੀਅਮ ਅੰਮ੍ਰਿਤਸਰ, ਪੰਜਾਬ ਵਾਰ ਮਿਊਜ਼ੀਅਮ ਲੁਧਿਆਣਾ, ਇੰਡੀਅਨ ਅੰਬੈਸੀ ਨਿਊਯਾਰਕ, ਮਿਊਜ਼ੀਅਮ ਆਫ ਰੂਰਲ ਪੰਜਾਬ, ਪੀ.ਏ.ਯੂ, ਲੁਧਿਆਣਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਇੰਡੀਅਨ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ, ਮਾਰਕਫੈੱਡ ਤੋਂ ਇਲਾਵਾ ਕੈਨੇਡਾ, ਅਮਰੀਕਾ, ਇੰਗਲੈਂਡ, ਜਪਾਨ, ਆਸਟ੍ਰੇਲੀਆ, ਮਲਾਇਆ, ਆਸਟਰੀਆ, ਸਿੰਗਾਪੁਰ, ਜਰਮਨੀ ਤੇ ਹੋਰ ਥਾਵਾਂ ਗੁਰਦੁਆਰਿਆਂ ਵਿਚ ਲੱਗੇ ਹੋਏ ਹਨ। ਉਸ ਦੀਆਂ ਪੇਂਟਿੰਗਜ਼ ਦੀ ਪ੍ਰਦਰਸ਼ਨੀ ਦੁਨੀਆਂ ਦੀ ਵੱਡੀਆਂ ਆਰਟ ਗੈਲਰੀਆਂ 'ਚ ਲੱਗ ਚੁੱਕੀ ਹੈ। ਉਸ ਨੇ ਪੇਂਟਿੰਗਜ਼ ਬਾਰੇ ਕਿਤਾਬਾਂ ਵੀ ਲਿਖੀਆਂ ਹਨ। ਇਨ੍ਹਾਂ 'ਚ ਪੰਜਾਬੀ ਪੇਂਟਰਜ਼, ਪੇਂਟਰਜ਼ ਆਫ ਸਿੱਖ ਹਿਸਟਰੀ ਸ਼ਾਮਿਲ ਹਨ। ਉਹ ਕਈ ਸਾਲ ਚਿੱਤਰਕਾਰੀ ਬਾਰੇ ਅਲੱਗ-ਅਲੱਗ ਅਖਬਾਰਾਂ ਵਿਚ ਵੀ ਲਿਖਦੇ ਰਹੇ। ਉਸ ਨੂੰ ਅਨੇਕਾਂ ਸਮਾਜਿਕ ਤੇ ਕਲਾਕਾਰੀ ਦੇ ਖੇਤਰ 'ਚ ਕਮ ਕਰ ਰਹੀਆਂ ਸੰਸਥਾਵਾਂ ਨੇ ਸਨਮਾਨਿਤ ਕੀਤਾ ਹੈ। ਜਰਨੈਲ ਸਿੰਘ ਇਕ ਅੱਛਾ ਫੋਟੋਗ੍ਰਾਫਰ ਵੀ ਸੀ ਤੇ ਬਹੁਤ ਸਾਰੀਆਂ ਫੋਟੋਗਰਾਫੀ ਨਾਲ ਸੰਬੰਧਿਤ ਸੰਸਥਾਵਾਂ ਦਾ ਮੈਂਬਰ ਸੀ।

ਜਰਨੈਲ ਸਿੰਘ ਦੇ ਪਿਤਾ ਕਿਰਪਾਲ ਸਿੰਘ ਜੀ ਮਸ਼ਹੂਰ ਆਈ.ਏ.ਐਸ. ਅਫਸਰ ਮੋਹਿੰਦਰ ਸਿੰਘ ਰੰਧਾਵਾ ਦੇ ਨਜ਼ਦੀਕੀਆਂ ਵਿਚੋਂ ਇਕ ਸਨ। ਰੰਧਾਵਾ ਵੱਡਾ ਆਦਮੀ ਸੀ ਤੇ ਉਸਨੇ ਪੰਜਾਬ ਲਈ ਵੱਡੇ ਕੰਮ ਕੀਤੇ ਨੇ। ਉਹ ਕਲਾ ਦਾ ਤੇ ਕਲਾਕਾਰਾਂ ਦਾ ਵੱਡਾ ਪਾਰਖੂ ਤੇ ਪ੍ਰਸ਼ੰਸਕ ਸੀ। ਰੰਧਾਵਾ ਨੇ ਕਿਰਪਾਲ ਸਿੰਘ ਨੂੰ ਕਹਿ ਕੇ ਕਈ ਪੇਂਟਿੰਗਜ਼ ਬਣਵਾਈਆਂ ਸਨ। ਸ. ਸਵਰਨ ਸਿੰਘ ਬੋਪਾਰਾਏ ਨੂੰ ਇਕ ਵਾਰ ਮੋਹਿੰਦਰ ਸਿੰਘ ਰੰਧਾਵਾ ਨੇ ਫੋਨ ਕਰ ਕੇ ਕਿਹਾ ਸੀ ਕਿ ਉਹ ਸਰਦਾਰ ਕਿਰਪਾਲ ਸਿੰਘ ਨੂੰ ਮੁਦਕੀ, ਫਿਰੋਜ਼ਸ਼ਾਹ ਤੇ ਸਭਰਾਵਾਂ ਨਾਲ ਲੈ ਕੇ ਜਾਵੇ ਤੇ ਉਹ ਥਾਵਾਂ ਦਿਖਾਵੇ ਜਿੱਥੇ ਅੰਗਰੇਜ਼ਾਂ ਨਾਲ ਫ਼ੈਸਲਾਕੁਨ ਲੜਾਈਆਂ ਲੜੀਆਂ ਗਈਆਂ ਸਨ। ਉਸ ਸਮੇਂ ਬੋਪਾਰਾਏ ਫਿਰੋਜ਼ਪੁਰ ਜ਼ਿਲ੍ਹੇ ਦੇ ਡੀ.ਸੀ. ਲੱਗੇ ਹੋਏ ਸਨ। ਇਨ੍ਹਾਂ ਥਾਵਾਂ ਦਾ ਚੱਕਰ ਲਗਾਉਣ ਤੋਂ ਬਾਅਦ ਹੀ ਕਿਰਪਾਲ ਸਿੰਘ ਨੇ ਇਨ੍ਹਾਂ ਥਾਵਾਂ 'ਤੇ ਹੋਈਆਂ ਲੜਾਈਆਂ ਬਾਰੇ ਬਹੁਤ ਹੀ ਵਧੀਆ ਪੇਂਟਿੰਗਜ਼ ਤਿਆਰ ਕੀਤੀਆਂ। ਸਰਦਾਰ ਕਿਰਪਾਲ ਸਿੰਘ ਕਾਲਾ ਚੋਗਾ ਪਾ ਕੇ ਰੱਖਦੇ ਸੀ।

ਸਰਦਾਰ ਕਿਰਪਾਲ ਸਿੰਘ ਦੀ ਸ਼ਾਨਾਮੱਤੀ ਵਿਰਾਸਤ ਦੇ ਵਾਰਿਸ ਜਰਨੈਲ ਸਿੰਘ ਦੇ ਇਸ ਸੰਸਾਰ ਤੋਂ ਰੁਖ਼ਸਤ ਹੋਣ ਤੋਂ ਬਾਅਦ ਉਮੀਦ ਹੈ ਕਿ ਜਰਨੈਲ ਸਿੰਘ ਦੀ ਪਤਨੀ ਬੀਬੀ ਬਲਜੀਤ ਕੌਰ ਤੇ ਉਨ੍ਹਾਂ ਦੀ ਧੀ ਨੀਤੀ ਸਿੰਘ ਤੇ ਪੁੱਤਰ ਜੁਝਾਰ ਸਿੰਘ ਇਸ ਵਿਰਾਸਤ ਦਾ ਝੰਡਾ ਬੁਲੰਦ ਰੱਖਣਗੇ। ਬੀਬੀ ਬਲਜੀਤ ਕੌਰ ਦੇ ਹੱਥ 'ਚ ਚਿੱਤਰਕਾਰਾਂ ਵਾਲੀ ਕਲਾ ਹੈ ਤੇ ਉਹ ਇਸ ਵਿਰਾਸਤ ਦੇ ਝੰਡਾਬਰਦਾਰ ਬਣ ਸਕਦੀ ਹੈ। ਨੀਤੀ ਸਿੰਘ ਤੇ ਜੁਝਾਰ ਸਿੰਘ ਵੀ ਆਪਣੇ ਪਿਤਾ ਦੇ ਨਕਸ਼ੇ ਕਦਮ 'ਤੇ ਚੱਲਣ ਲਈ ਮਿਹਨਤ ਕਰ ਰਹੇ ਨੇ। ਸ਼ਰਧਾਂਜਲੀ ਸਮਾਰੋਹ 'ਤੇ ਬੋਲਦੇ ਸਮੇਂ ਦਲਜੀਤ ਸਿੰਘ ਸਰਾਂ ਨੇ ਇਹ ਬੇਨਤੀ ਬਲਜੀਤ ਕੌਰ ਨੂੰ ਕੀਤੀ ਸੀ ਕਿ ਕਿਰਪਾਲ ਸਿੰਘ ਤੇ ਜਰਨੈਲ ਸਿੰਘ ਦੀ ਵਿਰਾਸਤ ਦੀ ਸੰਭਾਲ ਦੀ ਜ਼ਿੰਮੇਵਾਰੀ ਹੁਣ ਉਸ ਦੇ ਮੋਢਿਆਂ 'ਤੇ ਹੈ।

ਉਪਰ ਮੈਂ ਸਰਦਾਰ ਜਰਨੈਲ ਸਿੰਘ ਦੀ ਅੰਤਿਮ ਅਰਦਾਸ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਇਸ ਵਿਚ ਕੁੱਝ ਗਿਣਤੀ ਦੇ ਲੋਕ ਹੀ ਸ਼ਾਮਿਲ ਸਨ। ਅਸਲ ਵਿਚ ਜਦੋਂ ਸੈਕਟਰ 19 ਦੇ ਗੁਰਦੁਆਰੇ ਵੱਲ ਨੂੰ ਚੱਲਿਆ ਸੀ ਤਾਂ ਮੈਨੂੰ ਲੱਗ ਰਿਹਾ ਸੀ ਕਿ ਉਥੇ ਬਹੁਤ ਭੀੜ ਹੋਵੇਗੀ ਤੇ ਸ਼ਹਿਰ ਦੇ ਕਲਾ ਨੂੰ ਪ੍ਰਣਾਏ, ਸਾਹਿਤ ਦੇ ਧਨੀ, ਸਿੱਖ ਇਤਿਹਾਸ ਨਾਲ ਸੰਬੰਧਿਤ ਸ਼ਖ਼ਸੀਅਤਾਂ, ਕੋਮਲ ਕਲਾਵਾਂ ਨਾਲ ਜੁੜੇ ਲੋਕਾਂ ਦੇ ਦਰਸ਼ਨ ਹੋਣਗੇ। ਉਹ ਜਰਨੈਲ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਲਾਈਨ ਬਣਾਈ ਖੜ੍ਹੇ ਹੋਣਗੇ। ਇਹ ਅਸਲ 'ਚ ਮੇਰਾ ਭਰਮ ਹੀ ਸੀ। ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਪ੍ਰਤੀਨਿਧ ਸਿੱਖ ਇਤਿਹਾਸ ਦੀ ਰੂਹ ਨਾਲ ਜੁੜੇ ਪਰਿਵਾਰ ਦੇ ਰੰਗਲੇ ਸੱਜਣ ਜਰਨੈਲ ਸਿੰਘ ਦੇ ਭੋਗ 'ਚ ਸ਼ਾਮਿਲ ਹੋਣ ਲਈ ਨਹੀਂ ਸੀ ਭੇਜਣਾ ਚਾਹੀਦਾ? ਕੀ ਪੰਜਾਬ ਕਲਾ ਪ੍ਰੀਸ਼ਦ ਦੇ ਮੁਖੀਆਂ ਨੂੰ ਉਸਦੀ ਅੰਤਿਮ ਅਰਦਾਸ 'ਚ ਸ਼ਾਮਿਲ ਨਹੀਂ ਸੀ ਹੋਣਾ ਚਾਹੀਦਾ? ਕੀ ਪੰਜਾਬ ਸਰਕਾਰ ਦਾ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਉਥੇ ਹਾਜ਼ਰ ਨਹੀਂ ਸੀ ਹੋਣਾ ਚਾਹੀਦਾ? ਅਨੇਕਾਂ ਇਸ ਤਰ੍ਹਾਂ ਦੇ ਸਵਾਲ ਜ਼ਿਹਨ 'ਚ ਘੁੰਮ ਰਹੇ ਨੇ।

ਪਰ ਸਾਡੇ ਸਮਿਆਂ ਦੇ ਪੰਜਾਬ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਇਸਨੂੰ ਆਪਣੇ ਨਾਇਕਾਂ ਦੀ ਪਛਾਣ ਕਰਨੀ ਭੁੱਲ ਗਈ ਹੈ। ਜੋ ਸਾਡੇ ਸਮਾਜ ਦੇ ਵੱਡੇ ਖਲਨਾਇਕ ਨੇ ਤੇ ਜਿਨ੍ਹਾਂ ਨੇ ਪੰਜਾਬ ਨੂੰ ਮਧੋਲ ਕੇ ਰੱਖ ਦਿੱਤਾ, ਉਹ ਇਸ ਵੇਲੇ ਸਾਡੇ ਆਮ ਲੋਕਾਂ ਦੇ ਨਾਇਕ ਬਣ ਬੈਠੇ ਨੇ। ਉਨ੍ਹਾਂ ਦੇ ਭੋਗਾਂ 'ਤੇ, ਉਨ੍ਹਾਂ ਦੇ ਸਮਾਜਿਕ ਸਮਾਗਮਾਂ 'ਤੇ ਲੋਕ ਉਲਰ-ਉਲਰ ਡਿਗਦੇ ਨੇ। ਆਪਣੀ ਹਾਜ਼ਰੀ ਲਵਾਉਣ ਲਈ ਹਰ ਹੀਲਾ ਵਰਤਦੇ ਨੇ। ਅਜਿਹੇ ਸਮਿਆਂ 'ਚ ਜਰਨੈਲ ਸਿੰਘ ਵਰਗਿਆਂ ਦੀ ਕੀਹਨੇ ਕਦਰ ਕਰਨੀ ਸੀ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey




ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ।

ਖ਼ਾਲਸਾ-ਪੰਥ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਸੀ। ਦਸਮੇਸ਼ ਪਿਤਾ ਜੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਨਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨ੍ਹਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚਲਿਤ ਕੀਤਾ। ਅਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਹਨਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜੁਰਅਤ ਭਰਨ ਲਈ ਉਹਨਾਂ ਵਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿਤੇ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਨਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੈ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤਬ ਦਿਖਾਉਂਦੇ ਹਨ। ਕਲਗੀਧਰ ਪਾਤਸ਼ਾਹ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ।ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਤਿਉਹਾਰ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰ੍ਹਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਅਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ ਤਾਂ ਸਭ ਦੀ ਆਤਮਾ ਖਿੜ ਗਈ:

*ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।*
*ਲਬੇ ਚੂੰ .ਗੁੰਚਾ ਰਾ .ਫਰ.ਖੰਦਹ .ਖੂ ਕਰਦ।*
*ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।*
*ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।*
*ਜਹੇ ਪਿਚਕਾਰੀਏ ਪੁਰ ਜ਼ੁਫਰਾਨੀ।*
*ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।*
*ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ।*
*ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।*
*ਦੋ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼।*
*ਚੁ ਸ਼ਾਹਮ ਜਾਮਹ ਰੰਗੀ ਦਰ ਗੁਲੂ ਕਰਦ।*

*(ਭਾਈ ਨੰਦ ਲਾਲ ਰਚਨਾਵਲੀ)*

ਭਾਰਤ ਬਹੁਤ ਸਾਰੇ ਮੌਸਮੀ, ਸੱਭਿਆਚਾਰਕ ਅਤੇ ਇਤਿਹਾਸਕ ਤਿਉਹਾਰਾਂ ਦਾ ਦੇਸ਼ ਹੈ। ਖ਼ਾਲਸਾ-ਪੰਥ ਇਨ੍ਹਾਂ ਵਿਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਅਤੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਉਂਦਾ ਹੈ। ਜਿਵੇਂ 'ਹੋਲੀ' ਦੀ ਥਾਂ ਖ਼ਾਲਸਾ-ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ 'ਬੰਦੀ-ਛੋੜ ਦਿਵਸ' ਮਨਾਉਂਦਾ ਹੈ। ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲੀ ਰੰਗਾਂ ਦੀ ਖੇਡ ਹੈ ਜਦਕਿ ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੀ ਪਰੰਪਰਾਗਤ ਰਵਾਇਤ ਤੋਂ ਹਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ 'ਚ ਮਨਾਉਣਾ ਆਰੰਭ ਕੀਤਾ ਅਤੇ ਇਸ ਤਿਉਹਾਰ ਨੂੰ ਖ਼ਾਲਸਾ-ਪੰਥ ਵਿਚ ਚੜ੍ਹਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ।

ਮੌਸਮੀ ਤਬਦੀਲੀ ਦੇ ਪੱਖ ਤੋਂ 'ਹੋਲੀ' ਬਸੰਤ ਰੁੱਤ ਦੇ ਆਗਮਨ ਦੇ ਨਾਲ ਨਾਲ ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਮਾਨਵ ਚੇਤਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਮਨਾਉਣ ਦਾ ਉਪਦੇਸ਼ ਦਿੱਤਾ ਹੈ:

*ਨਾਨਕ ਤਿਨਾ ਬਸੰਤੁ ਹੈ ਜਿਨ*
*ਘਰਿ ਵਸਿਆ ਕੰਤੁ ॥*
*ਜਿਨ ਕੇ ਕੰਤ ਦਿਸਾਪੁਰੀ*
*ਸੇ ਅਹਿਨਿਸਿ ਫਿਰਹਿ ਜਲੰਤ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 791)*

ਗੁਰੂ ਸਾਹਿਬ ਦੀ ਮਾਨਵ-ਸਮਾਜ ਨੂੰ ਵੱਡਮੁਲੀ ਦੇਣ ਹੀ ਇਹ ਹੈ ਕਿ ਉਨ੍ਹਾਂ ਨੇ ਮਨੁੱਖੀ ਜੀਵਨ ਨੂੰ ਹਰ ਪੱਖ ਤੋਂ ਸੰਪੂਰਨ, ਸਿਖਿਆਦਾਇਕ ਤੇ ਉਸਾਰੂ ਬਨਾਉਣ ਦੀ ਪ੍ਰੇਰਨਾ ਦਿੱਤੀ ਹੈ। ਏਸੇ ਲਈ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਗੁਰਬਾਣੀ ਵਿਚ ਪਰਮਾਰਥ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਇਸ ਤਰ੍ਹਾਂ ਪ੍ਰੇਰਨਾ ਕੀਤੀ ਹੈ:

*ਗੁਰੁ ਸੇਵਉ ਕਰਿ ਨਮਸਕਾਰ ॥*
*ਆਜੁ ਹਮਾਰੈ ਮੰਗਲਚਾਰ ॥*
*ਆਜੁ ਹਮਾਰੈ ਮਹਾ ਅਨੰਦ ॥*
*ਚਿੰਤ ਲਥੀ ਭੇਟੇ ਗੋਬਿੰਦ ॥1 ॥*
*ਆਜੁ ਹਮਾਰੈ ਗ੍ਰਿਹਿ ਬਸੰਤ ॥*
*ਗੁਨ ਗਾਏ ਪ੍ਰਭ ਤੁਮ ਬੇਅੰਤ ॥1 ॥ਰਹਾਉ ॥*
*ਆਜੁ ਹਮਾਰੈ ਬਨੇ ਫਾਗ ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ ॥*
*ਹੋਲੀ ਕੀਨੀ ਸੰਤ ਸੇਵ ॥*
*ਰੰਗੁ ਲਾਗਾ ਅਤਿ ਲਾਲ ਦੇਵ ॥2 ॥*
*(ਪੰਨਾ 1180)*

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ:


*ਰਾਜ ਕਿਸੇ ਕੋ ਕੋਇ ਨ ਦੈ ਹੈਂ।*
*ਜੋ ਲੈ ਹੈ ਨਿਜ ਬਲ ਸੋਂ ਲੈ ਹੈਂ।*

*(ਪੰਥ ਪ੍ਰਕਾਸ਼)*


ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀਂ', ਦੇਖਾ ਹੀ ਪ੍ਰਵਾਨ' ਅਨੁਸਾਰ ਕੇਵਲ ਕਥਨ ਕਰਨ ਨਾਲ ਹੀ ਨਹੀਂ ਸਗੋਂ ਅੱਖੀਂ ਦੇਖਣ ਨਾਲ ਪਤਾ ਲਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਨੂੰ ਇਸ ਤਰ੍ਹਾਂ ਲਿਖਦੇ ਹਨ:

*ਔਰਨ ਕੀ ਹੋਲੀ ਮਮ ਹੋਲਾ।*
*ਕਹਯੋ ਕ੍ਰਿਪਾਨਿਧ ਬਚਨ ਅਮੋਲਾ।*

ਅਜੋਕੇ ਸਮੇਂ ਵਿਚ ਨਵੀਂ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ। ਆਓ! ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਆਪਣੇ ਗੌਰਵਮਈ ਵਿਰਸੇ ਅਤੇ ਜੁਝਾਰੂ ਬਿਰਤੀ ਦੀ ਸ਼ਕਤੀ ਨਾਲ ਨਸ਼ਿਆਂ ਤੇ ਪਤਿੱਤਪੁਣੇ ਵਿਰੁੱਧ ਜੂਝੀਏ। ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲਈਏ ਅਤੇ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਸਰਬੰਸ-ਦਾਨੀ ਦਸਮੇਸ਼ ਪਿਤਾ ਦੇ ਸੱਚੇ ਸਪੂਤ ਬਣੀਏ।




"ਹੋਲੇ ਮਹੱਲੇ ਦਾ ਆਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਸੀ। ਹੋਲੀ ਰੰਗਾਂ ਦੀ ਖੇਡ ਹੈ ਜਦਕਿ ਹੋਲਾ ਮਹੱਲਾ ਮਨਾਉਣ ਦਾ ਮੁੱਖ ਮੰਤਵ ਗੁਰਸਿੱਖਾਂ ਅੰਦਰ 'ਫ਼ਤਹਿ' ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਦੀ ਭਾਵਨਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੀ ਪਰੰਪਰਾਗਤ ਰਵਾਇਤ ਤੋਂ ਹਟ ਕੇ ਇਸ ਨੂੰ ਹੋਲਾ-ਮਹੱਲਾ ਦੇ ਵਿਲੱਖਣ ਰੂਪ 'ਚ ਮਨਾਉਣਾ ਆਰੰਭ ਕੀਤਾ ਅਤੇ ਇਸ ਤਿਉਹਾਰ ਨੂੰ ਖ਼ਾਲਸਾ-ਪੰਥ ਵਿਚ ਚੜ੍ਹਦੀ ਕਲਾ ਦੀ ਭਾਵਨਾ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਨਵੇਂ ਸਾਰਥਿਕ ਅਰਥ ਦਿੱਤੇ ਤੇ ਨਵੇਂ ਢੰਗ-ਤਰੀਕੇ ਅਪਣਾਏ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀਂ', ਦੇਖਾ ਹੀ ਪ੍ਰਵਾਨ' ਅਨੁਸਾਰ ਕੇਵਲ ਕਥਨ ਕਰਨ ਨਾਲ ਹੀ ਨਹੀਂ ਸਗੋਂ ਅੱਖੀਂ ਦੇਖਣ ਨਾਲ ਪਤਾ ਲਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕਢਦਾ ਹੈ।"




# ਸਿੱਖ ਰਾਜ
## ਕਿਵੇਂ ਬਣਿਆ?

**ਲੇਖਕ : ਗਿ: ਸੋਹਣ ਸਿੰਘ 'ਸੀਤਲ'**

ਕਿਸ਼ਤ - 55

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਉਬੇਦਖ਼ਾਂ ਨੇ ਗੁਜਰਾਂ-ਵਾਲਾ ਘੇਰ ਲਿਆ

ਉਹਨੇ ਵੀਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਗੁਜਰਾਂਵਾਲੇ ਵਿਚ ਸ: ਚੜ੍ਹਤ ਸਿੰਘ ਨੂੰ ਜਾ ਘੇਰਿਆ। 13 ਦਿਨ ਘੇਰਾ, ਰਿਹਾ। ਬਾਕੀ ਸਿੰਘਾਂ ਨੂੰ ਪਤਾ ਲੱਗਾ, ਤਾਂ ਸ: ਜੱਸਾ ਸਿੰਘ ਆਹਲੂ ਵਾਲੀਐ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ, ਸ: ਜੈ ਸਿੰਘ ਕਨ੍ਹਈਆ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, ਆਦਿ ਫ਼ੌਜ ਲੈ ਕੇ ਗੁਜਰਾਂਵਾਲੇ ਆ ਗਏ। ਉਹਨਾਂ ਉਬੇਦਖ਼ਾਂ ਨੂੰ ਘੇਰੇ ਵਿਚ ਲੈ ਲਿਆ ਤੇ ਅਗਲੇ ਦਿਨ ਧਾਵਾ ਬੋਲਣ ਦਾ ਮਤਾ ਪਕਾਇਆ।

### ਉਬੇਦਖ਼ਾਂ ਨੱਸ ਗਿਆ

ਉਬੇਦਖ਼ਾਂ ਸਿੰਘਾਂ ਤੋਂ ਡਰਦਾ ਰਾਤੋ ਰਾਤ ਡੇਰਾ ਛੱਡ ਕੇ ਨੱਸ ਗਿਆ ਤੇ ਸ਼ਰਕਪੁਰ ਰਾਹੀਂ ਲਾਹੌਰ ਜਾ ਵੜਿਆ।ਨਖ਼ਸਮੀਫੌਜ ਦਾ ਜਿਸ ਪਾਸੇ ਮੂੰਹ ਹੋਇਆ, ਨੱਸ ਗਈ। ਉਸ ਦਾ ਡੇਰਾ ਸਿੰਘਾਂ ਨੇ ਲੁੱਟ ਲਿਆ। ਹਜ਼ਾਰਾਂ ਰੁਪੈ ਦੇ ਸਾਮਾਨ ਸਣੇ ਕੋਈ ਤੋਪਾਂ ਸ: ਚੜ੍ਹਤ ਸਿੰਘ ਦੇ ਹੱਥ ਆਈਆਂ, ਜੋ ਉਸ ਨੇ ਗੁਜਰਾਂਵਾਲੇ ਦੇ ਕਿਲੇ ਦੀਆਂ ਕੰਧਾਂ ਉੱਤੇਜਾ ਬੀੜੀਆਂ।

22 ਅਕਤੂਬਰ, 1761 ਈ। ਨੂੰ ਦੀਵਾਲੀ ਸੀ। ਸਾਰਾ ਪੰਥ ਅੰਮ੍ਰਿਤਸਰ ਕੱਠਾ ਹੋਇਆ। ਅਕਾਲ ਤਖ਼ਤ ਗੁਰਮਤਾ ਪਾਸ ਕੀਤਾ ਗਿਆ ਕਿ ਲਾਹੌਰ ਉੱਤੇ ਕਬਜ਼ਾ ਕੀਤਾ ਜਾਵੇ ਤੇ ਜੰਡਿਆਲੀਏ ਗੁਰੂ ਆਕਲਦਾਸ ਨੂੰ ਸਜ਼ਾ ਦਿੱਤੀ ਜਾਵੇ। ਗੁਰਵਾਕ ਲੈ ਕੇ, ਸਿੰਘਾਂ ਨੇ ਲਾਹੌਰ ਨੂੰ ਘੇਰਾ ਜਾ ਪਾਇਆ।

ਉਬੇਦਖ਼ਾਂ ਟਾਕਰਾ ਕਰਨ ਦੀ ਥਾਂ ਕਿਲਾ ਬੰਦ ਹੋ ਬੈਠਾ। ਸ਼ਹਿਰ ਦੇ ਪਤਵੰਤਿਆਂ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨਾਲ ਫ਼ੈਸਲਾ ਕਰ ਕੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ।

### ਸਿੰਘਾਂ ਲਾਹੌਰ ਵਿਚ ਸਿੱਕਾ ਚਲਾਇਆ

ਹੁਣ ਲਾਹੌਰ ਵਿਚ ਦੋ ਹਾਕਮ ਸਨ : ਕਿਲੇ ਵਿਚ ਉਬੇਦ ਖ਼ਾਂ ਤੇ ਸ਼ਹਿਰ ਵਿਚ ਸਿੱਖ ਫ਼ ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਦਾ ਖ਼ਿਤਾਬ ਦਿੱਤਾ। ਇਸ ਤੋਂ ਪਿਛੋਂ ਸਿੱਖ ਉਸਨੂੰਸਿੰਬਾਦਸ਼ਾਹ ਕਹਿੰਦੇ ਸਨ ਸਿੱਖਾਂ ਨੇ ਸਰਕਾਰੀ ਟਕਸਾਲ 'ਤੇ ਕਬਜ਼ਾ ਕਰ ਲਿਆ ਤੇ ਸਿੱਕਾ ਚਾਲੂ ਕੀਤਾ। ਚਾਂਦੀਦੇ ਸਿੱਕੇ ਉੱਤੇ ਹੇਠ ਲਿਖਿਆ ਫ਼ਾਰਸੀ ਦਾ ਸ਼ਿਅਰ ਲਿਖਿਆ ਹੋਇਆ ਸੀ :

ਸਿੱਕਾ ਜਦ ਦਰ ਜਹਾਂ ਬਫ਼ਜ਼ਲ ਅਕਾਲ।
ਮੁਲਕ ਅਹਿਮਦਫ਼ਤਜੱਸਾਕਲਾਲ

ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਤਾਂ ਕਰ ਲਿਆ; ਪਰ ਉਹਨਾਂ ਨੂੰ ਆਪਣੇ ਫ਼ੌਜੀ ਬਲ ਉੱਤੇ ਅਜੇ ਏਨਾ ਭਰੋਸਾ ਨਹੀਂ ਸੀ, ਕਿ ਉਹ ਆਪਣਾ ਕਬਜ਼ਾ ਕਾਇਮ ਰਖ ਸਕਣਗੇ । ਉਹ ਪਹਿਲਾਂ ਉਦਾਲੇ ਦੇ ਵਿਰੋਧੀਆਂ ਨੂੰ ਚੰਗੀ ਤਰਾਂ ਸੋਧਣਾ ਚਾਹੁੰਦੇ ਸਨ। ਸੋ ਉਹ ਲਾਹੌਰ ਛੱਡ ਕੇ ਜੰਡਿਆਲੇ ਤੇ ਚੜ੍ਹ ਆਏ।

### ਸਿੱਖਾਂ ਜੰਡਿਆਲਾ ਘੇਰ ਲਿਆ

ਸਿੱਖਾਂ ਦਾ ਵੈਰੀ ਸੀ। ਉਸ ਨੇ ਕਈ ਧਰਮਾਤਮਾ ਸਿੱਖ ਫੜਾਏ ਤੇ ਕਤਲ ਕਰਾਏ ਸਨ। ਲਾਹੌਰੋਂ ਹਟਕੇ ਸਿੱਖਾਂ ਨੇ ਜੰਡਿਆਲੇ ਨੂੰ ਆ ਘੇਰਾ ਪਾਇਆ। ਆਕਲ ਦਾਸ ਦਾ ਸਾਰਾ ਇਲਾਕਾ ਲੁੱਟ ਲਿਆ। ਇਹ ਘਟਨਾ ਜਨਵਰੀ, 1762 ਦੀ ਹੈ। ਆਕਲ ਦਾਸ ਨੇ ਅਹਿਮਦ ਸ਼ਾਹ ਅਬਦਾਲੀ ਕੋਲ ਮਦਦ ਵਾਸਤੇ ਅਰਜ਼ੀ ਲਿਖ ਭੇਜੀ। ਆਕਲ ਦਾਸ ਨੂੰ ਸਿੱਖਾਂ ਦੇ ਘੇਰੇ ਵਿਚੋਂ ਬਚ ਨਿਕਲਣ ਦੀ ਆਸ ਨਹੀਂ ਸੀ। ਉਹਨੇ ਆਪਣੇ ਮੁਸਲਮਾਨ ਨੌਕਰਾਂ ਕੋਲੋਂ ਗਾਂਈਂ ਮਰਵਾ ਕੇ ਕਿਲੇ ਦੀਆਂ ਕੰਧਾਂ ਤੋਂ ਬਾਹਰ ਸਿੱਖਾਂ ਦੇ ਮਾਲੂਮ ਹੁੰਦਾ ਹੈ, ਕਿ ਇਸ ਘਟਨਾ ਤੋਂ ਪਿਛੋਂ ਛੇਤੀ ਉਬੇਦਖ਼ਾਂ ਮਰ ਗਿਆ ਸੀ। ਖ਼ਜ਼ਾਨਾ-ਇ-ਅਮੀਰਾਂ ਦਾ ਕਰਤਾ ਲਿਖਦਾ ਹੈ, ਕਿ ਉਬੇਦਖ਼ਾਂ' ਹਾਰ ਗਿਆ ਤੇ ਸ: ਜੱਸਾ ਸਿੰਘ ਆਹਲੂਵਾਲੀਏ ਹੱਥੋਂ ਕਤਲ ਹੋ ਗਿਆ।

ਮੋਰਚਿਆਂ ਦੇ ਸਾਮਣੇ ਸੁਟਵਾਈਆਂ।। ਇਹ ਪਾਪ ਹੁੰਦਾ ਵੇਖ ਕੇ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਮਲੇਰਕੋਟਲੇ ਨੂੰ ਚਲੇ ਗਏ।

ਜਦ ਵੀ ਅਬਦਾਲੀ ਹਿੰਦ ਵਿਚ ਆਇਆ, ਉਸ ਦੀ ਫ਼ੌਜ ਸਿੱਖਾਂ ਹੱਥੋਂਲੁੱਟੀ ਜਾਂਦੀ ਰਹੀ।ਹਿੰਦ ਦੀਆਂ ਬਾਕੀ ਸਭ ਤਾਕਤਾਂ ਅਬਦਾਲੀ ਸਾਮਣੇ ਝੁਕ ਗਈਆਂ ਸਨ। ਹੁਣ ਕੇਵਲ ਸਿੱਖ ਹੀ ਉਸ ਦੀਆਂ ਅੱਖਾਂ ਵਿੱਚ ਰੜਕਦੇ ਸਨ। ਸੋ, ਅਬਦਾਲੀ ਸਿੱਖਾਂ ਨੂੰ ਮਲੀਆ-ਮੇਟ ਕਰਨ ਵਾਸਤੇ ਛੇਵੀਂ ਵਾਰ ਪੰਜਾਬ ਉਤੇ ਚੜ੍ਹ ਆਇਆ। ਉਹ ਰੁਹਤਾਸਪੁੱਜਾ, ਤਾਂ ਉਸਨੂੰ ਜੰਡਿਆਲੀਏ ਦੇ ਆਦਮੀ ਮਿਲੇ। ਉਹ ਰੁਹਤਾਸ ਤੋਂ ਚੱਲ ਕੇ ਚਾਰ ਦਿਨਾਂ ਵਿੱਚਲਾਹੌਰ ਆ ਪੁੱਜਾ।

### ਅਬਦਾਲੀ ਦਾ ਛੇਵਾਂ ਹਮਲਾ

ਅੱਗੇ ਲਾਹੌਰ ਖ਼ਾਲੀ ਪਿਆ ਸੀ। ਅਗਲੇ ਦਿਨ ਉਹ ਜੰਡਿਆਲੇ ਪੁੱਜਾ, ਤਾਂ ਸਿੱਖ ਓਥੋਂ ਵੀ ਜਾ ਚੁੱਕੇ ਸਨ।

### ਅਬਦਾਲੀ ਲਾਹੌਰ ਵਿਚ

ਆਕਲਦਾਸ ਤੋਂ ਨਜ਼ਰਾਂਨਾ ਲੈ ਕੇ ਅਬਦਾਲੀ ਫਿਰ ਲਾਹੌਰ ਆ ਗਿਆ ਤੇ ਸਿੱਖਾਂ ਦੀ ਸੂਹ ਕੱਢਣ ਵਾਸਤੇ ਆਦਮੀ ਭੇਜੇ।

ਜੰਡਿਆਲੇ ਤੋਂ ਉਠ ਕੇ ਸਿੰਘ ਮਲੇਰ ਕੋਟਲੇ ਦੇ ਇਲਾਕੇ ਵਿਚ ਆ ਵੜੇ। ਖ਼ਾਲਸਾ ਫ਼ੌਜ ਉਸ ਵੇਲੇ ਪੰਜਾਹ ਹਜ਼ਾਰ ਦੇ ਲਗਭਗ ਸੀ। ਇਸ ਵਾਰ ਸਿੰਘਾਂ ਦਾ 'ਵਹੀਰ' (ਬਾਲ ਬੱਚਾ ਤੇ ਸਾਮਾਨ) ਵੀ ਨਾਲ ਹੀ ਸੀ। ਮਲੇਰ ਕੋਟਲੇ ਤੋਂ ਛੇ ਮੀਲ ਦੂਰ ਦਲ ਖ਼ਾਲਸਾ ਫ਼ੌਜ ਪਿੰਡ ਕੁੱਪ ਵਿਚ ਬੈਠੀ ਸੀ। ਉਸ ਤੋਂ ਚਾਰ ਮੀਲ ਦੂਰ ਪਿੰਡ 'ਗੁਰਮਾ' ਵਿਚ ਸਿੰਘਾਂ ਦਾ ਡੇਰਾ ਤੇ 'ਵਹੀਰ' ਸੀ।

### ਸਿੱਖਾਂ ਦਾ ਡੇਰਾ ਪਿੰਡ ਕੁੱਪ ਵਿਚ

ਜ਼ੈਨ ਖ਼ਾਂ ਫ਼ੌਜਦਾਰ,ਸਰਹਿੰਦ ਵੀ ਉਸ ਵੇਲੇ ਮਲੇਰ ਕੋਟਲੇ ਵਿਚ ਸੀ। ਉਹ ਤੇ ਮਲੇਰਕੋਟਲੀਆਭੀਖਣਖ਼ਾਂ ਸਿੱਖਾਂ ਨਾਲ ਲੜ ਰਹੇ ਸਨ। ਇਹ ਖ਼ਬਰ ਲਾਹੌਰ ਅਬਦਾਲੀ ਨੂੰ ਪੁੱਜੀ, ਤਾਂ ਉਹ ਦੋ ਦਿਨਾਂ ਵਿਚ ਪੰਧ ਮੁਕਾ ਕੇ ਪੰਜ ਫ਼ਰਵਰੀ, 1762 ਈ: ਦਾ ਸੂਰਜ ਚੜ੍ਹਨ ਤੋਂ ਪਹਿਲਾਂ ਮਲੇਰ ਕੋਟਲੇ ਜਾ ਪੁੱਜਾ।

ਅਬਦਾਲੀ ਨੇ ਅੱਧੀ ਫ਼ੌਜ ਆਪ ਰਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਂ ਨੂੰ ਦੇ ਕੇ ਸਿੱਖਾਂ ਦੇ 'ਵਹੀਰ' ਉਤੇ ਹਮਲਾ ਕਰਨ ਦਾ ਹੁਕਮ ਦਿੱਤਾ। ਜ਼ੈਨਖ਼ਾਂ, ਭੀਖਣਖ਼ਾਂ ਤੇ ਲਛਮੀ ਨਾਰਾਇਣ ਨੂੰ ਵੀ ਸ਼ਾਹ ਵਲੀ ਦੀ ਮਦਦ ਵਾਸਤੇ ਤੋਰ ਦਿੱਤਾ।

### ਵੱਡਾ ਘੱਲੂਘਾਰਾ

ਸਿੰਘਾਂ ਨੂੰ ਪਤਾ ਓਦੋਂ ਲੱਗਾ, ਜਦ ਅਬਦਾਲੀਮਲੇਰ ਕੋਟਲੇ ਆ ਪੁੱਜਾ। ਸਿੰਘਾਂ ਦੀ ਲੜਾਕੀ ਫ਼ੌਜਵੇਰੀ ਦੇ ਚੌਥੇ ਹਿੱਸੇ ਵਿਚ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ। ਅਬਦਾਲੀ ਕੋਲ ਬੜਾ ਭਾਰੀ ਤੋਪਖ਼ਾਨਾ ਸੀ।

- ਚਲਦਾ

# ਪੰਜਾਬੀ ਪੱਤਰਕਾਰੀ ਦਾ ਪਿਤਾਮਾ ਗਿਆਨੀ ਦਿੱਤ ਸਿੰਘ

**ਲੇਖਕ : ਅਮਨਜੀਤ ਸਿੰਘ ਖਹਿਰਾ**

ਗਿਆਨੀ ਦਿੱਤ ਸਿੰਘ ਦਾ ਜਨਮ 21 ਅਪਰੈਲ, 1850 ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਨੰਦਪੁਰ ਕਲੌੜ 'ਚ ਆਪਣੇ ਨਾਨਕੇ ਘਰ ਹੋਇਆ। ਆਪਦੇ ਪਿਤਾ ਦਾ ਨਾਮ ਦੀਵਾਨ ਸਿੰਘ ਸੀ, ਜੋ ਜ਼ਿਲ੍ਹਾ ਰੋਪੜ ਦੇ ਇਤਿਹਾਸਕ ਕਸਬੇ ਸ੍ਰੀ ਚਮਕੌਰ ਸਾਹਿਬ ਨੇੜਲੇ ਪਿੰਡ ਝੱਲੀਆਂ ਕਲਾਂ ਦੇ ਜੱਦੀ ਵਸਨੀਕ ਸਨ, ਪਰ ਕਿਸੇ ਕਾਰਨ ਆਪਣੇ ਸਹੁਰੇ ਪਿੰਡ ਨੰਦਪੁਰ ਕਲੌੜ ਜਾ ਵਸੇ। ਘਰ ਵਿੱਚ ਅਤਿ ਦੀ ਗਰੀਬੀ ਕਾਰਨ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਗੁਲਾਬਦਾਸੀਆਂ ਦੇ ਡੇਰੇ ਪੜ੍ਹਨ ਲਈ ਤੋਰ ਦਿੱਤਾ। ਕੁੱਝ ਸਮਾਂ ਆਪ ਆਰੀਆ ਸਮਾਜ ਵਿੱਚ ਵੀ ਰਹੇ, ਕਿਉਂਕਿ ਆਰੀਆ ਸਮਾਜੀਆਂ ਦੇ ਉਦੇਸ਼ ਸਿੱਖ ਧਰਮ ਨਾਲ ਮੇਲ ਖਾਂਦੇ ਸਨ, ਬਹੁਗਿਣਤੀ ਲੋਕ ਆਰੀਆ ਸਮਾਜ ਵਿੱਚ ਸ਼ਾਮਿਲ ਹੋਣ ਲੱਗ ਪਏ। ਸਿੱਖੀ ਦੇ ਪ੍ਰਚਾਰ ਦੀ ਵੱਡੀ ਘਾਟ ਕਾਰਨ ਜ਼ਿਆਦਾਤਰ ਸਿੱਖ ਪਰਿਵਾਰਾਂ ਨੇ ਈਸਾਈ ਧਰਮ ਕਬੂਲ ਕਰ ਲਿਆ ਸੀ।

ਇਸ ਧਰਮ ਪਰਿਵਰਤਨ ਨੂੰ ਗੰਭੀਰਤਾ ਨਾਲ ਲੈ ਕੇ ਸਿੱਖੀ ਨੂੰ ਬਚਾਉਣ ਲਈ ਕੁਝ ਚਿੰਤਤ ਸਿੱਖ ਵਿਦਵਾਨਾਂ ਨੇ ਸਿੰਘ ਸਭਾ ਲਹਿਰ ਦਾ ਗਠਨ ਕੀਤਾ। ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਅਤੇ ਠਾਕੁਰ ਸਿੰਘ ਸੰਧਾਵਾਲੀਆ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਬਾਨੀ ਸਨ। ਇਸ ਲਹਿਰ ਦਾ ਉਦੇਸ਼ ਸਿਆਸੀ ਸਰਗਰਮੀਆਂ ਤੋਂ ਦੂਰ ਰਹਿ ਕੇ ਸਿੱਖੀ ਨੂੰ ਨਿਰੋਲ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ ਤੇ ਮਜ਼ਬੂਤੀ ਕਰਨਾ ਸੀ। ਬ੍ਰਹਮਣੀ ਮੱਤ ਦੇ ਅਸਰ ਕਾਰਨ ਸਿੱਖੀ ਅੰਦਰ ਘਰ ਕਰ ਚੁੱਕੀਆਂ ਜਾਤ-ਪਾਤ ਵਰਗੀਆਂ ਹੋਰ ਵੀ ਕੁਰੀਤੀਆਂ ਨੂੰ ਖਤਮ ਕਰਨ ਲਈ ਸਿੰਘ ਸਭਾ ਲਹਿਰ ਦਾ ਵੱਡਾ ਯੋਗਦਾਨ ਸੀ। ਇਸ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਅਤੇ ਦਰਸ਼ਨੀ ਡਿਉਢੀ ਵਿੱਚ ਮੂਰਤੀਆਂ ਸਥਾਪਤ ਕਰ ਕੇ ਕੀਤੀ ਜਾਂਦੀ ਮੂਰਤੀ ਪੂਜਾ ਬੰਦ ਕਰਵਾਈ। ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਪੰਜਾਬੀ ਦਾ ਪਹਿਲਾ 'ਖਾਲਸਾ ਅਖਬਾਰ' ਕੱਢਿਆ। ਇਸ ਅਖਬਾਰ ਦੇ ਜ਼ਰੀਏ ਗਿਆਨੀ ਦਿੱਤ ਸਿੰਘ ਨੇ ਸਿੱਖੀ ਉੱਪਰ ਹੋ ਰਹੇ ਚੌਤਰਫਾ ਹਮਲਿਆਂ ਨੂੰ ਬੜੀ ਨਿਡਰਤਾ, ਦਲੇਰੀ ਅਤੇ ਦ੍ਰਿੜ੍ਹਤਾ ਨਾਲ ਰੋਕਿਆ, ਜਿਸ ਲਈ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਪਿਤਾਮਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਉਨ੍ਹਾਂ ਮੂਰਤੀ ਪੂਜਾ, ਜਾਤ-ਪਾਤ ਅਤੇ ਵਹਿਮਾਂ ਭਰਮਾਂ ਨੂੰ ਬੰਦ ਕਰਨ ਲਈ ਤਕੜੀ ਮੁਹਿੰਮ ਚਲਾਈ, ਜਿਸ ਤਹਿਤ ਦੁਰਗਾ ਪ੍ਰਬੋਧ, ਗੁੱਗਾ ਗਪੌੜਾ-ਸੁਲਤਾਨ ਪੁਆੜਾ, ਸਵਪਨ ਨਾਟਕ, ਸ੍ਰੀ ਗੁਰੂ ਅਰਜਨ ਪ੍ਰਬੋਧ, ਮੇਰਾ ਤੇ ਸਾਧੂ ਦਇਆ ਨੰਦ ਦਾ ਸੰਵਾਦ ਸਮੇਤ ਹੋਰ ਵੀ ਕਈ ਪੁਸਤਕਾਂ ਲਿਖੀਆਂ, ਜੋ ਅੱਜ ਸਿੱਖ ਇਤਿਹਾਸ ਦਾ ਹਿੱਸਾ ਬਣ ਚੁੱਕੀਆਂ ਹਨ। ਗਿਆਨੀ ਦਿੱਤ



ਸਿੰਘ ਦੇ ਜੀਵਨ 'ਤੇ ਖੋਜ ਕਰਤਾ ਡਾ. ਸੰਦੀਪ ਕੌਰ ਸੇਖੋਂ ਅਨੁਸਾਰ ਗਿਆਨੀ ਦਿੱਤ ਸਿੰਘ ਨੇ ਕਰੀਬ 22 ਸਾਲ ਸੈਂਕੜੇ ਲੇਖ ਅਤੇ 40 ਤੋਂ ਵੱਧ ਕਿਤਾਬਾਂ ਲਿਖ ਕੇ ਸਿੱਖ ਕੌਮ 'ਚ ਨਵੀਂ ਜਾਗ੍ਰਿਤੀ ਪੈਦਾ ਕੀਤੀ। ਆਰੀਆ ਸਮਾਜੀ ਸਵਾਮੀ ਦਇਆ ਨੰਦ ਨੂੰ ਸਵਾਲ-ਜਵਾਬ 'ਚ ਤਿੰਨ ਵਾਰ ਭਰੀ ਸਭਾ ਵਿੱਚ ਹਰਾ ਕੇ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ। ਹਰਿਮੰਦਰ ਸਾਹਿਬ ਵਿੱਚ ਗੱਦੀ ਲਗਾ ਕੇ ਆਪਣੀ ਸ਼ਖ਼ਸੀ ਪੂਜਾ ਕਰਵਾ ਰਹੇ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਬਾਬਾ ਖੇਮ ਸਿੰਘ ਬੇਦੀ ਨੂੰ ਰੋਕਿਆ। ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ ਸਰਕਾਰ ਨੇ ਆਪਣੀ ਖ਼ੁਸ਼ਾਮਦ ਬਦਲੇ 'ਸਰ' ਦੀ ਉਪਾਧੀ ਨਾਲ ਨਿਵਾਜ਼ਿਆ ਸੀ। ਆਪ ਦੇ ਵਹਿਮਾਂ ਭਰਮਾਂ ਜਾਂ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਹੋਣ ਦਾ ਪ੍ਰਮਾਣ ਉਨ੍ਹਾਂ ਵੱਲੋਂ ਲਿਖੀ ਵਾਰਤਕ ਵਿੱਚੋਂ ਮਿਲਦਾ ਹੈ।

ਉਨ੍ਹਾਂ ਪੰਜਾਬੀ ਪੱਤਰਕਾਰੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਤੇ ਪੰਜਾਬੀ ਦਾ ਪਹਿਲਾ ਅਖਬਾਰ 'ਖਾਲਸਾ ਅਖਬਾਰ' ਸ਼ੁਰੂ ਕਰਕੇ ਸਮੁੱਚੇ ਸਿੱਖ ਜਗਤ ਨੂੰ ਬ੍ਰਾਹਮਣੀ ਕਰਮਕਾਂਡਾਂ ਤੋਂ ਮੁਕਤ ਕਰਨ ਲਈ ਵੱਡਾ ਯੋਗਦਾਨ ਪਾਇਆ। ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਦੇ ਸਾਂਝੇ ਯਤਨਾਂ ਸਦਕਾ ਇਹ ਅਖਬਾਰ 12 ਜੂਨ, 1886 ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਮੌਕੇ ਸ਼ੁਰੂ ਕੀਤਾ ਗਿਆ। ਇਸ ਅਖਬਾਰ ਦੇ ਸੰਪਾਦਕ ਭਾਵੇਂ ਗਿਆਨੀ ਝੰਡਾ ਸਿੰਘ ਸਨ, ਪਰ ਜ਼ਿਆਦਾਤਰ ਲੇਖ ਗਿਆਨੀ ਦਿੱਤ ਸਿੰਘ ਹੀ ਲਿਖਦੇ ਸਨ। ਇਸ ਅਖਬਾਰ ਦਾ ਮੁੱਖ ਉਦੇਸ਼ ਸਿੱਖ ਕੌਮ ਨੂੰ ਗੁਰੂ ਸਾਹਿਬਾਨ ਦੇ ਸਮੁੱਚੇ ਜੀਵਨ ਤੋਂ ਜਾਣੂੰ ਕਰਵਾਉਣ ਦੇ ਨਾਲ-ਨਾਲ ਸਿੱਖ ਧਰਮ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਅਤੇ ਵਿਦਿਆ ਦੀ ਉੱਨਤੀ ਲਈ ਯਤਨ ਕਰਨਾ ਸੀ। ਇਹ ਅਖਬਾਰ ਸਿੰਘ ਸਭਾ ਲਾਹੌਰ ਦੇ ਸਹਿਯੋਗ ਨਾਲ ਕੱਢਿਆ ਜਾਂਦਾ ਸੀ। ਸੰਨ 1887 ਨੂੰ ਭਾਈ ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਾਬਜ਼ ਮਹੰਤਾਂ ਨੇ ਸਿੱਖੀ ਵਿੱਚੋਂ ਖਾਰਜ ਕਰ ਦਿੱਤਾ। ਇਸ ਮਾਮਲੇ 'ਤੇ ਗਿਆਨੀ ਦਿੱਤ ਸਿੰਘ ਨੇ ਆਪਣੇ ਲੇਖਾਂ ਰਾਹੀਂ ਧੜੱਲੇ ਨਾਲ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਅਤੇ ਅੰਗਰੇਜ਼ ਹਕੂਮਤ ਦੇ ਕਾਰਨਾਮਿਆਂ ਨੂੰ ਭੰਡਿਆ। ਇਸ ਤੋਂ ਬਾਅਦ ਬੇਦੀ ਉਦੈ ਸਿੰਘ ਨੇ ਅਖਬਾਰ ਦੇ ਖਿਲਾਫ ਮੁਕੱਦਮਾ ਦਰਜ ਕਰਵਾ ਦਿੱਤਾ। ਉੱਧਰ ਸਿੰਘ ਸਭਾ ਲਾਹੌਰ ਨੇ ਅਖਬਾਰ ਵਲੋਂ ਹੱਥ ਪਿੱਛੇ ਖਿੱਚ ਲਿਆ। ਇਸ ਤਰਾਂ ਇੱਕ ਵਾਰ ਅਖਬਾਰ ਦਮ ਤੋੜ ਗਿਆ। ਗਿਆਨੀ ਦਿੱਤ ਸਿੰਘ ਨੇ ਹਿੰਮਤ ਕਰਕੇ 1893 ਵਿਚ ਮੁੜ ਅਖਬਾਰ ਕੱਢਣਾ ਸ਼ੁਰੂ ਕਰ ਦਿੱਤਾ ਤੇ ਪੱਤਰਕਾਰੀ ਦੇ ਖੇਤਰ ਵਿੱਚ ਧੜੱਲੇ ਨਾਲ ਸੱਚ ਲਿਖਦਿਆਂ ਗੋਰੀ ਹਕੂਮਤ, ਗੁਰਦਵਾਰਿਆਂ 'ਤੇ ਕਾਬਜ਼ ਮਹੰਤਾਂ ਅਤੇ ਫੋਕੇ ਬ੍ਰਾਹਮਣੀ ਕਰਮਕਾਂਡਾਂ ਖਿਲਾਫ ਅਵਾਜ਼ ਉਠਾਈ। ਉਸ ਤੋਂ ਉਨ੍ਹਾਂ ਦਾ ਦਲੇਰਾਨਾ ਸੁਭਾਅ, ਨਿਡਰਤਾ ਅਤੇ ਕੌਮ ਪ੍ਰਸਤੀ ਝਲਕਦੀ ਹੈ।

ਸਿੱਖੀ ਦਾ ਇਹ ਸਮਰਪਿਤ ਵਾਰਸ 6 ਸਤੰਬਰ, 1901 ਨੂੰ ਸਦਾ ਲਈ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਚੌਤਰਫਾ ਹਮਲਿਆਂ ਦਾ ਸ਼ਿਕਾਰ ਹੋ ਕੇ ਮਰ-ਮੁੱਕ ਰਹੀ ਸਿੱਖੀ ਨੂੰ ਗਫਲਤ ਵਿੱਚੋਂ ਕੱਢ ਕੇ ਮੁੜ ਲੀਹ 'ਤੇ ਲਿਆਉਣ ਲਈ ਗਿਆਨੀ ਦਿੱਤ ਸਿੰਘ ਦੇ ਯਤਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਸ ਵੀਰ ਸਿੰਘ ਮਾਨ ਚਿਗਵੈੱਲ ਵਾਲਿਆ ਨਾਲ ਪਿਛਲੇ ਸਾਲ ਹੋਈ ਗੱਲਬਾਤ ਅਤੇ ਓਹਨਾ ਵਲੋਂ ਵਿਸੇਸ ਜਿਕਰ ਕਰਣ ਤੇ ਇਕ ਬਹੁਤ ਹੀ ਸਿੱਖੀ ਦੀ ਅਗਵਾਈ ਭਰਦੀ ਸਖਸ਼ੀਅਤ ਨੂੰ ਅੱਜ ਯਾਦ ਕਰਦਿਆਂ ਸਦਾ ਓਹਨਾ ਦੇ ਰਸਤੇ ਤੇ ਚਲਣ ਦੀ ਕੋਸ਼ਿਸ ਕਰਦੇ ਰਹਿਣ ਦੀ ਪੇਸ਼ ਗੋਈ ਕਰਦਾ ਹਾਂ।

# ਪੰਜਾਬ ਦਾ ਨੌਜਵਾਨ ਗ਼ੈਰ ਕਾਨੂੰਨੀ ਰਸਤੇ 'ਡੰਕੀ' ਵੱਲ ਕਿਉਂ ਉੱਲਰ ਗਿਆ.. ?

**ਲੇਖਕ : ਹਰਜਿੰਦਰ ਸਿੰਘ ਸਿੱਧੂ**

ਇੱਕ ਗਾਇਕ ਵਲੋਂ ਫੁਕਰਪੰਥੀ ਵਿਚ ਗਾਇਆ ਗਿਆ ਗੀਤ ਟਰੈਂਡਿੰਗ ਵਿਚ ਆਉਂਦੈ ਕਿ 'ਜੱਟਾਂ ਦੇ ਪੁੱਤਾਂ ਨੂੰ ਰੋਕ ਸਕੇ ਨਾ ਟਰੰਪ, ਨੀਂ ਤੂੰ ਦੁੱਕੀ ਤਿੱਕੀ ਛਿੱਕੀ ਦੀ ਤਾਂ ਗੱਲ ਛੱਡ ਦੇ'।

ਓਧਰ ਅਮਰੀਕਾ ਦੀ ਸੱਤਾ ਪਲਟਦੀ ਐ ਤੇ ਡੋਨਲਡ ਟਰੰਪ ਦੂਜੀ ਵਾਰ ਰਾਸ਼ਟਰਪਤੀ ਵਜੋਂ ਕੁਰਸੀ 'ਤੇ ਕਾਬਜ਼ ਹੁੰਦਾ ਹੈ। ਦੂਜੀ ਵਾਰ ਰਾਸ਼ਟਰਪਤੀ ਬਣੇ ਡੋਨਾਲਡ ਟਰੰਪ ਨੇ ਆਪਣੇ ਪਹਿਲੇ ਭਾਸ਼ਨ 'ਚ ਹੀ ਦੁਨੀਆ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਦੇ ਨਵੇਂ ਹੁਕਮਾਂ ਨੇ ਦੁਨੀਆ ਨੂੰ ਸੋਚਾਂ ਵਿਚ ਪਾ ਦਿੱਤਾ ਹੈ। ਖ਼ਾਸਕਰ ਪਹਿਲੇ ਦਿਨ ਤੋਂ ਹੀ ਗ਼ੈਰ ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਕੇ ਅਮਰੀਕਾ ਆਉਣ ਵਾਲਿਆਂ 'ਤੇ ਟਰੰਪ ਨੇ ਸ਼ਿਕੰਜਾ ਕੱਸ ਦਿੱਤਾ ਹੈ। ਜਿੱਥੇ ਟਰੰਪ ਨੇ ਮੈਕਸੀਕੋ ਸਰਹੱਦ 'ਤੇ ਐਮਰਜੈਂਸੀ ਐਲਾਨ ਦਿੱਤੀ ਹੈ ਉੱਥੇ ਹੀ ਗ਼ੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਗਏ ਵੱਖ-ਵੱਖ ਦੇਸ਼ਾਂ ਦੇ 17000 ਲੋਕਾਂ ਨੂੰ ਹਿਰਾਸਤ 'ਚ ਲੈਣ ਦੀ ਗੱਲ ਵੀ ਕਹੀ ਹੈ। ਹਿਰਾਸਤ 'ਚ ਲਏ ਗ਼ੈਰ ਕਾਨੂੰਨੀ ਪ੍ਰਵਾਸੀਆਂ 'ਚ ਭਾਰਤੀਆਂ ਦੀ ਵੀ ਵੱਡੀ ਗਿਣਤੀ ਦੱਸੀ ਜਾ ਰਹੀ ਹੈ। ਗ਼ੈਰ ਕਾਨੂੰਨੀ ਪਾਏ ਗਏ ਭਾਰਤੀਆਂ ਨੂੰ ਅਮਰੀਕਾ ਨੇ ਡਿਪੋਰਟ ਕਰ ਦਿੱਤਾ ਅਤੇ ਕਾਰਵਾਈ ਕਰਦਿਆਂ ਹੱਥਕੜੀਆਂ ਤੇ ਬੇੜੀਆਂ ਲਾ ਕੇ ਭੇਜੇ ਗਏ ਭਾਰਤੀ ਲੋਕਾਂ ਨੂੰ ਲੈ ਕੇ ਤਿੰਨ ਫੌਜੀ ਜਹਾਜ਼ ਅੰਮ੍ਰਿਤਸਰ ਉੱਤਰੇ ਹਨ। ਜਿਉਂ ਹੀ ਅਮਰੀਕੀ ਮੀਡੀਆ 'ਚ ਭਾਰਤੀਆਂ ਨੂੰ ਡਿਪੋਰਟ ਕਰਕੇ ਫ਼ੌਜੀ ਜਹਾਜ਼ਾਂ ਰਾਹੀਂ ਭਾਰਤ ਭੇਜਣ ਦੀਆਂ ਖ਼ਬਰ ਨਸ਼ਰ ਹੋਈਆਂ ਤਾਂ ਭਾਰਤ 'ਚ ਵੀ ਸਿਆਸੀ ਹਲਚਲ ਤੇਜ਼ ਹੋ ਗਈ। ਵਿਰੋਧੀ ਧਿਰਾਂ ਨੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਡਿਪੋਰਟ ਹੋ ਕੇ ਆਇਆਂ ਨਾਲ ਬੇਸ਼ੱਕ ਹਰ ਸਿਆਸੀ ਤੇ ਸਮਾਜਿਕ ਆਗੂ ਨੇ ਹਮਦਰਦੀ ਜਤਾਈ। ਮੰਤਰੀਆਂ ਨੇ ਵੀ ਮੀਟਿੰਗਾਂ ਕੀਤੀਆਂ। ਮੁੱਖ ਮੰਤਰੀ ਨੇ ਟ੍ਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਵੱਡੇ ਹੁਕਮ ਸੁਣਾਏ ਪਰ ਇਸ ਮਸਲੇ ਪਿੱਛੇ ਲੁਕੇ ਅਸਲ ਕਾਰਨਾਂ ਨੂੰ ਖੋਜਣ ਲਈ ਕੋਈ ਯਤਨ ਕਰਦਾ ਨਜ਼ਰ ਨਹੀਂ ਆ ਰਿਹਾ।

ਪ੍ਰਵਾਸ ਕਰਨਾ ਕੋਈ ਮਾੜੀ ਗੱਲ ਨਹੀਂ ਹੈ, ਮੁੱਢੋਂ ਹੀ ਮਨੁੱਖ ਆਪਣੀ ਰੋਜ਼ੀ-ਰੋਟੀ ਲਈ ਪ੍ਰਵਾਸ ਕਰਦਾ ਆਇਆ ਹੈ। ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵੱਲ ਜਾਣ ਦਾ ਵਰਤਾਰਾ ਵੀ ਕੋਈ ਨਵਾਂ ਨਹੀਂ। ਪਰ 'ਡੰਕੀ' ਰਾਹੀਂ 40-45 ਲੱਖ ਲਾ ਕੇ ਵਿਦੇਸ਼ ਜਾਣ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਜ਼ਿਆਦਾ ਜ਼ੋਰਾਂ



ਨਾਲ ਚੱਲ ਰਿਹਾ ਹੈ। ਡਿਪੋਰਟ 'ਤੇ ਸਿਆਸਤ ਕਰਨ ਤੋਂ ਪਹਿਲਾਂ ਸਾਡੀਆਂ ਸਰਕਾਰਾਂ ਨੂੰ ਇਸ ਮਸਲੇ 'ਤੇ ਸਿਰ ਜੋੜ ਕੇ ਸੋਚਣ ਦੀ ਲੋੜ ਹੈ, ਕਿ ਇਸ ਬਿਮਾਰੀ ਦੀ ਜੜ੍ਹ ਕਿੱਥੇ ਹੈ? ਆਖ਼ਰ ਅਮਰੀਕਾ ਨੇ ਡਿਪੋਰਟ ਕਿਉਂ ਕੀਤਾ?

ਜ਼ਿਕਰਯੋਗ ਹੈ ਕਿ ਹਰ ਦੇਸ਼ ਦਾ ਆਪਣਾ ਕਾਨੂੰਨ ਅਤੇ ਇਮੀਗ੍ਰੇਸ਼ਨ ਨਿਯਮ ਹੁੰਦੇ ਹਨ। ਉਸੇ ਤਰ੍ਹਾਂ ਹੀ ਅਮਰੀਕਾ ਨੇ ਆਪਣੇ ਕਾਨੂੰਨ ਅਨੁਸਾਰ ਇਹ ਕਦਮ ਚੁੱਕਿਆ ਹੈ। ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਆਪਣੇ ਦੇਸ਼ 'ਚ ਘੁਸਣ ਨੂੰ ਕੋਈ ਵੀ ਦੇਸ਼ ਪ੍ਰਵਾਨ ਨਹੀਂ ਕਰੇਗਾ। ਸੋ ਅਮਰੀਕਾ ਨੇ ਜੋ ਕਾਰਵਾਈ ਕੀਤੀ ਹੈ ਉਹ ਸਿਰਫ਼ ਉਨ੍ਹਾਂ ਉੱਪਰ ਕੀਤੀ ਹੈ ਜੋ ਗ਼ੈਰ ਕਾਨੂੰਨੀ ਤਰੀਕੇ ਨਾਲ ਬਿਨਾਂ ਕਿਸੇ ਕਾਗਜ਼ਾਂ 'ਤੋਂ 'ਡੰਕੀ' ਰਾਹੀਂ ਅਮਰੀਕਾ ਗਏ ਸਨ। ਜੋ ਲੋਕ ਪੂਰੇ ਕਾਗਜ਼ਾਂ ਨਾਲ ਵੀਜ਼ਾ ਲੈ ਕੇ ਸਹੀ ਤਰੀਕੇ ਨਾਲ ਅਮਰੀਕਾ ਗਏ ਹਨ, ਕੀ ਅਮਰੀਕਾ ਨੇ ਉਨ੍ਹਾਂ 'ਚੋਂ ਕਿਸੇ ਨੂੰ ਡਿਪੋਰਟ ਕੀਤਾ ਹੈ? ਫਿਰ ਇਸ ਗੱਲ ਨੂੰ ਵੱਡੇ ਪੱਧਰ 'ਤੇ ਪ੍ਰਚਾਰਨਾ ਬੇਤੁਕਾ ਹੈ ਕਿ ਅਮਰੀਕਾ ਨੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ। ਅਸੀਂ ਇਸ ਗੱਲ 'ਤੋਂ ਮੁਨਕਰ ਹੋ ਰਹੇ ਹਾਂ ਕਿ ਅਮਰੀਕਾ 'ਚ ਜਿਹੜੇ ਭਾਰਤੀ ਜਾਂ ਹੋਰ ਦੇਸ਼ਾਂ ਦੇ ਲੋਕ ਜੋ ਹਿਰਾਸਤ 'ਚ ਲਏ ਹਨ, ਉਹ ਹਨ ਤਾਂ ਗ਼ੈਰ ਕਾਨੂੰਨੀ ਅਤੇ ਗ਼ੈਰ ਕਾਨੂੰਨੀ ਤੌਰ 'ਤੇ ਫੜੇ ਜਾਣਾ ਅਪਰਾਧਿਕ ਹੈ।

ਵਿਚਾਰਨਯੋਗ ਹੈ ਕਿ ਜੇਕਰ ਸਾਡੇ ਦੇਸ਼ ਵਿਚ ਕਿਸੇ ਹੋਰ ਦੇਸ਼ ਦੇ ਲੋਕ ਬਿਨਾਂ ਕਾਗਜ਼ਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਆ ਜਾਣ ਤੇ ਫੜੇ ਜਾਣ ਤਾਂ ਸਾਡਾ ਕਾਨੂੰਨ, ਸਾਡੀ ਫ਼ੌਜ ਉਨ੍ਹਾਂ ਨਾਲ ਕਿਵੇਂ ਪੇਸ਼ ਆਵੇਗੀ?

ਇੱਥੇ ਡਿਪੋਰਟ ਕੀਤੇ ਜਾਣ ਦੇ ਨਾਲ-ਨਾਲ ਇਸ ਸਵਾਲ 'ਤੇ ਚਿੰਤਨ ਕਰਨ ਦੀ ਲੋੜ ਹੈ ਕਿ ਆਖ਼ਰ ਗ਼ੈਰ ਕਾਨੂੰਨੀ ਪਰਵਾਸ ਪਿੱਛੇ ਅਸਲ ਕਾਰਨ ਕੀ ਹਨ? ਕਿਉਂ ਪਿਛਲੇ ਇੱਕ ਡੇਢ ਦਹਾਕੇ ਤੋਂ ਗ਼ੈਰ ਕਾਨੂੰਨੀ ਪਰਵਾਸ ਹੱਦੋਂ ਜ਼ਿਆਦਾ ਵਧ ਗਿਆ? ਕਿਉਂ ਪੰਜਾਬ ਦਾ ਨੌਜਵਾਨ ਇਸ ਗ਼ੈਰ ਕਾਨੂੰਨੀ ਰਸਤੇ 'ਡੰਕੀ' ਵੱਲ ਉੱਲਰ ਗਿਆ ?

ਉਪਰੋਕਤ ਸਾਰੇ ਸਵਾਲਾਂ ਦੇ ਪਿੱਛੇ ਸਾਡਾ ਰਾਜਨੀਤਕ ਤੇ ਸਮਾਜਿਕ ਸਿਸਟਮ, ਆਰਥਿਕ ਨਿਘਾਰ ਅਤੇ ਵਿੱਦਿਅਕ ਢਾਂਚਾ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ। ਸਿਆਸੀ ਪਾਰਟੀਆਂ ਸੱਤਾ 'ਤੇ ਕਾਬਜ਼ ਹੋਣ ਲਈ ਚੂਹਾ ਦੌੜ 'ਚ ਲੱਗੀਆਂ ਹੋਈਆਂ ਹਨ। ਪਿਛਲੇ ਦੋ ਦਹਾਕਿਆਂ ਤੋਂ ਸਰਕਾਰਾਂ ਕੋਲ ਨੌਜਵਾਨਾਂ ਲਈ ਕੋਈ ਪ੍ਰੋਗਰਾਮ ਹੀ ਨਹੀਂ ਹੈ, ਇੱਥੋਂ ਤੱਕ ਕਿ ਸਮਾਜ ਸੇਵਾ ਤੇ ਹੋਰ ਯੂਥ ਸਰਗਰਮੀਆਂ 'ਚ ਚੰਗਾ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਸੂਬਾ ਸਰਕਾਰ ਵੱਲੋਂ ਮਿਲਣ ਵਾਲਾ ਸ਼ਹੀਦ ਭਗਤ ਸਿੰਘ ਰਾਜ ਪੁਰਸਕਾਰ ਵੀ ਠੰਢੇ ਬਸਤੇ ਪਾਇਆ ਹੋਇਆ ਹੈ। ਯੂਥ ਨੂੰ ਲੈ ਕੇ ਸਰਕਾਰ ਦਾ ਵਿਜ਼ਨ ਧੁੰਦਲਾ ਹੋ ਚੁੱਕਾ ਹੈ। ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਨੌਜਵਾਨਾਂ ਨੇ ਬਹੁਤ ਵੱਡੇ ਪੱਧਰ 'ਤੇ ਪੰਜਾਬ ਦੀ ਮੌਜੂਦਾ ਸੱਤਾ ਧਿਰ 'ਆਪ' 'ਤੇ ਯਕੀਨ ਕਰਕੇ ਸਾਥ ਦਿੱਤਾ ਕਿ ਬਦਲਾਅ ਆਵੇਗਾ, ਪਰ ਇਸ ਬਦਲਾਅ ਦੀ ਇਸ ਸਰਕਾਰ 'ਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਲਈ ਸੜਕਾਂ 'ਤੇ ਧਰਨੇ ਜਾਂ ਅਦਾਲਤਾਂ ਵਿਚ ਰੁਲਣਾ ਪੈ ਰਿਹਾ ਹੈ। ਨਸ਼ੇ ਦਾ ਕਲੰਕ ਇਸ ਸਰਕਾਰ ਤੋਂ ਵੀ ਸਾਫ਼ ਹੁੰਦਾ ਨਜ਼ਰ ਨਹੀਂ ਆ ਰਿਹਾ। ਆਰਥਿਕ ਤੌਰ 'ਤੇ ਵਧ ਰਹੇ ਪਾੜੇ ਨੇ ਸਮਾਜ ਦੀ ਵਰਗ ਵੰਡ ਕਰ ਦਿੱਤੀ ਹੈ। ਰਿਉੜੀਆਂ ਵਾਂਗ ਮੁਫ਼ਤ 'ਚ ਵੰਡੀਆਂ ਸਰਕਾਰੀ ਸਕੀਮਾਂ ਨੇ ਜਿੱਥੇ ਸੂਬੇ ਦੇ ਖਜ਼ਾਨੇ ਦਾ ਦਿਵਾਲਾ ਕੱਢ ਦਿੱਤਾ, ਉੱਥੇ ਹੀ ਮੁਫ਼ਤਖੋਰੀ ਨੇ ਲੋਕਾਂ ਨੂੰ ਮਾਨਸਿਕ ਅਪਾਹਿਜ ਬਣਾ ਦਿੱਤਾ ਹੈ। ਕਿਸਾਨੀ ਵੱਡੇ ਸੰਕਟ 'ਚੋਂ ਲੰਘ ਰਹੀ ਹੈ। ਇੱਥੇ ਇੱਕ ਪੱਖ ਇਹ ਵੀ ਵੇਖਣਾ ਬਣਦਾ ਹੈ ਕਿ ਜਿਹੜੇ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਨ੍ਹਾਂ ਵਿਚੋਂ ਬਹੁਤੇ ਘੱਟ ਪੜ੍ਹੇ ਜਾਂ ਕੋਈ ਟੈਸਟ ਪਾਸ ਨਾ ਕਰਨ ਵਾਲੇ ਹਨ। ਜਿਨ੍ਹਾਂ ਕੋਲ ਚੰਗੀ ਸਕਿੱਲ ਹੈ ਉਨ੍ਹਾਂ ਨੂੰ ਤਾਂ ਆਪਣੇ ਦੇਸ਼ 'ਚ ਵੀ ਕੰਮ ਦੀ ਕੋਈ ਕਮੀਂ ਨਹੀਂ। ਕਰੋਨਾ ਸਮੇਂ ਅਸੀਂ ਵੇਖਿਆ ਕਿ ਕੁੱਝ ਕੁ ਫ਼ੀਸਦੀ ਨੌਜਵਾਨ ਸਟਾਰਟਅੱਪ ਜਾਂ ਸਵੈ-ਰੁਜ਼ਗਾਰ ਵੱਲ ਮੁੜੇ ਹਨ ਅਤੇ ਆਪਣਾ ਚੰਗਾ ਕਾਰੋਬਾਰ ਸ਼ੁਰੂ ਕੀਤਾ ਹੈ। ਪਰ ਸਵਾਲ ਸਾਡੀ ਵਿੱਦਿਅਕ ਪ੍ਰਣਾਲੀ 'ਤੇ ਵੀ ਉੱਠਦਾ ਹੈ ਕਿ, ਕੀ ਸਾਡੀ ਮੌਜੂਦਾ ਸਿੱਖਿਆ ਨੌਜਵਾਨ ਪੀੜ੍ਹੀ ਨੂੰ ਹੁਨਰ ਦੇ ਰਹੀ ਹੈ ? ਸੂਬੇ 'ਚ ਬੇਰੁਜ਼ਗਾਰੀ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਸਾਡੀ ਪੀੜ੍ਹੀ ਕੋਲ਼ ਹੁਨਰ ਦੀ ਘਾਟ ਹੈ। ਮੌਜੂਦਾ ਪੀੜ੍ਹੀ ਰਾਤੋ ਰਾਤ ਪੈਸਾ ਕਮਾਉਣਾ ਚਾਹੁੰਦੀ ਹੈ, ਫਿਰ ਰਸਤਾ ਚਾਹੇ ਕੋਈ ਵੀ ਹੋਵੇ। ਸੋ ਲੋੜ ਹੈ ਸਾਡੀਆਂ ਸਰਕਾਰਾਂ ਨੂੰ ਇਸ ਗੰਭੀਰ ਮਸਲੇ ਨੂੰ ਡੂੰਘਾਈ ਤੋਂ ਸਮਝਣ ਦੀ। ਡਿਪੋਰਟ ਦੇ ਮਸਲੇ 'ਤੇ ਸੜਕਾਂ ਤੋਂ ਲੈ ਕੇ ਨੈਸ਼ਨਲ ਮੀਡੀਆ ਤੱਕ ਹਰ ਪਲੇਟਫਾਰਮ ਤੇ ਬੇਹੱਦ ਸਿਆਸਤ ਹੋ ਰਹੀ ਹੈ ਪਰ ਡਿਪੋਰਟ ਤੋਂ ਪਹਿਲਾਂ ਸਰਕਾਰਾਂ ਗ਼ੈਰ ਕਾਨੂੰਨੀ ਪਰਵਾਸ 'ਤੇ ਨਕੇਲ ਕੱਸਣ। ਲੋਕਾਂ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਲੈ ਕੇ ਜਾਣ ਦੇ ਸੁਪਨੇ ਵਿਖਾ ਕੇ ਲੁੱਟਣ ਵਾਲੇ ਏਜੰਟਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਜਿਸ ਕੰਮ ਦੀ ਭਾਲ 'ਚ ਨੌਜਵਾਨ ਆਪਣੀ ਜਾਨ ਖ਼ਤਰੇ 'ਚ ਪਾ ਕੇ ਵਿਦੇਸ਼ਾਂ ਨੂੰ ਭੱਜਦੇ ਹਨ, ਉਹ ਵਸੀਲੇ ਆਪਣੇ ਮੁਲਕ 'ਚ ਪੈਦਾ ਕੀਤੇ ਜਾਣ। ਲੋੜ ਹੈ ਖਲਾਅ 'ਚ ਭਟਕਦੀ ਨੌਜਵਾਨ ਪੀੜ੍ਹੀ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਕੋਈ ਠੋਸ ਪ੍ਰੋਗਰਾਮ ਨੀਤੀਆਂ ਦਾ ਹਿੱਸਾ ਬਣਾਇਆ ਜਾਵੇ ਤਾਂ ਜੋ ਇਸ ਗ਼ੈਰ ਕਾਨੂੰਨੀ ਪਰਵਾਸ ਦੇ ਦੈਂਤ ਤੋਂ ਪੰਜਾਬ ਦੇ ਹੋਰਨਾਂ ਪੁੱਤਾਂ ਨੂੰ ਬਚਾਇਆ ਜਾ ਸਕੇ।

# ਨੌਜਵਾਨਾਂ ਲਈ ਵਿੱਦਿਆ ਦਾ ਉੱਚਾ ਮਿਆਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਸਮੇਂ ਦੀ ਲੋੜ

**ਲੇਖਕ : ਡਾ. ਗੁਰਨਾਮ ਸਿੰਘ**

ਜਿਸ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ, ਉਹ ਮੰਡੀ ਦੀ ਵਸਤ ਅਤੇ ਅਤ੍ਰਿਪਤੀ ਦੀ ਅੱਗ ਵਿੱਚ ਝੁਲਸਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਸਮਾਜਿਕ ਜੀਵਨ ਦਾ ਮਿਆਰ: ਸਬਰ-ਸੰਤੋਖ ਅਤੇ ਆਪਸੀ ਪਿਆਰ ਮਿਲਵਰਤਣ ਨਾ ਹੋ ਕੇ ਪਦਾਰਥਕ ਬਹੁਤਾਤ ਉੱਪਰ ਨਿਰਭਰ ਹੈ।ਸ਼ਇਦ ਇਹੀ ਕਾਰਨ ਹੈ ਕਿ ਬਚਪਨ ਤੋਂ ਹੀ ਬੱਚੇ ਨੂੰ ਮੰਡੀ ਲਈ ਤਿਆਰ ਕੀਤਾ ਜਾਣ ਲੱਗ ਪਿਆ ਹੈ। ਆਧੁਨਿਕ ਵਿਦਿਅਕ ਢਾਂਚਾ ਵੀ ਕਿਸੇ ਨੈਤਿਕ ਦ੍ਰਿਸ਼ਟੀਕੋਣ ਦੀ ਸਿਰਜਣਾ ਕਰਨ ਦੀ ਬਜਾਏ, ਵਿੱਦਿਆ ਦੇ ਵਪਾਰੀਕਰਨ ਵਾਲੇ ਪਾਸੇ ਵਧੇਰੇ ਰੁਚਿਤ ਹੈ।

ਵਿੱਦਿਅਕ ਅਦਾਰਿਆਂ ਦਾ ਨਿੱਜੀਕਰਨ ਹੋਣ ਕਰਕੇ, ਜਿੱਥੇ ਸਕੂਲਾਂ ਦੀਆਂ ਫੀਸਾਂ ਵਿੱਚ ਵੱਡੀ ਮਾਤਰਾ ’ਚ ਵਾਧਾ ਹੋਇਆ ਹੈ, ਉੱਥੇ ਹੀ ਵਿੱਦਿਆ ਦਾ ਮਿਆਰ ਵੀ ਪਹਿਲਾਂ ਨਾਲੋਂ ਨਿਰੰਤਰ ਹੇਠਾਂ ਡਿੱਗਦਾ ਜਾ ਰਿਹਾ ਹੈ। ਵਿੱਦਿਆ ਸਿੱਖਣ ਜਾਂ ਸਿਖਾਉਣ ਦਾ ਮੰਤਵ ਚੰਗੀ ਨੈਤਿਕ ਸਿੱਖਿਆ ਜਾਂ ਚੰਗੇ ਕਿਰਦਾਰ ਪੈਦਾ ਕਰਨਾ ਨਹੀਂ ਹੈ, ਬਲਕਿ ਬੱਚਿਆਂ ਨੂੰ ਆਪਣੀਆਂ ਖਾਹਿਸ਼ਾਂ ਮਗਰ ਭੱਜਣ ਅਤੇ ਮੰਡੀ ਦੀ ਵਸਤੂ ਬਣਨ ਲਈ ਪ੍ਰੇਰਿਤ ਕਰਨਾ ਹੈ। ਇਸ ਦੇ ਬਹੁਤ ਸਾਰੇ ਨਕਾਰਾਤਮਕ ਨਤੀਜੇ ਅੱਜ ਸਾਡੇ ਸਾਹਮਣੇ ਪ੍ਰਤੱਖ ਹਨ। ਬੱਚੇ ਨੇਕ ਇਨਸਾਨ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਵਿੱਦਿਆ ਪ੍ਰਾਪਤ ਨਹੀਂ ਕਰਦੇ ਬਲਕਿ ਜ਼ਮਾਨੇ ਦੇ ਦੌਰ ਅਨੁਸਾਰ ਆਪਣਾ ਵਿਸ਼ਾ ਜਾਂ ਫੀਲਡ ਚੁਣਦੇ ਹਨ ਕਿ ਸਮਾਜ ਵਿੱਚ ਡਾਕਟਰ ਦੀ ਜ਼ਿਆਦਾ ਮੰਗ ਹੈ ਜਾਂ ਇੰਜੀਨੀਅਰ ਦੀ। ਇਹ ਮੰਗ ਅੱਜ ਬਹੁਤ ਸਾਰੇ ਪੜ੍ਹੇ-ਲਿਖੇ ਡਾਕਟਰ, ਇੰਜੀਨੀਅਰ, ਅਫ਼ਸਰ ਅਤੇ ਲੀਡਰ ਤਾਂ ਪੈਦਾ ਕਰ ਰਹੀ ਹੈ, ਪਰ ਇਨ੍ਹਾਂ ਵਿੱਚ ਇਨਸਾਨੀਅਤ ਦੀ ਘਾਟ ਹੈ। ਅਜਿਹੀ ਮਨੁੱਖੀ ਭਾਵਨਾ ਦੂਜਿਆਂ ਲਈ ਸੁਹਿਰਦਤਾ ਅਤੇ ਸਦਭਾਵਨਾ ਨਾਲ ਕਿਵੇਂ ਵਿਚਰ ਸਕਦੀ ਹੈ, ਜਦਕਿ ਸਕੂਲ ਤੋਂ ਹੀ ਬੱਚਿਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਤੇਰਾ ਸਾਥੀ ਹੀ ਤੇਰਾ ਵਿਰੋਧੀ ਹੈ।

ਸਾਡੇ ਮਨਾਂ ਵਿੱਚ ਤਾਂ ਦੂਜਿਆਂ ਲਈ ਈਰਖਾ ਭਰੀ ਜਾਂਦੀ ਹੈ, ਸਾਨੂੰ ਖੋਹਣਾ ਸਿਖਾਇਆ ਜਾਂਦਾ ਹੈ, ਦੇਣਾ




ਤਾਂ ਅਸੀਂ ਕਦੇ ਸਿੱਖੇ ਹੀ ਨਹੀਂ। ਬੱਚਿਆਂ ਵਿੱਚੋਂ ਸਬਰ-ਸੰਤੋਖ, ਵੱਡਿਆਂ ਦਾ ਸਤਿਕਾਰ ਸਭ ਕੁਝ ਵਿਸਰਦਾ ਜਾ ਰਿਹੈ। ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਦੇ ਰੁਝਾਨ ਨੇ ਪਰਿਵਾਰਾਂ ਵਿੱਚ ਇਸ ਕਦਰ ਦੂਰੀਆਂ ਪੈਦਾ ਕੀਤੀਆਂ ਹਨ ਕਿ ਸਰੀਰਕ ਪੱਧਰ ’ਤੇ ਇੱਕ ਬਿਸਤਰ ਉੱਤੇ ਬੈਠੇ ਹੋਣ ਦੇ ਬਾਵਜੂਦ ਵੀ ਮਾਨਸਿਕ ਤੌਰ ’ਤੇ ਇੱਕ ਦੂਜੇ ਤੋਂ ਕੋਹਾਂ ਦੂਰ ਹੁੰਦੇ ਹਾਂ। ਸਾਨੂੰ ਸਿਖਾਇਆ ਜਾ ਰਿਹੈ ਕਿ ਸੁਖੀ ਜੀਵਨ ਦੀ ਕਾਮਨਾ ਪਦਾਰਥਕ ਸੱਤਾ ਦੁਆਰਾ ਹੀ ਸੰਭਵ ਹੋ ਸਕਦੀ ਹੈ ਅਤੇ ਇਸ ਨੇ ਬੱਚਿਆਂ ਤੋਂ ਉਨ੍ਹਾਂ ਦੀ ਮੌਲਿਕਤਾ ਖੋਹ ਲਈ ਹੈ।

ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਜਿੱਥੇ ਨੰਬਰ ਜਾਂ ਗ੍ਰੇਡ ਹੀ ਸਭ ਕੁਝ ਨੇ, ਇੱਥੇ ਕਿਤਾਬਾਂ ਵਿੱਚ ਲਿਖੇ ਅੱਖਰ ਹੀ ਮਿਆਰ ਨੇ, ਜਿਨ੍ਹਾਂ ਨੇ ਸਾਡੀ ਆਜ਼ਾਦ ਸੋਚ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ ਹਨ। ਛੋਟੀਆਂ ਉਮਰਾਂ ਵਿੱਚ ਹੀ ਕਿਤਾਬਾਂ ਦੇ ਬੋਝ ਨੇ ਬੱਚਿਆਂ ਤੋਂ ਬਚਪਨ ਖੋਹ ਲਿਆ ਹੈ। ਵਿੱਦਿਅਕ ਅਦਾਰਿਆਂ ਨੇ ਖ਼ੂਬ ਫੀਸਾਂ ਲੈ ਕੇ ਬੱਚਿਆਂ ਨੂੰ ਕੋਰਸ ਕਰਵਾਏ, ਪਰ ਜਦੋਂ ਨੌਕਰੀ ਦੇਣ ਦੀ ਵਾਰੀ ਆਈ...? ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹੈ ਕਿ ਪੀਐੱਚ.ਡੀ ਕਰਕੇ ਵੀ ਨੌਜੁਆਨ ਮੁੰਡੇ-ਕੁੜੀਆਂ 12-15 ਹਜ਼ਾਰ ਦੀ ਨੌਕਰੀ ਲਈ ਤਰਲੇ ਕੱਢਦੇ ਫਿਰਦੇ ਹਨ। ਜ਼ਿੰਦਗੀ ਦੇ 30-32 ਸਾਲ ਗਾਲ ਕੇ ਵੀ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਉੱਚ-ਵਿੱਦਿਅਕ ਸੰਸਥਾਵਾਂ ਅਤੇ ਉੱਚ ਵਿੱਦਿਆ ਗ੍ਰਹਿਣ ਕਰਨ ਵਾਲਿਆਂ ਦੀ ਬੇਵਸੀ ਤੇ ਮਜਬੂਰੀ ਪ੍ਰਗਟ ਹੋ ਜਾਂਦੀ ਹੈ। ਵਰਤਮਾਨ ਵਿੱਚ ਤਾਂ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਲਿਆਕਤ ਦੀ ਤਾਂ ਕੋਈ ਥਾਂ ਹੀ ਨਹੀਂ ਬਚੀ। ਸਿਫਾਰਿਸ਼ ਹੋਣੀ ਬਹੁਤ ਜ਼ਰੂਰੀ ਹੈ, ਬਿਨਾਂ ਸਿਫਾਰਿਸ਼ ਇੱਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ।

ਇੱਕ ਪੋਸਟ ਨਿਕਲਦੀ ਹੈ ਤਾਂ ਸੈਂਕੜੇ ਲੋਕ ਆਪਣੀ ਕਿਸਮਤ ਅਜ਼ਮਾਉਣ ਤੁਰ ਪੈਂਦੇ ਹਨ, ਪਰ ਨੌਕਰੀ ਜਾਂ ਤਾਂ ਕਿਸੇ ਅਫ਼ਸਰ ਦੇ ਬੱਚੇ ਜਾਂ ਪਰਿਵਾਰ ਦੇ ਮੈਂਬਰ ਨੂੰ ਮਿਲਦੀ ਹੈ। ਇਹ ਭ੍ਰਿਸ਼ਟਾਚਾਰ ਸਿਸਟਮ ਵਿੱਚ ਨਹੀਂ ਬਲਕਿ ਖ਼ੂਨ ਵਿੱਚ ਹੈ। ਸਾਡਾ ਸਿਸਟਮ ਸਾਨੂੰ ਭ੍ਰਿਸ਼ਟ ਨਹੀਂ ਕਰਦਾ, ਭ੍ਰਿਸ਼ਟ ਉਹ ਸੋਚ ਕਰਦੀ ਹੈ ਜੋ ਸਾਨੂੰ ਵਿੱਦਿਅਕ ਸੰਸਥਾਵਾਂ ਵੱਲੋਂ ਦਿੱਤੀ ਜਾਂਦੀ ਹੈ। ਕਰੋੜਾਂ ਰੁਪਈਆ ਖ਼ਰਚ ਕਰਕੇ ਜਦੋਂ ਕੋਈ ਡਾਕਟਰ ਬਣਦੈ ਤਾਂ ਉਹ ਸਮਾਜ ਵਿੱਚ ਸੇਵਾ ਕਰਨ ਲਈ ਨਹੀਂ ਆਉਂਦਾ। ਸਭ ਤੋਂ ਪਹਿਲਾਂ ਤਾਂ ਉਹ ਆਪਣੀ ਰਕਮ ਪੂਰੀ ਕਰਦਾ ਹੈ ਜੋ ਉਸ ਨੇ ਪੜ੍ਹਾਈ ’ਤੇ ਖਰਚ ਕੀਤੀ ਸੀ। ਇਹ ਹਾਲ ਸਿਰਫ਼ ਡਾਕਟਰ ਦਾ ਨਹੀਂ, ਹਰ ਕਿੱਤੇ ਦੇ ਲੋਕਾਂ ਦਾ ਹੈ ਕਿਉਂਕਿ ਲੋਕਾਂ ਦੀਆਂ ਨਿੱਜੀ ਲੋੜਾਂ ਵੀ ਪੂਰੀਆ ਨਹੀਂ ਹੋ ਰਹੀਆਂ। ਸਰਕਾਰੀ ਸਕੂਲਾਂ ਦੇ ਬਾਹਰ ਲਿਖਿਆ ਪੜ੍ਹਦੇ ਸਾਂ, ‘ਸਿੱਖਣ ਲਈ ਆਓ, ਸੇਵਾ ਲਈ ਜਾਓ, ‘ਵਿਦਿਆ ਮਨੁੱਖ ਦੀ ਤੀਜੀ ਅੱਖ ਹੈ’ ਅਤੇ ‘ਵਿੱਦਿਆ ਵੀਚਾਰੀ ਤਾਂ ਪਰਉਪਕਾਰੀ’, ਪਰ ਅਫ਼ਸੋਸ ਕਿ ਅੱਜ ਵਿੱਦਿਆ ਵੀ ਕੇਵਲ ਇੱਕ ਧੰਦਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ‘ਆਸ਼ਕੀ’ ਦੇ ਅੱਡੇ ਬਣਦੇ ਜਾ ਰਹੇ ਹਨ, ਜਿੱਥੋਂ ਅਸੀਂ ਚੰਗੇ ਕਿਰਦਾਰ ਪੈਦਾ ਕਰਨੇ ਸਨ। ਅਧਿਆਪਕਾਂ ਅਤੇ ਪ੍ਰੋਫੈਸਰਾਂ ਦੇ ਮਿਆਰ ਡਿੱਗਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਨੇ ਸਾਨੂੰ ਸਿੱਖਿਅਤ ਕਰਨਾ ਸੀ।

ਬੇਰੁਜ਼ਗਾਰੀ ਇਸ ਕਦਰ ਵਧੀ ਹੈ ਕਿ ਵੱਧ-ਪੜ੍ਹੇ ਲਿਖੇ ਲੋਕ ਹੀ ਸਭ ਤੋਂ ਵੱਧ ਬੇਰੁਜ਼ਗਾਰ ਨੇ, ਘੱਟ ਪੜ੍ਹੇ ਲਿਖੇ ਕੀ ਕਰਨ? ਉਨ੍ਹਾਂ ਨੇ ਦੇਸ਼ ਛੱਡਣਾ ਹੀ ਪ੍ਰਵਾਨ ਕਰ ਲਿਆ। ਅੱਜ ਪੰਜਾਬ ਦੀ ਹਾਲਤ ਇਹ ਹੋਈ ਪਈ ਹੈ ਕਿ ਦਸਵੀਂ ਕਰਨ ਤੋਂ ਬਾਅਦ ਹਰ ਕੋਈ ਆਇਲਟਸ ਕਰਕੇ ਇੱਥੋਂ ਨਿਕਲ ਜਾਣਾ ਚਾਹੁੰਦੈ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਬਈ ਇੱਥੇ ਕਰਨ ਕੀ? ਕਈ ਨਿੱਜੀ ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕਾਂ ਦੇ ਖਾਤਿਆਂ ਵਿੱਚ ਪਾਈ ਜਾਂਦੀ ਤਨਖਾਹ ਵਿੱਚ ਵੀ ਘਾਲਾ-ਮਾਲਾ ਕੀਤਾ ਜਾਂਦਾ ਹੈ। ਉਹ ਅਧਿਆਪਕ ਕੀ ਸਿੱਖਿਆ ਦੇਣਗੇ ਜੋ ਆਪ ਸਿਫਾਰਸ਼ ਨਾਲ ਭਰਤੀ ਹੋਏ ਹਨ। ਕੀ ਉਹ ਬੱਚਿਆਂ ਨੂੰ ਇਮਾਨਦਾਰੀ ਅਤੇ ਲਿਆਕਤ ਨਾਲ ਚੱਲਣ ਦੀ ਪ੍ਰੇਰਣਾ ਦੇ ਸਕਣਗੇ?

ਕਿਉਂ ਨਾ ਨੌਜਵਾਨ ਦੇਸ਼ ਛੱਡ ਕੇ ਭੱਜਣ, ਜਿੱਥੇ ਇੰਨੇ ਪੜ੍ਹਿਆ-ਲਿਖਿਆਂ ਦੀ ਐਨੀ ਦੁਰਦਸ਼ਾ ਹੈ, ਉੱਥੇ ਘੱਟ ਪੜ੍ਹਿਆ ਬੰਦਾ ਆਪਣੇ ਲਈ ਕੀ ਆਸ ਰੱਖੇ। ਇਹ ਬਹੁਤ ਵੱਡਾ ਦੁਖਾਂਤ ਹੈ, ਜਿਸ ਬਾਬਤ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅੱਜ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਨੇ, ਕੀ ਸਰਕਾਰ ਇਹੀ ਚਾਹੁੰਦੀ ਹੈ? ਨੌਜਵਾਨਾਂ ਲਈ ਵਿੱਦਿਆ ਦਾ ਉੱਚਾ ਮਿਆਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਤਾਂ ਦੇਸ਼ ਖ਼ੁਸ਼ਹਾਲ ਹੋਵੇਗਾ। ਨਹੀਂ ਤਾਂ ਅਸੀਂ ਮੰਡੀ ਦੀ ਵਸਤ ਵਾਂਗ ਥਾਂ-ਥਾਂ ਭਟਕ ਕੇ ਆਪਣੀ ਕੀਮਤ ਪਵਾਉਣ ਵਿੱਚ ਹੀ ਜ਼ਿੰਦਗੀ ਗੁਜ਼ਾਰ ਦੇਵਾਂਗੇ।

# ਵਿਕਾਸ ਵੱਲ ਵਧ ਰਿਹਾ ਮੁਲਕ ਗਰੀਬ ਕਿਉਂ?

ਲੇਖਕ : ਡਾ. ਸ ਸ ਛੀਨਾ

ਆਜ਼ਾਦੀ ਪਿੱਛੋਂ ਪੌਣੀ ਸਦੀ ਬੀਤ ਜਾਣ ਦੇ ਬਾਅਦ ਵੀ ਉਹ ਕੁਝ ਪ੍ਰਾਪਤ ਨਾ ਕੀਤਾ ਜਾ ਸਕਿਆ ਜਿਸ ਲਈ ਦੇਸ਼ ਭਰ ਵਿੱਚ ਅਨੇਕ ਲੋਕਾਂ ਨੇ ਬੇਹੱਦ ਤਸ਼ੱਦਦ ਝੱਲਿਆ, ਕੈਦਾਂ ਕੱਟੀਆਂ, ਫਾਂਸੀਆਂ 'ਤੇ ਚੜ੍ਹੇ ਅਤੇ ਕਾਲੇ ਪਾਣੀ ਵਾਲੀ ਕੈਦ ਦੇ ਤਸੀਹੇ ਭੋਗੇ। ਆਜ਼ਾਦੀ ਤੋਂ ਪਹਿਲਾਂ ਲੱਗਦਾ ਸੀ, ਅੰਗਰੇਜ਼ਾਂ ਦਾ ਸਾਮਰਾਜੀ ਰਾਜ ਖ਼ਤਮ ਹੋਣ ਤੋਂ ਬਾਅਦ ਭਾਰਤ ਵੀ ਉਨ੍ਹਾਂ ਯੂਰੋਪੀਅਨ ਦੇਸ਼ਾਂ ਵਾਂਗ ਖੁਸ਼ਹਾਲ ਦੇਸ਼ ਬਣ ਜਾਵੇਗਾ ਜਿਸ ਵਿੱਚ ਨਾ ਸਿਰਫ਼ ਆਰਥਿਕ ਤੇ ਸਮਾਜਿਕ ਬਰਾਬਰੀ ਹੋ ਜਾਵੇਗੀ ਸਗੋਂ ਸਮਾਜਿਕ ਸੁਰੱਖਿਆ ਨਾਲ ਹਰ ਸ਼ਖ਼ਸ ਲਈ ਬੇਫ਼ਿਕਰੀ ਵਾਲੀ ਆਮਦਨ ਦਾ ਪ੍ਰਬੰਧ ਹੋਵੇਗਾ ਪਰ ਹਾਲਤ ਵਿੱਚ ਕੋਈ ਫ਼ਰਕ ਨਾ ਪਿਆ। ਹਰ ਚੋਣ 'ਚੋਂ ਪਹਿਲਾਂ ਪੂਰਨ ਰੁਜ਼ਗਾਰ, ਸਮਾਜਿਕ ਸੁਰੱਖਿਆ ਅਤੇ ਸਮਾਜਿਕ ਬੁਰਾਈਆਂ ਦਾ ਅੰਤ ਕਰ ਕੇ, ਸਮਾਜਿਕ ਬਰਾਬਰੀ ਦੇ ਵਾਅਦੇ ਕੀਤੇ ਗਏ; ਪਿਛਲੇ 20 ਸਾਲਾਂ ਤੋਂ ਮੁਫ਼ਤ ਸਹੂਲਤਾਂ ਦੇਣ ਦੇ ਨਵੇਂ ਤੋਂ ਨਵੇਂ ਵਾਅਦੇ ਵੀ ਕੀਤੇ ਪਰ ਇਨ੍ਹਾਂ ਮੁਫ਼ਤ ਸਹੂਲਤਾਂ ਦਾ ਖ਼ਰਚ ਮੁੜ ਲੋਕਾਂ ਉੱਤੇ ਹੀ ਟੈਕਸਾਂ ਦੇ ਰੂਪ ਵਿਚ ਪਾਇਆ ਅਤੇ ਸਮਾਜਿਕ ਸੁਰੱਖਿਆ ਦੇ ਪੱਖ ਤੋਂ ਕੱਝ ਵੀ ਨਾ ਹੋ ਸਕਿਆ। ਇਸ ਕਰ ਕੇ ਖ਼ਦਸ਼ਾ ਇਹ ਹੈ ਕਿ ਵਰਤਮਾਨ ਆਰਥਿਕ ਮਾਡਲ ਨਾਲ ਉਹ ਪੱਧਰ ਪ੍ਰਾਪਤ ਵੀ ਕੀਤਾ ਜਾਵੇਗਾ ਜਾਂ ਨਹੀਂ।

ਵਿਕਾਸ ਬਾਰੇ ਸੂਚਨਾ ਵੱਲ ਧਿਆਨ ਮਾਰੀਏ ਤਾਂ ਅੱਜ ਕੱਲ੍ਹ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਇੱਕ ਲੱਖ 70 ਹਜ਼ਾਰ ਰੁਪਏ ਤੋਂ ਵੀ ਉਪਰ ਹੈ ਪਰ ਜੇ ਹਕੀਕਤ ਦੇਖੀਏ ਤਾਂ ਇੰਨੀ ਪ੍ਰਤੀ ਵਿਅਕਤੀ ਆਮਦਨ ਕੁਝ ਕੁ ਲੋਕਾਂ ਨੂੰ ਹੀ ਮਿਲਦੀ ਹੈ। ਜੇ ਸਾਰੀ ਜਨਤਾ ਦੀ ਪ੍ਰਤੀ ਵਿਅਕਤੀ ਆਮਦਨ ਇੰਨੀ ਹੋਵੇ ਤਾਂ ਇੱਕ ਵੀ ਬੰਦਾ ਗਰੀਬੀ ਰੇਖਾ ਤੋਂ ਥੱਲੇ ਨਾ ਹੋਵੇ। ਅੱਜ ਕੱਲ੍ਹ 22 ਫ਼ੀਸਦੀ ਜਾਂ 30 ਕਰੋੜ ਦੇ ਕਰੀਬ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਹਨ; ਭਾਵੇਂ ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਵੀ ਦੋਸ਼ ਪੂਰਨ ਹੈ। ਜਿਹੜਾ ਸ਼ਖ਼ਸ ਸ਼ਹਿਰਾਂ ਵਿੱਚ 32 ਰੁਪਏ ਅਤੇ ਪਿੰਡਾਂ ਵਿੱਚ 27 ਰੁਪਏ ਖਰਚਦਾ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ; ਭਾਵੇਂ ਇੰਨੇ ਪੈਸਿਆਂ ਨਾਲ ਉਹ ਇੱਕ ਵਕਤ ਦਾ ਖਾਣਾ ਵੀ ਨਹੀਂ ਖਾ ਸਕਦਾ; ਫਿਰ ਕੱਪੜੇ, ਮਨੋਰੰਜਨ, ਘਰ, ਬਿਜਲੀ, ਬੱਚਿਆਂ ਦੀ ਪੜ੍ਹਾਈ ਆਦਿ ਦਾ ਖਰਚ ਹੈ। ਇਉਂ ਅੰਕੜਿਆਂ ਦੇ ਹਿਸਾਬ ਨਾਲ ਤਾਂ ਬਹੁਤ ਕੁਝ ਪ੍ਰਾਪਤ ਕਰ ਲਿਆ ਗਿਆ ਹੈ ਪਰ ਹਕੀਕਤ ਵਿੱਚ ਕੁਝ ਵੀ ਨਹੀਂ।

ਆਜ਼ਾਦੀ ਵਕਤ ਦੇਸ਼ ਦੇ ਇੱਕ ਕਰੋੜ ਬੱਚੇ ਬਾਲ ਮਜ਼ਦੂਰੀ ਕਰਦੇ ਸਨ। ਦੇਸ਼ ਦੇ ਵਿਕਾਸ ਨਾਲ ਯੂਰੋਪੀਅਨ ਦੇਸ਼ਾਂ ਵਾਂਗ ਬਾਲ ਮਜ਼ਦੂਰੀ ਖ਼ਤਮ ਹੋਣੀ ਚਾਹੀਦੀ ਸੀ ਪਰ ਇਹ ਹਰ ਸਾਲ ਵਧਦੀ ਗਈ; ਅੱਜ ਕੱਲ੍ਹ 4 ਕਰੋੜ ਤੋਂ ਉੱਪਰ ਬੱਚੇ ਬਾਲ ਮਜ਼ਦੂਰੀ ਕਰ ਰਹੇ ਹਨ। ਇਹ ਗਿਣਤੀ ਇ ਸ ਕਰਕੇ ਦਰੁਸਤ ਲੱਗਦੀ ਹੈ ਕਿਉਂਕਿ ਦੇਸ਼ ਦੇ 4 ਕਰੋੜ ਤੋਂ ਉਪਰ ਉਹ ਬੱਚੇ ਹਨ ਜਿਹੜੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ। ਉਂਝ ਵੀ ਸਾਖਰਤਾ (ਪੜ੍ਹਿਆਂ ਲਿਖਿਆਂ ਦੀ ਗਿਣਤੀ) ਭਾਰਤ ਵਿੱਚ 74 ਫ਼ੀਸਦੀ ਹੈ: ਭਾਵ, 100 ਵਿੱਚੋਂ 26 ਬੱਚੇ ਅਨਪੜ੍ਹ ਹਨ। ਬੱਚੇ ਪੜ੍ਹਾਈ ਮੌਜ ਮਸਤੀ ਲਈ ਨਹੀਂ ਛੱਡਦੇ ਸਗੋਂ ਉਨ੍ਹਾਂ ਵਿੱਚੋਂ ਜ਼ਿਆਦਾ ਬਾਲ ਮਜ਼ਦੂਰੀ ਕਰਨ ਲੱਗ ਜਾਂਦੇ ਹਨ।

ਵਿਕਸਿਤ ਦੇਸ਼ਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉੱਥੇ ਬੇਰੁਜ਼ਗਾਰੀ ਨਹੀਂ; ਜੇ ਕਦੀ ਬੇਰੁਜ਼ਗਾਰੀ ਹੁੰਦੀ ਵੀ ਹੈ ਤਾਂ ਉਸ ਸਮੇਂ ਲਈ



ਬੇਰੁਜ਼ਗਾਰੀ ਭੱਤਾ ਹੈ। ਭਾਰਤ ਵਿੱਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਨੂੰ ਸਿਰਫ਼ ਉਦਯੋਗੀਕਰਨ ਦੂਰ ਕਰ ਸਕਦਾ ਹੈ ਪਰ ਭਾਰਤ ਵਿੱਚ ਅਜੇ ਵੀ ਬੇਰੁਜ਼ਗਾਰ ਲੋਕ ਖੇਤੀ ਨੂੰ ਪੇਸ਼ੇ ਵਜੋਂ ਅਪਣਾ ਰਹੇ ਹਨ। ਦੇਸ਼ ਦੀ 60 ਫ਼ੀਸਦੀ ਵਸੋਂ ਖੇਤੀ ਵਿੱਚ ਲੱਗੀ ਹੋਈ ਹੈ ਜਿਹੜੀ ਜਾਂ ਤਾਂ ਬੇਰੁਜ਼ਗਾਰ ਹੈ ਜਾਂ ਅਰਧ ਬੇਰੁਜ਼ਗਾਰ ਹੈ। ਅੱਜ ਕੱਲ੍ਹ ਖੇਤੀ ਖੇਤਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਸਿਰਫ਼ 14 ਫ਼ੀਸਦੀ ਦਾ ਹਿੱਸਾ ਪਾਉਂਦਾ ਹੈ। ਇਸ ਦਾ ਅਰਥ ਹੈ- 60 ਫ਼ੀਸਦੀ ਲੋਕਾਂ ਦੀ ਕਮਾਈ ਸਿਰਫ਼ 14 ਫ਼ੀਸਦੀ ਹੈ; ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 86 ਫ਼ੀਸਦੀ ਆਮਦਨ ਆਉਂਦੀ ਹੈ ਜੋ ਖੇਤੀ ਅਤੇ ਗ਼ੈਰ-ਖੇਤੀ ਆਮਦਨ ਦਾ ਵੱਡਾ ਫ਼ਰਕ ਦਰਸਾਉਂਦੀ ਹੈ। ਜਿਹੜੀ ਵਸੋਂ ਕੰਮ ਨਹੀਂ ਕਰਦੀ, ਉਹ ਨਾ ਉਤਪਾਦਨ ਕਰਦੀ ਹੈ ਅਤੇ ਨਾ ਹੀ ਕੋਈ ਕਮਾਈ।

ਦੇਸ਼ ਦੀ 67 ਫ਼ੀਸਦੀ (75 ਫ਼ੀਸਦੀ ਪੇਂਡੂ ਅਤੇ 50 ਫ਼ੀਸਦੀ ਸ਼ਹਿਰੀ) ਵਸੋਂ ਨੂੰ ਸਸਤੇ ਅਨਾਜ ਦੀ ਸਹੂਲਤ ਦਿੱਤੀ ਗਈ ਹੈ ਜੋ ਸਾਬਤ ਕਰਦੀ ਹੈ ਕਿ 75 ਫ਼ੀਸਦੀ ਵਸੋਂ ਲਈ ਅਨਾਜ ਖਰੀਦਣਾ ਵੀ ਮੁਸ਼ਕਿਲ ਹੈ। ਪਿੱਛੇ ਜਿਹੇ ਆਈ ਇੱਕ ਰਿਪੋਰਟ ਵਿੱਚ ਦਰਜ ਸੀ ਕਿ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿੱਚ ਪਿੰਡਾਂ ਦੇ ਸਿਰਫ਼ 4 ਫ਼ੀਸਦੀ ਬੱਚੇ ਹੀ ਦਾਖ਼ਲ ਹੁੰਦੇ ਹਨ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਜ਼ਿਆਦਾਤਰ ਲੋਕ ਪਿੰਡਾਂ ਨਾਲ ਸਬੰਧਿਤ ਹਨ। ਪਿੰਡਾਂ ਵਿੱਚ ਰੁਜ਼ਗਾਰ ਮੌਕੇ ਨਾ ਹੋਣ ਕਰ ਕੇ ਪਿੰਡਾਂ ਦੇ ਬੱਚਿਆਂ ਨੂੰ ਸ਼ਹਿਰਾਂ ਵਿੱਚ ਰੁਜ਼ਗਾਰ ਲਈ ਜਾਣਾ ਪੈਂਦਾ ਹੈ ਜਿਸ ਕਰ ਕੇ ਪਿੰਡਾਂ ਵਿੱਚ ਵਿਕਾਸ ਨਹੀਂ ਹੋਇਆ; ਇੱਥੋਂ ਤੱਕ ਕਿ ਪਿੰਡਾਂ ਵਿੱਚੋਂ ਕੱਚਾ ਮਾਲ ਮਿਲਣ ਵਾਲੀਆਂ ਉਦਯੋਗਕ ਇਕਾਈਆਂ ਵੀ ਸ਼ਹਿਰਾਂ ਵਿੱਚ ਲੱਗੀਆਂ ਹਨ, ਭਾਵੇਂ ਪਿੰਡਾਂ ਵਿੱਚ ਰਹਿਣ ਵਾਲੀ ਵਸੋਂ 75 ਫ਼ੀਸਦੀ ਹੈ। ਖੇਤੀ ਵਾਲੀ ਵਸੋਂ ਉਦਯੋਗਾਂ ਅਤੇ ਸੇਵਾਵਾਂ ਵਿੱਚ ਇਸ ਕਰ ਕੇ ਨਹੀਂ ਬਦਲੀ ਕਿਉਂ ਜੋ ਉਦਯੋਗ ਵਿਕਸਿਤ ਨਹੀਂ ਹੋਏ ਜਿਹੜੇ ਖੇਤੀ ਤੋਂ ਵਿਹਲੀ ਹੋਈ ਵਸੋਂ ਨੂੰ ਰੁਜ਼ਗਾਰ ਦੇ ਸਕਦੇ।

ਆਜ਼ਾਦੀ ਸਮੇਂ ਭਾਰਤ ਦੀ ਲੀਡਰਸ਼ਿਪ ਸੋਵੀਅਤ ਯੂਨੀਅਨ ਦੇ ਵਿਕਾਸ ਤੋਂ ਪ੍ਰਭਾਵਿਤ ਸੀ। ਵੱਖ-ਵੱਖ ਦੇਸ਼ ਵੀ ਸਮਾਜਵਾਦੀ ਢਾਂਚਾ ਅਪਣਾ ਰਹੇ ਸਨ। 1970 ਤੱਕ ਦੁਨੀਆ ਦੇ ਕੋਈ 57 ਦੇਸ਼ਾਂ ਨੇ ਸਮਾਜਵਾਦ ਅਪਣਾ ਲਿਆ ਸੀ। ਚੀਨ ਸਮੇਤ ਦੁਨੀਆ ਦੀ ਬਹੁਗਿਣਤੀ ਨੇ ਸਮਾਜਵਾਦੀ ਢਾਂਚਾ ਅਪਣਾਇਆ ਹੋਇਆ ਸੀ। ਭਾਰਤ ਨੇ ਆਪਣੇ ਸੰਵਿਧਾਨ ਵਿੱਚ ਸਮਾਜਵਾਦੀ ਸਮਾਜ ਜੋੜਿਆ। ਰਾਜਾਂ ਅਤੇ ਕੇਂਦਰ ਦੇ ਬਹੁਤ ਸਾਰੇ ਕਾਰੋਬਾਰ ਸਰਕਾਰ ਦੀ ਮਾਲਕੀ ਅਧੀਨ ਚਲਾਏ ਅਤੇ ਸਫਲ ਵੀ ਹੋਏ। ਪ੍ਰਾਈਵੇਟ ਅਦਾਰਿਆਂ ਨੂੰ ਵੀ ਸਮਾਜਿਕ ਸੁਰੱਖਿਆ ਮੁਹੱਈਆ ਕਰਨ ਦੀ ਹਦਾਇਤ ਕੀਤੀ। ਜਗੀਰਦਾਰ ਪ੍ਰਣਾਲੀ ਖ਼ਤਮ ਕਰ ਕੇ ਭੂਮੀ ਦੀ ਉਪਰਲੀ ਸੀਮਾ ਮਿਥੀ ਗਈ। ਇਸ ਦੇ ਚੰਗੇ ਪ੍ਰਭਾਵ ਵੀ ਪਏ। 1940 ਵਿੱਚ ਉਪਰਲੀ ਆਮਦਨ ਵਾਲੇ 10 ਫ਼ੀਸਦੀ ਲੋਕਾਂ ਕੋਲ ਦੇਸ਼ ਦੀ 50 ਫ਼ੀਸਦੀ ਆਮਦਨ ਸੀ ਜਿਹੜੀ 1980 ਵਿੱਚ ਘਟ ਕੇ ਉਨ੍ਹਾਂ ਉਪਰਲੇ 10 ਫ਼ੀਸਦੀ ਕੋਲ ਸਿਰਫ਼ 30 ਫ਼ੀਸਦੀ ਰਹਿ ਗਈ। ਇਹ ਚੰਗੀ ਰੁਚੀ ਸੀ। ਹੇਠਾਂ ਵਾਲੇ 20 ਫ਼ੀਸਦੀ ਕੋਲ ਇਸ ਹੀ ਸਮੇਂ ਵਿੱਚ ਆਮਦਨ 20 ਤੋਂ ਵਧ ਕੇ 30 ਫ਼ੀਸਦੀ ਹੋ ਗਈ।

1980 ਤੋਂ ਬਾਅਦ, ਖ਼ਾਸ ਕਰ ਕੇ 1991 ਤੋਂ ਬਾਅਦ ਸਮਾਜਵਾਦ ਨੂੰ ਢਾਹ ਲੱਗਣ ਮਗਰੋਂ ਇਸ ਆਮਦਨ ਦੀ ਨਾ-ਬਰਾਬਰੀ ਵਿੱਚ ਛਾਲਾਂ ਮਾਰਦਾ ਵਾਧਾ ਹੋਇਆ। ਹੁਣ ਉਪਰਲੇ 10 ਫ਼ੀਸਦੀ ਕੋਲ ਆਮਦਨ ਵਧ ਕੇ 57 ਫ਼ੀਸਦੀ ਹੋ ਗਈ ਹੈ ਅਤੇ ਹੋਰ ਤੇਜ਼ੀ ਨਾਲ ਵਧ ਰਹੀ ਹੈ; ਹੇਠਲੇ 50 ਫ਼ੀਸਦੀ ਕੋਲ ਇਹ ਘਟ ਕੇ ਸਿਰਫ਼ 13 ਫ਼ੀਸਦੀ ਰਹਿ ਗਈ ਹੈ। ਇੱਥੋਂ ਤੱਕ ਕਿ ਉਪਰਲੀ ਆਮਦਨ ਵਾਲੇ 1 ਫ਼ੀਸਦੀ ਕੋਲ ਇਹ ਆਮਦਨ ਵਧ ਕੇ 22 ਫ਼ੀਸਦੀ ਹੋ ਗਈ ਹੈ।

ਪਿਛਲੇ 10 ਸਾਲਾਂ ਵਿੱਚ ਇਸ ਨਾ-ਬਰਾਬਰੀ ਵਿੱਚ ਹੋਰ ਵਾਧਾ ਹੋਇਆ ਹੈ। 2011 ਤੋਂ 2021 ਵਿੱਚ ਹੇਠਲੀ ਆਮਦਨ ਵਾਲੇ 50 ਫ਼ੀਸਦੀ ਲੋਕਾਂ ਦੀ ਦੌਲਤ ਸਿਰਫ਼ 6.12 ਫ਼ੀਸਦੀ ਜੋ 2022 ਵਿੱਚ ਹੋਰ ਘਟ ਕੇ ਸਿਰਫ਼ 3 ਫ਼ੀਸਦੀ ਰਹਿ ਗਈ। ਅਰਬਪਤੀਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। 2015 ਵਿੱਚ ਸਾਰੇ ਦੇਸ਼ ਵਿੱਚ ਅਰਬਪਤੀਆਂ ਦੀ ਗਿਣਤੀ 83 ਸੀ; ਇਹ ਗਿਣਤੀ ਹੁਣ 185 ਹੈ। ਇਨ੍ਹਾਂ ਦੀ ਦੌਲਤ ਵੀ ਪਹਿਲਾਂ ਨਾਲੋਂ ਤਿੰਨ ਗੁਣਾ ਵਧ ਕੇ 77 ਲੱਖ ਕਰੋੜ ਰੁਪਏ ਹੋ ਗਈ ਹੈ। ਦੁਨੀਆ ਭਰ ਵਿੱਚ ਅਰਬਪਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਭਾਰਤ ਵਿੱਚ ਵਧੀ ਹੈ; ਪਿਛਲੇ 10 ਸਾਲਾਂ ਦੌਰਾਨ ਇਹ ਹੋਰ ਤੇਜ਼ੀ ਨਾਲ ਵਧੀ ਹੈ। 2015 ਵਿੱਚ ਸਾਰੀ ਦੁਨੀਆ ਵਿੱਚ ਕੁੱਲ ਅਰਬਪਤੀਆਂ ਦੀ ਗਿਣਤੀ 1757 ਸੀ ਜਿਹੜੀ 2024 ਵਿੱਚ 2682 ਹੋ ਗਈ। ਇਨ੍ਹਾਂ ਅਰਬਪਤੀਆਂ ਦੀ ਦੌਲਤ 2024 ਵਿੱਚ ਵਧ ਕੇ 1185 ਲੱਖ ਕਰੋੜ ਹੋ ਗਈ ਜਿਨ੍ਹਾਂ ਵਿੱਚ ਇਕੱਲੇ ਭਾਰਤ ਦੇ ਅਰਬਪਤੀਆਂ ਦੀ ਦੌਲਤ 77 ਲੱਖ ਕਰੋੜ ਰੁਪਏ ਹੈ।

ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋਣ ਵਾਲਾ ਤੱਥ ਦੇਖੀਏ ਜਾਂ 22 ਫ਼ੀਸਦੀ ਲੋਕਾਂ ਕੋਲ ਇੱਕ ਵਕਤ ਦਾ ਖਾਣਾ ਖਾਣ ਜੋਗੀ ਹੀ ਆਮਦਨ ਮਿਲਣ ਦੀ ਗੱਲ ਕਰੀਏ ਜਾਂ 8 ਕਰੋੜ ਉਹ ਲੋਕ ਜਿਨ੍ਹਾਂ ਦਾ ਆਪਣਾ ਘਰ ਵੀ ਨਹੀਂ, ਬਾਰੇ ਸੋਚੀਏ; ਅੰਕੜੇ ਦੱਸਦੇ ਹਨ ਕਿ ਭਾਰਤ ਦਾ ਆਰਥਿਕ ਮਾਡਲ ਦਰੁਸਤ ਨਹੀਂ।

ਵਿਕਸਿਤ ਦੇਸ਼ਾਂ ਵਿੱਚ ਆਮਦਨ ਨਾ-ਬਰਾਬਰੀ ਨਜ਼ਰ ਨਹੀਂ ਆਉਂਦੀ। ਆਮਦਨ ਦਾ ਥੋੜ੍ਹਾ ਫ਼ਰਕ ਹੈ; ਜੇ ਇਹ ਫ਼ਰਕ ਜ਼ਿਆਦਾ ਹੁੰਦਾ ਤਾਂ ਉੱਥੋਂ ਦੇ ਅਮੀਰ ਵੀ ਕਾਰ ਚਲਾਉਣ ਲਈ ਡਰਾਈਵਰ ਰੱਖਦੇ; ਉੱਥੋਂ ਦੇ ਅਮੀਰ ਵੀ ਘਰ ਵਿੱਚ ਤਿੰਨ ਚਾਰ ਬੱਚੇ ਕੰਮ ਕਰਨ ਲਈ ਰੱਖਦੇ। ਦੌਲਤ ਦਾ ਫ਼ਰਕ ਤਾਂ ਜ਼ਰੂਰ ਉਨ੍ਹਾਂ ਦੇਸ਼ਾਂ ਵਿੱਚ ਹੈ ਪਰ ਉਨ੍ਹਾਂ ਨੇ ਆਮਦਨ ਦੀ ਬਰਾਬਰੀ ਬਣਾਈ ਹੋਈ ਹੈ ਜਿਹੜੀ ਟੈਕਸ ਪ੍ਰਣਾਲੀ ਕਰ ਕੇ ਹੈ। ਕੀ ਭਾਰਤ ਅਜਿਹਾ ਮਾਡਲ ਨਹੀਂ ਅਪਣਾ ਸਕਦਾ ਜਿਸ ਨਾਲ ਉਪਰ ਦੱਸੀਆਂ ਸਭ ਬੁਰਾਈਆਂ ਖ਼ਤਮ ਹੋ ਜਾਣ ਅਤੇ ਭਾਰਤ ਆਮਦਨ ਬਰਾਬਰੀ ਪ੍ਰਾਪਤ ਕਰ ਸਕੇ?

# ਉੱਜੜ ਗਿਆਂ ਦੇ ਘਰ


ਲੇਖਕ : ਹਰਨੇਕ ਸਿੰਘ ਘੜੂੰਆ, ਸੰਪਰਕ: 98156-28998

ਮੈਂ ਆਪਣੀ ਧੀ ਦੇ ਘਰ ਤੋਂ ਆਉਣਾ ਸੀ ਆਪਣੇ ਘਰ। ਮੇਰੀ ਗੱਡੀ ਦਾ ਡਰਾਈਵਰ ਛੁੱਟੀ 'ਤੇ ਸੀ, ਇਸ ਲਈ ਟੈਕਸੀ ਬੁਲਾਈ ਗਈ ਤੇ ਮੈਂ ਡਰਾਈਵਰ ਨਾਲ ਗੱਲਬਾਤ ਕਰਨੀ ਸ਼ੁਰੂ ਕੀਤੀ।

"ਦੋਸਤਾ ਘਰ ਕਿੱਥੇ ਹੈ?" ਡਰਾਈਵਰ ਨੇ ਗਰਦਨ ਭੁਆ ਕੇ ਮੇਰੀਆਂ ਅੱਖਾਂ ਵਿਚ ਤੱਕਿਆ, ਉਸ ਦੀਆਂ ਅੱਖਾਂ ਵਿਚ ਅੱਥਰੂ ਸਨ। ਮੈਨੂੰ ਅਫ਼ਸੋਸ ਹੋਇਆ, ਸ਼ਾਇਦ ਮੈਥੋਂ ਇਸ ਦੀ ਦੁਖਦੀ ਰਗ 'ਤੇ ਹੱਥ ਧਰਿਆ ਗਿਆ।

ਪਾਕਿਸਤਾਨ ਜਾਈਦਾ ਏ, ਉੱਥੇ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ। ਪਿੰਡ ਚਾਂਦੀ ਕੋਟ ਵਿਚ ਭਾਰੀ ਇਕੱਠ ਸੀ ਜਿਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਹ ਪਿੰਡ ਭਗਟੇਰੇ ਤੋਂ ਨਨਕਾਣਾ ਸਾਹਿਬ ਜਾਣ ਵਾਲੀ ਸੜਕ ਉੱਤੇ ਹੈ। ਪਿੰਡ ਚਾਂਦੀ ਕੋਟ ਦਾ ਖ਼ੁਸ਼ੀ ਮੁਹੰਮਦ ਚਾਲੀ ਮੁਰੱਬਿਆਂ ਦਾ ਮਾਲਕ ਤੇ ਸਿੱਖਾਂ ਦਾ ਹਮਦਰਦ। ਇਹ ਇਕੱਠ ਜਿਸ ਮਸਲੇ ਲਈ ਬੁਲਾਇਆ ਗਿਆ ਸੀ, ਉਹ ਕਿਸੇ ਤਣ ਪੱਤਣ ਨਹੀਂ ਲੱਗ ਰਿਹਾ ਸੀ। ਹਾਲਾਤ ਮਾੜੇ ਸਨ। ਖ਼ੁਸ਼ੀ ਮੁਹੰਮਦ ਨੇ ਸਿੱਖ ਵਿਰਕਾਂ ਦਾ ਇਕੱਠ ਰੱਖਿਆ ਸੀ। ਨਨਕਾਣਾ ਸਾਹਿਬ ਤੋਂ ਗੁਜਰਾਂਵਾਲੇ ਤੀਕ ਵਿਰਕਾਂ ਦਾ ਇਲਾਕਾ ਹੈ। ਇਸ ਇਲਾਕੇ ਨੂੰ ਵਰਕਾਇਤ ਵੀ ਕਿਹਾ ਜਾਂਦਾ ਹੈ। ਵਿਰਕ ਬੜੇ ਦਿਲਚਸਪ ਕਿਸਮ ਦੇ ਲੋਕ ਹਨ। ਲੜਾਈ ਭੜਾਈ ਇਨ੍ਹਾਂ ਦੀ ਰੂਹ ਦੀ ਖ਼ੁਰਾਕ ਹੈ। ਡੰਗਰ ਪਸ਼ੂ ਚੋਰੀ ਕਰਨਾ ਵੀ ਇਨ੍ਹਾਂ ਦੀ ਪਸੰਦੀਦਾ ਖੇਲ ਹੈ। ਇੱਥੇ ਵਿਰਕਾਂ ਦਾ ਮੁੰਡਾ ਗਿੱਲਾਂ ਦੇ ਵਿਆਹਿਆ ਗਿਆ। ਰਾਤੀਂ ਉਹ ਬੈਲ ਖੋਲ੍ਹ ਕੇ ਤੁਰਦਾ ਬਣਿਆ। ਮੂੰਹ ਹਨੇਰੇ ਜਦੋਂ ਸੁਆਣੀਆਂ ਧਾਰਾਂ ਕੱਢਣ ਗਈਆਂ, ਉਦੋਂ ਬੈਲ ਦਾ ਕਿੱਲਾ ਖਾਲੀ ਨਜ਼ਰ ਆਇਆ। ਘਰ ਵਿਚ ਰੌਲਾ ਪੈ ਗਿਆ। ਇਕ ਬਜ਼ੁਰਗ ਜੋ ਬੜਾ ਤਜਰਬੇਕਾਰ ਸੀ, ਕਹਿਣ ਲੱਗਾ, "ਫਿਕਰ ਨਾ ਕਰੋ, ਬੈਲ ਪ੍ਰਾਹੁਣਾ ਲੈ ਗਿਆ।" ਕੁਝ ਲੋਕ ਉਸ ਦੇ ਪਿੱਛੇ ਭੱਜੇ ਤੇ ਰਸਤੇ ਵਿਚੋਂ ਲੱਭ ਲਿਆ, ਥਾਪੀ ਦੇ ਕੇ ਕਹਿਣ ਲੱਗੇ, "ਵਾਹ ਬਈ ਪ੍ਰਾਹੁਣਿਆਂ, ਹੁਣ ਸਾਡੀ ਤਸੱਲੀ ਹੋ ਗਈ। ਤੂੰ ਸਾਡੀ ਕੁੜੀ ਨੂੰ ਭੁੱਖੀ ਨਹੀਂ ਮਰਨ ਦਿੰਦਾ। ਕਰਨਾਲ ਦਾ ਰੱਕੜ ਇਲਾਕਾ ਜਿੱਥੇ ਕਹੀ ਧਰਤੀ 'ਚ ਮਾਰਿਆਂ ਸਿਰ ਨੂੰ ਆਉਂਦੀ ਸੀ, ਇਨ੍ਹਾਂ ਨੇ ਹਰਿਆ-ਭਰਿਆ ਕਰ ਦਿੱਤਾ।

ਇਸ ਭਾਈਚਾਰੇ ਵਿਚ ਕਈ ਨਾਮਵਰ ਸਾਹਿਤਕਾਰ ਹੋਏ ਹਨ; ਖ਼ਾਸਕਰ ਕੁਲਵੰਤ ਸਿੰਘ ਵਿਰਕ ਜਿਸ ਦੀਆਂ ਕਹਾਣੀਆਂ ਬੜੀਆਂ ਦਮਦਾਰ ਹਨ। ਇਸੇ ਤਰ੍ਹਾਂ ਪ੍ਰੋ. ਅਨੂਪ ਸਿੰਘ ਵਿਰਕ ਨਾਮਵਰ ਕਵੀ ਹੋਏ ਹਨ ਜਿਨ੍ਹਾਂ ਨੇ ਖਾਲਸ ਦੇਸੀ ਘੀ ਵਰਗੀ ਖ਼ੁਸ਼ਬੋ ਛੱਡਦੀ ਗੱਲ ਕਹੀ ਹੈ:



ਜੋ ਦਰਦ ਪਛਾਣੇ ਰਾਤਾਂ ਦਾ  
ਕੋਈ ਸੂਰਜ ਭਾਲ ਰਿਹਾਂ।  
ਹੋਵੇ ਹਰ ਹਰਫ਼ ਚਿਰਾਗ ਜਿਹਾ,  
ਗੀਤਾਂ ਦਾ ਦੀਵਾ ਬਾਲ ਰਿਹਾਂ।

ਇਸ ਇਲਾਕੇ ਦਾ ਸਿੱਖ ਪੰਥ ਦਾ ਜਰਨੈਲ ਨਵਾਬ ਕਪੂਰ ਸਿੰਘ ਹੋਇਆ ਹੈ ਜਿਸ ਦਾ ਪਿੰਡ ਸਈਅਦ ਵਾਰਿਸ ਸ਼ਾਹ ਵਾਲਾ ਜੰਡਿਆਲਾ ਸ਼ੇਰ ਖਾਂ ਸੀ।

ਮੈਂ ਜਦੋਂ ਵੀ ਪਾਕਿਸਤਾਨ ਜਾਂਦਾ ਹਾਂ ਤਦ ਸ਼ੇਖ਼ੂਪੁਰੇ ਸਿਵਲ ਲਾਈਨਜ਼ ਵਿਚ ਸਰਾਂਵਾਂ ਦੇ ਘਰ ਠਹਿਰਦਾ ਹਾਂ। ਸਰਾਂਵਾਂ ਦੇ ਘਰ ਦੇ ਸਾਹਮਣੇ ਤੁਅੱਲਕਉਲਾ ਵਿਰਕ ਦਾ ਆਲੀਸ਼ਾਨ ਬੜਾ ਖੁੱਲ੍ਹਾ ਘਰ ਹੈ। ਤੁਅੱਲਕਉਲਾ ਵਿਰਕ ਚੌਧਰੀ ਖ਼ੁਸ਼ੀ ਮੁਹੰਮਦ ਦਾ ਪੁੱਤਰ ਹੈ। ਜਿਹੜੇ ਦਿਨਾਂ ਵਿਚ ਮੈਂ ਸ਼ੇਖ਼ੂਪੁਰੇ ਠਹਿਰਦਾ, ਤੁਅੱਲਕਉਲਾ ਵਿਰਕ ਮੇਰੀ ਖ਼ਿਦਮਤਦਾਰੀ ਵਿਚ ਹਾਜ਼ਰ ਰਹਿੰਦਾ। ਲਾਹੌਰ ਮੈਂ ਇਸੇ ਕਰ ਕੇ ਘੱਟ ਠਹਿਰਦਾ ਹਾਂ। ਲਾਹੌਰੀਏ ਸਾਰੀ ਰਾਤ ਜਾਗਦੇ ਹਨ ਤੇ ਸਾਰਾ ਦਿਨ ਸੌਂਦੇ ਹਨ।

ਹਾਂ ਸੱਚ ਮੈਂ ਗੱਲ ਕਰ ਰਿਹਾ ਸੀ ਚਾਂਦੀ ਕੋਟ ਦੇ ਇਕੱਠ ਦੀ, ਚੌਧਰੀ ਖ਼ੁਸ਼ੀ ਮੁਹੰਮਦ ਸਾਥੀ ਸਿੱਖਾਂ 'ਤੇ ਜ਼ੋਰ ਪਾ ਰਹੇ ਸਨ, "ਤੁਸੀਂ ਕੁਝ ਸਮੇਂ ਵਾਸਤੇ ਮੁਸਲਮਾਨ ਬਣ ਜਾਓ। ਫਿਰ ਸਿੱਖ ਬਣ ਜਾਣਾ।" ਉੱਥੇ ਕੋਈ ਸਿੱਖ ਬਜ਼ੁਰਗ ਬੈਠਾ ਸੀ ਜੋ ਆਪਣੀ ਲੱਤ ਦੀ ਪਿੰਡਲੀ ਉੱਤੇ ਹਲਕੀ ਹਲਕੀ ਛਿਟੀ ਮਾਰ ਰਿਹਾ ਸੀ। ਉਸ ਬਜ਼ੁਰਗ ਨੇ ਕਿਹਾ, "ਸਾਨੂੰ ਸੋਚਣ ਦਾ ਮੌਕਾ ਦਿਉ।"

ਅਗਲੀ ਸਵੇਰ ਕੁੱਕੜ ਦੀ ਪਹਿਲੀ ਬਾਂਗ ਨਾਲ ਸਿੱਖ ਸਰਦਾਰ ਘੋੜੀਆਂ 'ਤੇ ਚੜੇ ਹੋਏ ਚੌਧਰੀ ਖ਼ੁਸ਼ੀ ਮੁਹੰਮਦ ਦੇ ਡੇਰੇ ਵਿਚ ਦਾਖ਼ਲ ਹੋਏ। ਚੌਧਰੀ ਖ਼ੁਸ਼ੀ ਮੁਹੰਮਦ ਸਿੱਖਾਂ ਨੂੰ ਦੇਖ ਕੇ ਬੜੇ ਖ਼ੁਸ਼ ਹੋਏ ਤੇ ਕਹਿਣ ਲੱਗੇ, "ਸਰਦਾਰੋ, ਪਹਿਲਾਂ ਕੁਝ ਖਾਣ ਪੀਣ ਕਰ ਲਵੋ, ਫਿਰ ਮੌਲਵੀ ਨੂੰ ਬੁਲਾ ਕੇ ਕਲਮਾ ਪੜ੍ਹਾ ਦੇਂਦੇ ਹਾਂ।" ਸਿੱਖ ਬਜ਼ੁਰਗ ਨੇ ਸਿਰ ਮਾਰਿਆ, "ਨਹੀਂ, ਜੇ ਅਸੀਂ ਮੁਸਲਮਾਨ ਬਣ ਗਏ ਤਾਂ ਪੰਥ ਨੂੰ ਲਾਜ ਲੱਗ ਜਾਵੇਗੀ। ਹੁਣ ਅਸੀਂ ਆਪਣੇ ਵਤਨ ਜਾ ਰਹੇ ਹਾਂ। ਤੁਹਾਡੀ ਬੜੀ ਮਿਹਰਬਾਨੀ, ਤੁਸੀਂ ਬਹੁਤ ਖ਼ਲੂਸ ਦਿਖਾਇਆ, ਦਾਅਵਤਾਂ ਦਿੱਤੀਆਂ।" ਸਿੱਖ ਤੇ ਮੁਸਲਮਾਨ ਇਕ ਦੂਜੇ ਦੇ ਗਲਾਂ ਨੂੰ ਚਿੰਬੜ ਕੇ ਵਿਲਕਦੇ ਰਹੇ। ਸਿੱਖਾਂ ਨੇ ਘੋੜੀਆਂ ਦੇ ਮੂੰਹ ਉਸ ਦੇਸ਼ ਵੱਲ ਕੀਤੇ ਜਿਸ ਦੇ ਬੰਨੇ ਬਾਰੇ ਕਿਸੇ ਨੂੰ ਪਤਾ ਨਹੀਂ ਸੀ, ਇਹ ਕਿੱਥੋਂ ਸ਼ੁਰੂ ਹੁੰਦਾ ਹੈ।

ਟੈਕਸੀ ਮੇਰੇ ਘਰ ਅੱਗੇ ਆ ਕੇ ਰੁਕ ਗਈ। ਮੈਂ ਪੈਸੇ ਦੇ ਕੇ ਤੁਰਨ ਲੱਗਿਆ ਪਰ ਟੈਕਸੀ ਵਾਲੇ ਨੇ ਰੋਕ ਲਿਆ।

"ਸਰਦਾਰ ਜੀ, ਤੁਸੀਂ ਪੁੱਛਿਆ ਸੀ, ਮੇਰੇ ਘਰ ਕਿੱਥੇ ਹਨ? ... ... ... ਮੁਦਤ ਹੋ ਗਈ ਪਾਕਿਸਤਾਨ ਤੋਂ ਉੱਜੜ ਕੇ ਆਇਆਂ ਨੂੰ, ਅਜੇ ਤੱਕ ਛੱਤ ਨਸੀਬ ਨਹੀਂ ਹੋਈ। ਉੱਜੜ ਗਿਆਂ ਦੇ ਕਿਹੜੇ ਘਰ ਹੁੰਦੇ?"

ਸੀਨੇ ਵਿਚ ਦਰਦ ਦਬਾਈ ਰੋਟੀ ਰੋਜ਼ੀ ਲਈ ਟੈਕਸੀ ਵਾਲਾ ਭਾਈ ਅੱਗੇ ਤੁਰ ਗਿਆ।



# ਬਾਲ ਸੰਸਾਰ

## ਦੁਨੀਆ ਦਾ ਖ਼ੂਬਸੂਰਤ ਸ਼ਹਿਰ ਪੈਰਿਸ



ਕੇ. ਐਸ. ਅਮਰ, ਮੋਬਾਈਲ : 94653-69343

ਪਿਆਰੇ ਬੱਚਿਓ, ਅਸੀਂ ਪੁਰਾਤਨ ਲੋਕ-ਕਹਾਣੀਆਂ ਅਤੇ ਬਾਤਾਂ ਵਿਚ ਪੈਰਿਸ ਬਾਰੇ ਸੁਣਦੇ ਆਏ ਹਾਂ, ਪਰੀ ਕਥਾਵਾਂ ਵਿਚ ਬਹੁਤ ਸਾਰੇ ਅਜਿਹੇ ਪਾਤਰਾਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਨੂੰ ਪੈਰਿਸ ਦੇ ਸ਼ਹਿਜ਼ਾਦੇ ਮੰਨਿਆ ਜਾਂਦਾ ਹੈ। ਪੂਰੇ ਯੂਰਪ ਵਿਚ ਪੈਰਿਸ ਨੂੰ ਅੱਜ ਦੀ ਗਲੈਮਰ ਦੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਹੈ। ਪੈਰਿਸ ਫਰਾਂਸ ਦੀ ਰਾਜਧਾਨੀ ਹੀ ਨਹੀਂ ਸਗੋਂ ਫਰਾਂਸ ਦਾ ਸਭ ਤੋਂ ਵੱਡਾ ਸ਼ਹਿਰ ਵੀ ਹੈ ਜੋ 105 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ। ਫਰਾਂਸੀਸੀ ਭਾਸ਼ਾ ਵਿਚ ਪੈਰਿਸ ਨੂੰ 'ਪਾਗੀ' ਵੀ ਕਿਹਾ ਜਾਂਦਾ ਹੈ। ਇਹ ਅਜਾਇਬ ਘਰਾਂ, ਆਰਟ ਗੈਲਰੀਆਂ, ਹੋਟਲਾਂ, ਮਹਿਲਾਂ, ਫੈਸ਼ਨ ਵਿਗਿਆਨ ਅਤੇ ਕਲਾ ਦਾ ਸ਼ਹਿਰ ਹੀ ਨਹੀਂ, ਇਕ ਦੁਨੀਆ ਹੈ ਅਤੇ ਸਾਰੀ ਦੁਨੀਆ ਦੇ ਸੈਲਾਨੀਆਂ ਦਾ ਖ਼ੂਬਸੂਰਤ ਘਰ ਵੀ ਹੈ। ਦੁਨੀਆ ਦੇ ਇਸ ਸੋਹਣੇ ਸ਼ਹਿਰ ਵਿਚ ਲਗਭਗ 22,29,621 ਲੋਕ ਵਸਦੇ ਹਨ। ਇਹ ਸ਼ਹਿਰ ਸੋਨ ਨਦੀ ਦੇ ਕਿਨਾਰੇ 'ਤੇ ਸਥਿਤ ਹੈ ਅਤੇ ਪੂਰੇ ਯੂਰਪ ਵਿਚ ਲੰਦਨ ਤੋਂ ਬਾਅਦ ਇਸ ਨੂੰ ਯੂਰਪ ਮਹਾਂਸੰਘ ਦਾ ਦੂਜਾ ਵੱਡਾ ਸ਼ਹਿਰ ਮੰਨਿਆ ਗਿਆ ਹੈ। ਸੰਨ 1900 ਵਿਚ ਸਥਾਪਤ ਇਸ ਸ਼ਹਿਰ ਵਿਚ ਮਾਸਕੋ ਮੈਟਰੋ ਪ੍ਰਣਾਲੀ ਤੋਂ ਬਾਅਦ ਦੁਨੀਆ ਦੀ ਸਭ ਤੋਂ ਵੱਡੀ ਮੈਟਰੋ ਪ੍ਰਣਾਲੀ ਹੈ ਜੋ 5.23 ਮਿਲੀਅਨ ਯਾਤਰੀਆਂ ਨੂੰ ਸੇਵਾਵਾਂ ਦਿੰਦੀ ਹੈ। ਇਸ ਸ਼ਹਿਰ ਵਿਚ ਹੀ ਹੈ ਪੈਰਿਸ ਚਾਰਲਸ ਫੀਂਗਲ ਹਵਾਈ ਅੱਡਾ, ਜੋ ਲੰਦਨ ਦੇ ਹੀਥਰੋ ਹਵਾਈ ਅੱਡੇ ਤੋਂ ਬਾਅਦ ਯੂਰਪ ਦਾ ਸਭ ਤੋਂ ਵੱਡਾ ਹਵਾਈ ਅੱਡਾ ਹੈ। ਦੁਨੀਆ ਦਾ ਪਹਿਲਾ ਸਟਰੀਟ ਲਾਈਟ ਸ਼ਹਿਰ ਵੀ ਪੈਰਿਸ ਨੂੰ ਹੀ ਮੰਨਿਆ ਗਿਆ ਹੈ, ਜਿਥੇ ਹਰ ਸਾਲ ਢਾਈ ਕਰੋੜ ਸੈਲਾਨੀ ਸੈਰ ਕਰਨ ਆਉਂਦੇ ਹਨ। 'ਦੁਖੀਏ' ਨਾਵਲ ਦੇ ਪ੍ਰਸਿੱਧ ਲੇਖਕ ਵਿਕਟਰ ਹਿਊਗੋ ਵੀ ਇਸ ਸ਼ਹਿਰ ਦੇ ਨਿਵਾਸੀ ਸਨ, ਜਿਨ੍ਹਾਂ ਨੂੰ ਬੜੀ ਸ਼ਰਧਾ ਅਤੇ ਲਗਨ ਨਾਲ ਪੜ੍ਹਿਆ ਜਾਂਦਾ ਹੈ। ਆਈਫਲ ਟਾਵਰ ਜਿਸ ਦੀ ਉਚਾਈ 324 ਮੀਟਰ ਹੈ ਅਤੇ ਦੁਨੀਆ ਦਾ ਅਜੂਬਾ ਡਿਜ਼ਨੀਲੈਂਡ ਪੈਰਿਸ ਦੇ ਮੁੱਖ ਅਕਰਸ਼ਣ ਹਨ, ਜਿਨ੍ਹਾਂ ਨੂੰ ਦੇਖਣ ਲਈ ਹਮੇਸ਼ਾ ਹੀ ਦੁਨੀਆ ਭਰ ਦੇ ਸੈਲਾਨੀਆਂ ਦੀ ਭੀੜ ਲੱਗੀ ਰਹਿੰਦੀ ਹੈ। ਪੈਰਿਸ ਨੂੰ ਪ੍ਰੇਮੀਆਂ ਦਾ ਸ਼ਹਿਰ ਅਤੇ ਦੁਨੀਆ ਦੀ ਸਭ ਤੋਂ ਵੱਡੀ ਸੈਰਗਾਹ ਵੀ ਮੰਨਿਆ ਜਾਂਦਾ ਹੈ। ਬੱਚਿਓ, ਜ਼ਿੰਦਗੀ ਵਿਚ ਮੌਕਾ ਮਿਲੇ ਤਾਂ ਪੈਰਿਸ ਵਰਗੇ ਸੋਹਣੇ ਸ਼ਹਿਰ ਦੀ ਸੈਰ ਜ਼ਰੂਰ ਕੀਤੀ ਜਾਵੇ ਜੋ ਸਾਡੀ ਜਾਣਕਾਰੀ ਵਿਚ ਅਥਾਹ ਵਾਧਾ ਕਰੇਗੀ।

## ਖੁੱਡਾਂ ਵਿਚ ਮੂੰਗਫਲੀਆਂ ਕਿਉਂ ਦੱਬ ਦਿੰਦੀਆਂ ਨੇ ਗਲਹਿਰੀਆਂ

ਲੇਖਕ : ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ
Email : mayer_hk@yahoo.com



ਜੀਵ-ਜੰਤੂਆਂ ਦੀ ਸਿਰਜਣਾ ਕੁਦਰਤ ਨੇ ਬੜੀ ਅਜੀਬ ਤਰੀਕੇ ਦੀ ਕੀਤੀ ਹੈ। ਹਰ ਜੀਵ ਨੂੰ ਪ੍ਰਕਿਰਤੀ ਨੇ ਕੋਈ ਨਾ ਕੋਈ ਚਮਤਕਾਰੀ ਗੁਣ ਦਾ ਤੋਹਫ਼ਾ ਦਿੱਤਾ ਹੋਇਆ ਹੈ। ਕਹਿੰਦੇ ਗਲਹਿਰੀ ਦੀ ਸੁੰਘਣ ਸ਼ਕਤੀ ਸਾਡੇ ਨਾਲੋਂ ਕਿਤੇ ਵੱਧ ਹੁੰਦੀ ਹੈ।

ਆਪਣੀ ਚਮਤਕਾਰੀ ਸੁੰਘਣ ਸ਼ਕਤੀ ਕਾਰਨ, ਪੁਰਾਤਨ ਸਮਿਆਂ ਤੋਂ ਗਲਹਿਰੀਆਂ ਧਰਤੀ ਵਿਚ ਨਿੱਕੀਆਂ-ਨਿੱਕੀਆਂ ਖੁੱਡਾਂ ਪੁੱਟ ਕੇ ਉਨ੍ਹਾਂ ਵਿਚ ਮੂੰਗਫਲੀਆਂ ਜਾਂ ਹੋਰ ਖਾਣ ਵਾਲੇ ਪਦਾਰਥ ਲੁਕਾਉਂਦੀਆਂ ਆ ਰਹੀਆਂ ਹਨ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਉਹ ਖੁੱਡਾਂ ਨੂੰ ਲੱਭਣ ਵਿਚ ਦੇਰ ਨਹੀਂ ਲਗਾਉਂਦੀਆਂ। ਝੱਟ ਲੱਭ ਲੈਂਦੀਆਂ ਹਨ। ਗਲਹਿਰੀਆਂ ਨੂੰ ਇਕ ਬੱਝਵੇਂ ਮਾਹੌਲ ਵਿਚ ਰੱਖ ਕੇ ਕੀਤੇ ਗਏ ਇਕ ਖੋਜ ਅਧਿਐਨ ਤੋਂ ਬੜੇ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਹਨ। ਗਲਹਿਰੀਆਂ ਉਨ੍ਹਾਂ ਥਾਵਾਂ ਦਾ ਜਿਥੇ ਉਨ੍ਹਾਂ ਖਾਣ ਵਾਲੀਆਂ ਚੀਜ਼ਾਂ ਛੋਟੇ-ਛੋਟੇ ਖੁੱਡੇ ਪੁੱਟ ਕੇ ਉੱਪਰ ਮਿੱਟੀ ਪਾ ਕੇ, ਲੁਕਾਈ ਹੁੰਦੀ ਹੈ, ਆਪਣੇ ਦਿਮਾਗ ਵਿਚ ਇਕ ਨਕਸ਼ਾ (ਮੈਮਰੀ ਮੈਪ) ਤਿਆਰ ਕਰ ਲੈਂਦੀਆਂ ਹਨ। ਖਾਣ ਵਾਲੀ ਚੀਜ਼ ਨੂੰ ਮੁੜ ਪ੍ਰਾਪਤ ਕਰਨ ਲਈ ਉਹ ਇਸ ਯਾਦਾਸ਼ਤ ਵਿਚ ਉਕਰੇ ਨਕਸ਼ੇ ਜ਼ਰੀਏ ਸਹੀ ਥਾਂ 'ਤੇ ਪਹੁੰਚ ਜਾਂਦੀਆਂ ਹਨ ਅਤੇ ਲੁਕੋਇਆ ਖਾਣ ਵਾਲਾ ਪਦਾਰਥ ਕੱਢ ਲੈਂਦੀਆਂ ਹਨ।

ਉਪਰੋਕਤ ਖੋਜ ਅਧਿਐਨ ਦੌਰਾਨ ਇਹ ਵੀ ਦੇਖਣ ਵਿਚ ਆਇਆ ਕਿ ਪੰਜਾਹ ਮੂੰਗਫਲੀਆਂ ਦੀਆਂ ਗੱਠੀਆਂ, ਗਲਹਿਰੀਆਂ ਦੀ ਖੁੱਡ ਲਾਗੇ ਖਿਲਾਰ ਦਿੱਤੀਆਂ ਗਈਆਂ ਸਨ। ਉਸ ਉੱਪਰ ਕੈਮਰੇ ਨਾਲ ਨਜ਼ਰ ਰੱਖੀ ਗਈ। ਪਹਿਲਾਂ ਗਲਹਿਰੀ ਨੇ ਪੰਜਿਆਂ ਨਾਲ ਕਿ ਇੰਚ ਤੋਂ ਡੇਢ ਇੰਚ ਡੂੰਘੀ ਘੁੱਤੀ (ਛੋਟਾ ਜਿਹਾ ਟੋਆ) ਫੇਰ ਇਕ ਇਕ ਕਰ ਕੇ ਇਸ ਵਿਚ ਚਾਰ-ਪੰਜ ਗੱਠੀਆਂ ਰੱਖ ਕੇ ਉਸ ਨੇ ਉੱਪਰ ਮਿੱਟੀ ਖਿਲਾਰ ਦਿੱਤੀ। ਮਿੱਟੀ ਪਾਉਣ ਵੇਲੇ ਉਸ ਦਾ ਤਰੀਕਾ ਦੇਖਣ ਵਾਲਾ ਸੀ। ਪਹਿਲਾਂ ਉਸ ਨੇ ਪੰਜਿਆਂ ਨਾਲ ਮਿੱਟੀ ਪਾਈ, ਫਿਰ ਪੂਛ ਨਾਲ ਮਿੱਟੀ ਉੱਪਰ ਬੁਰਸ਼ ਵਾਂਗ ਸਫ਼ਾਈ ਕੀਤੀ।

ਫਿਰ ਇਕ-ਇਕ ਕਰ ਕੇ ਉਧਰ ਨਵੇਂ ਟੋਏ ਪੁੱਟ ਕੇ ਥੋੜ੍ਹੇ-ਥੋੜ੍ਹੇ ਸਮੇਂ ਵਿਚ ਹੀ ਪੰਜਾਹ ਦੀਆਂ ਪੰਜਾਹ ਗੱਠੀਆਂ ਲੁਕੋ ਦਿੱਤੀਆਂ ਸਨ। ਫਿਰ ਉਹ ਇਧਰ-ਉਧਰ ਨਵੇਂ ਭੋਜਨ ਦੀ ਤਲਾਸ਼ ਵਿਚ ਛੜੱਪੇ ਮਾਰਨ ਲੱਗੀ। ਬੱਚਿਓ, ਦੇਖਿਆ ਗਲਹਿਰੀ ਦਾ ਖਾਣ ਵਾਲੇ ਪਦਾਰਥਾਂ ਦੇ ਭੰਡਾਰ ਕਰਨ ਦਾ ਤਰੀਕਾ। ਆਪਾਂ ਸੋਚਦੇ ਹਾਂ ਕਿ ਇਹ ਚੂਹੇ ਦੀ ਵੱਡੀ ਭੈਣ ਗਲਹਿਰੀ ਦਾ ਕਿਹੜਾ ਐਨਾ ਦਿਮਾਗ ਹੁੰਦਾ ਹੋਣਾ?

ਪਰ ਇਹ ਤਾਂ ਸਾਨੂੰ ਕੁਝ ਨਾ ਕੁਝ ਸਿਖਾਉਂਦੀਆਂ ਨੇ। ਤੁਸੀਂ ਹੈਰਾਨ ਹੋਵੋਗੇ ਕਿ ਪੂਰਬੀ ਸਲੇਟੀ ਜਾਂ ਚਿੱਟੇ ਰੰਗ ਦੀ ਗਲਹਿਰੀ ਅਤੇ ਵੱਡੇ ਕੱਦ ਦੀ ਫੌਕਸ ਸਕੁਐਰਲ ਵੱਖ-ਵੱਖ ਥਾਵਾਂ 'ਤੇ ਖੁੱਡੇ ਪੁੱਟ ਕੇ 5000 ਗਿਰੀਆਂ ਜਿਵੇਂ ਮੂੰਗਫਲੀ, ਬਾਦਾਮ, ਪਿਸਤਾ, ਕਾਜੂ ਆਦਿ ਨੂੰ ਲੁਕਾਉਣ ਦੀ ਕਲਾ ਰੱਖਦੀਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਾਰੀਆਂ ਥਾਵਾਂ ਨੂੰ ਉਹ ਚੇਤੇ ਕਿਵੇਂ ਰੱਖਦੀਆਂ ਹਨ। ਮਾਹਰ ਦੱਸਦੇ ਹਨ ਕਿ ਖਾਣ ਵਾਲੀ ਸਮੱਗਰੀ ਇਕੱਠੀ ਕਰਦੇ ਸਮੇਂ ਸਲੇਟੀ ਗਲਹਿਰੀ ਦਾ ਦਿਮਾਗ ਵੱਧ ਕੰਮ ਕਰਦਾ ਹੈ ਉਸ ਦੀ ਯਾਦ ਸ਼ਕਤੀ ਆਮ ਨਾਲੋਂ ਵਧ ਜਾਂਦੀ ਹੈ।

ਪਰ ਦੂਜੇ ਪਾਸੇ ਇਕ ਤਾਜ਼ਾ ਖੋਜ ਅਧਿਐਨ ਅਨੁਸਾਰ, 'ਜਦੋਂ ਕੋਈ ਗਲਹਿਰੀ ਟੋਆ ਪੁੱਟ ਕੇ ਮੂੰਗਫਲੀ ਜਾਂ ਹੋਰ ਗਿਰੀਦਾਰ ਫਲ ਲੁਕੋ ਰਹੀ ਹੁੰਦੀ ਹੈ, ਤਾਂ ਦੂਜੀ ਕੋਈ ਗਲਹਿਰੀ ਉਸ ਦੇ ਲੁਕਾਏ ਖਾਣ ਵਾਲੇ ਪਦਾਰਥ ਨੂੰ ਲੱਭ ਨਹੀਂ ਸਕਦੀ, ਬਸ਼ਰਤੇ ਕਿ ਉਸ ਨੇ ਗਲਹਿਰੀ ਨੂੰ ਗਿਰੀਆਂ ਲੁਕਾਉਂਦੀ ਨੂੰ ਆਪਣੀਆਂ ਅੱਖਾਂ ਨਾਲ ਖੁਦ ਨਾ ਦੇਖ ਲਿਆ ਹੋਵੇ। ਇਸ ਦੇ ਉਲਟ ਜੇ ਕਿਤੇ ਕੋਈ ਮਨੁੱਖ ਗਲਹਿਰੀ ਜਿੰਨਾ ਹੀ ਟੋਆ (ਤਕਰੀਬਨ ਇਕ ਇੰਚ ਡੂੰਘਾ) ਪੁੱਟ ਕੇ ਵਿਚ ਗਿਰੀਆਂ ਦਬਾ ਦੇਵੇ ਤਾਂ ਗਲਹਿਰੀ ਨੂੰ ਉਹ ਜਗ੍ਹਾ ਲੱਭਣ ਅਤੇ ਗਿਰੀ ਚੋਰੀ ਕਰ ਕੇ ਖਾਣ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ।

ਸੋ, ਗਲਹਿਰੀ ਵੱਖ-ਵੱਖ ਖੁੱਡਾਂ ਵਿਚ ਲੁਕੋਏ ਖਾਣ ਵਾਲੇ ਪਦਾਰਥਾਂ ਨੂੰ ਕਿਸੇ ਨਾ ਕਿਸੇ ਗੰਧ ਜ਼ਰੀਏ ਨਾ ਲੱਭਣਯੋਗ ਬਣਾਉਂਦੀ ਹੈ। ਜਿਸ ਦੀ ਅਜੇ ਹੋਰ ਖੋਜਬੀਨ ਹੋਣੀ ਬਾਕੀ ਹੈ। ਸੋ, ਦੱਬੀਆਂ ਹੋਈਆਂ ਮੂੰਗਫਲੀਆਂ ਦਾ ਚੇਤਾ ਰੱਖਣ ਲਈ ਗਲਹਿਰੀ ਦੀ ਯਾਦਸ਼ਕਤੀ ਬੜੀ ਤੇਜ਼ ਹੁੰਦੀ ਹੈ। ਘੱਟ ਯਾਦਦਾਸ਼ਤ ਵਾਲੀਆਂ ਗਲਹਿਰੀਆਂ ਤਾਂ ਭੁੱਲ ਭਲਈਆ ਵਿਚ ਪੈ ਕੇ ਵਿਚਾਰੀਆਂ ਭੁੱਖੀਆਂ ਮਰ ਜਾਣਗੀਆਂ। ਹੈ ਨਾ ਜਾਨਵਰਾਂ ਦਾ ਅਦਭੁਤ ਸੰਸਾਰ? ਤੁਸੀਂ ਵੀ ਗਲਹਿਰੀਆਂ ਅੱਗੇ ਮੂੰਗਫਲੀਆਂ ਰੱਖ ਕੇ ਉਨ੍ਹਾਂ ਦੀਆਂ ਸਰਗਰਮੀਆਂ ਉੱਪਰ ਨਜ਼ਰ ਰੱਖ ਕੇ ਨਜ਼ਾਰਾ ਵੇਖ ਸਕਦੇ ਹੋ। ਉਨ੍ਹਾਂ ਕੋਲੋਂ ਆਪਣੇ ਖਾਣ-ਪੀਣ ਦੀਆਂ ਚੀਜ਼ਾਂ ਨੂੰ ਸਟੋਰ ਕਰਨ ਦੀ ਸਿੱਖਿਆ ਤਾਂ ਅਸੀਂ ਲੈ ਹੀ ਸਕਦੇ ਹਾਂ।


### ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

FIND THE WORDS


| | | | | | | | | | | | |
|---|---|---|---|---|---|---|---|---|---|---|---|
| Z | A | N | Z | I | B | A | R | F | J | A | Z |
| Z | W | I | E | B | A | C | K | A | R | Z | E |
| Z | I | L | C | H | Z | F | I | B | Z | I | C |
| Z | Z | Z | O | N | E | N | E | Z | I | R | H |
| O | I | Z | E | Z | N | Z | Z | E | M | C | I |
| O | L | I | E | I | I | E | E | P | B | O | N |
| L | L | G | Z | P | T | N | B | P | A | N | Z |
| O | I | Z | Z | C | H | G | U | E | L | I | O |
| G | O | A | U | O | Z | Y | E | L | O | U | D |
| Y | N | G | P | D | M | I | R | I | N | M | I |
| Z | A | G | R | E | B | B | N | N | S | O | A |
| Z | I | T | H | E | R | E | I | C | Y | T | C |
| Q | Z | O | O | K | E | E | P | E | R | Q | I |

| | | |
|---|---|---|
| ZAGREB | ZEPPELIN | ZITHER |
| ZANZIBAR | ZIGZAG | ZODIAC |
| ZEBRA | ZILCH | ZOMBIE |
| ZEBU | ZILLION | ZONE |
| ZECHIN | ZIMBALON | ZOOKEEPER |
| ZEITGEIST | ~~ZINC~~ | ZOOLOGY |
| ZEN | ZINNIA | ZWIEBACK |
| ZENITH | ZIP CODE | |
| ZEPHYR | ZIRCONIUM | |

### ਬਿੰਦੂ ਮਿਲਾਓ




### ਰਸਤਾ ਲੱਭੋ



### ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



ਲੇਖਕ : ਔਨਿੰਦਯੋ ਚੱਕਰਵਰਤੀ

# ਵਧਦੇ ਖ਼ਰਚੇ, ਸਥਿਰ ਵੇਤਨ

## ਸੁੰਗੜਦੀਆਂ ਨੌਕਰੀਆਂ




ਕੁਝ ਸਮਾਂ ਪਹਿਲਾਂ ਇੱਕ ਵੱਡੀ ਕੰਪਨੀ ਵਿੱਚ ਸੀਨੀਅਰ ਮੈਨੇਜਰ ਮੇਰਾ ਇੱਕ ਵਾਕਫ਼ 'ਜ਼ੈੱਨਜ਼ੀ' (1997-2012 ਦੇ ਜੰਮਪਲ) ਬਾਰੇ ਸ਼ਿਕਾਇਤ ਕਰ ਰਿਹਾ ਸੀ। ਉਸ ਨੇ ਦੁਹਾਈ ਦਿੰਦਿਆਂ ਕਿਹਾ, ''ਉਹ ਤਾਂ 25,000 ਰੁਪਏ ਪ੍ਰਤੀ ਮਹੀਨਾ 'ਤੇ ਵੀ ਕੰਮ ਨਹੀਂ ਕਰਨਾ ਚਾਹੁੰਦੇ। ਮੈਂ ਸਿਰਫ਼ 10,000 ਰੁਪਏ 'ਤੇ ਸ਼ੁਰੂ ਕੀਤਾ ਸੀ।''

''ਉਹ ਕਦੋਂ ਦੀ ਗੱਲ ਹੈ?'' ਮੈਂ ਉਸ ਨੂੰ ਪੁੱਛਿਆ। ''1994 ਵਿੱਚ,'' ਉਸ ਨੇ ਉੱਤਰ ਦਿੱਤਾ।

ਮੇਰਾ ਉਸ ਨੂੰ ਇਹ ਦੱਸਣ ਦਾ ਜਿਗਰਾ ਨਾ ਪਿਆ ਕਿ ਉਨ੍ਹਾਂ ਸਮਿਆਂ ਵਿੱਚ 10,000 ਰੁਪਏ ਅੱਜ ਦੇ 70,000 ਰੁਪਏ ਦੇ ਬਰਾਬਰ ਹੁੰਦੇ ਸਨ। ਇਹ ਤੱਥ ਵੀ ਮੈਂ ਖੋਲ੍ਹਣਾ ਨਹੀਂ ਚਾਹੁੰਦਾ ਸੀ ਕਿ ਉਸ ਨੂੰ ਸ਼ਾਇਦ ਪਹਿਲੇ ਪੰਜ ਸਾਲਾਂ ਵਿੱਚ ਹੀ ਤਨਖ਼ਾਹ 'ਚ ਵੱਡਾ ਵਾਧਾ ਮਿਲ ਗਿਆ ਹੋਵੇਗਾ। ਜਦੋਂਕਿ ਨਵੀਂ ਭਰਤੀ ਅੱਜ ਕੱਲ੍ਹ ਇਹੀ ਆਸ ਕਰ ਸਕਦੀ ਹੈ ਕਿ ਉਨ੍ਹਾਂ ਦੀਆਂ ਤਨਖ਼ਾਹਾਂ ਸਾਲਾਨਾ 5-8 ਪ੍ਰਤੀਸ਼ਤ ਦੀ ਦਰ ਨਾਲ ਹੀ ਵਧਣਗੀਆਂ।

ਇਹ ਮੇਰੇ ਮਿੱਤਰ ਦੀ ਗ਼ਲਤੀ ਨਹੀਂ ਹੈ ਕਿ ਉਹ ਭਾਰਤ ਦੇ 'ਵਾਈਟ ਕਾਲਰ' ਵਰਕਰਾਂ (ਜ਼ਿਆਦਾਤਰ ਦਫ਼ਤਰੀ ਕਰਮਚਾਰੀ) ਦੇ ਵੇਤਨ ਸੰਕਟ ਦੀ ਤੀਬਰਤਾ ਨੂੰ ਨਹੀਂ ਮਾਪ ਸਕਦਾ। ਸਾਡੇ ਵਿੱਚੋਂ ਬਹੁਤੇ ਜਦੋਂ ਪੀੜ੍ਹੀ-ਦਰ-ਪੀੜ੍ਹੀ ਤਨਖ਼ਾਹਾਂ ਦੀ ਤੁਲਨਾ ਕਰਦੇ ਹਨ ਤਾਂ ਮਹਿੰਗਾਈ ਬਾਰੇ ਨਹੀਂ ਸੋਚਦੇ। ਉਹ ਇਸ ਕਰ ਕੇ ਕਿਉਂਕਿ ਮਨੋਵਿਗਿਆਨਕ ਤੌਰ 'ਤੇ ਖ਼ਪਤਕਾਰਾਂ ਵਜੋਂ ਅਸੀਂ ਪੈਸੇ ਨੂੰ ਸਿਰਫ਼ ਨਾਮਾਤਰ ਮੁੱਲ (ਨੌਮੀਨਲ ਟਰਮਜ਼) 'ਚ ਲੈਣਾ ਗਿੱਝੇ ਹੋਏ ਹਾਂ।

ਇਸ ਲਈ ਜੇ 25 ਹਜ਼ਾਰ ਰੁਪਏ 30 ਸਾਲ ਪਹਿਲਾਂ ਵਧੀਆ ਸ਼ੁਰੂਆਤੀ ਵੇਤਨ ਸੀ, ਸਾਨੂੰ ਲੱਗਦਾ ਹੈ ਕਿ ਅੱਜ ਵੀ ਹੋਵੇਗਾ। ਮੈਂ, ਮਸਲਨ, 2004 ਵਿੱਚ ਇੱਕ ਲੱਖ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਉੱਤੇ ਪਹੁੰਚ ਗਿਆ ਸੀ। ਮੈਨੂੰ ਉਦੋਂ ਨੌਕਰੀ 'ਤੇ ਲੱਗਿਆਂ ਪੰਜ ਸਾਲ ਹੋਏ ਸਨ। ਅੱਜਕੱਲ੍ਹ ਦੀਆਂ ਕੀਮਤਾਂ ਦੇ ਹਿਸਾਬ ਨਾਲ, ਇਹ 3,75,000 ਰੁਪਏ ਦੇ ਬਰਾਬਰ ਹੈ। ਪਰ ਜੇ ਮੈਂ ਇੱਕ ਨੌਕਰੀ ਲਈ ਉਸੇ ਤਰ੍ਹਾਂ ਦੇ ਤਜਰਬੇ ਵਾਲੇ ਉਮੀਦਵਾਰ ਦੀ ਇੰਟਰਵਿਊ ਕਰ ਰਿਹਾ ਹਾਂ ਤੇ ਉਹ 1,50,000 ਰੁਪਏ ਮੰਗੇ ਤਾਂ ਮੈਨੂੰ ਇਹ ਬਹੁਤ ਗ਼ੈਰ-ਵਾਜਿਬ ਲੱਗੇਗਾ।

ਪਰ ਆਪਣੇ ਰੋਜ਼ਾਨਾ ਦੇ ਤਜਰਬੇ ਤੋਂ ਅਸੀਂ ਸਾਰੇ ਜਾਣਦੇ ਹਾਂ ਕਿ ਇੱਕ ਵੱਡੇ ਸ਼ਹਿਰ ਵਿੱਚ 25,000 ਰੁਪਏ ਨਾਲ ਕੁਝ ਜ਼ਿਆਦਾ ਨਹੀਂ ਕੀਤਾ ਜਾ ਸਕਦਾ। ਕਿਸੇ ਵੀ ਸ਼ਹਿਰ ਦੇ ਚੰਗੇ ਹਿੱਸੇ ਵਿੱਚ ਇੱਕ ਕਮਰੇ ਦਾ ਕਿਰਾਇਆ ਹੀ ਲਗਭਗ 15,000 ਰੁਪਏ ਹੈ। ਗੁੜਗਾਓਂ ਵਿੱਚ ਜਿੱਥੇ ਮੈਂ ਰਹਿੰਦਾ ਹਾਂ, ਛੋਟੀ ਜਿਹੀ ਰਸੋਈ ਨਾਲ ਇੱਕ ਕਮਰਾ ਕਾਫ਼ੀ ਜ਼ਿਆਦਾ ਮਹਿੰਗਾ ਪੈਂਦਾ ਹੈ।

ਇਸ ਤਰ੍ਹਾਂ ਇੱਕ ਨੌਜਵਾਨ ਕਰਮਚਾਰੀ ਕੋਲ ਆਪਣੇ ਬਾਕੀ ਸਾਰੇ ਮਹੀਨਾਵਾਰ ਖਰਚ ਲਈ ਸਿਰਫ਼ 10,000 ਰੁਪਏ ਬਚਦੇ ਹਨ। ਇੱਥੋਂ ਤੱਕ ਕਿ ਥੋੜ੍ਹੀ ਬਿਹਤਰ ਤਨਖ਼ਾਹ ਲੈ ਰਹੇ ਨਵ-ਨਿਯੁਕਤ ਮੁਲਾਜ਼ਮਾਂ ਕੋਲ ਵੀ ਕਿਰਾਇਆ ਅਤੇ ਬਿੱਲ ਦੇਣ ਤੋਂ ਬਾਅਦ ਖ਼ੁਦ 'ਤੇ ਖ਼ਰਚਣ ਲਈ 25 ਹਜ਼ਾਰ ਤੋਂ ਵੱਧ ਰੁਪਏ ਨਹੀਂ ਬਚਦੇ। ਉਨ੍ਹਾਂ ਦਾ ਰੋਜ਼ਾਨਾ ਆਉਣ-ਜਾਣ ਦਾ ਖਰਚਾ ਹੀ ਇਸ ਵਿੱਚੋਂ ਤਿੰਨ ਤੋਂ ਪੰਜ ਹਜ਼ਾਰ ਰੁਪਏ ਤੱਕ ਉਡਾ ਕੇ ਲੈ ਜਾਂਦਾ ਹੈ।

ਦਰਮਿਆਨੇ ਦਰਜੇ ਦੇ ਰੈਸਤਰਾਂ 'ਚ ਇੱਕ ਵਾਰ ਦਾ ਖਾਣਾ 300-500 ਰੁਪਏ ਵਿੱਚ ਪੈਂਦਾ ਹੈ। ਮਹੀਨੇ 'ਚ ਦੋਸਤਾਂ ਨਾਲ ਚਾਰ ਵਾਰ ਬਾਹਰ ਜਾਣਾ ਉਨ੍ਹਾਂ ਨੂੰ ਬਾਰਾਂ ਸੌ ਤੋਂ ਦੋ ਹਜ਼ਾਰ ਰੁਪਏ ਤੱਕ ਪਵੇਗਾ। ਤੇ ਮੈਨੂੰ ਇਹ ਨਾ ਕਹਿਣਾ ਕਿ ਉਨ੍ਹਾਂ ਨੂੰ ਬਾਹਰ ਨਹੀਂ ਖਾਣਾ ਚਾਹੀਦਾ। ਜਵਾਨ ਹੁੰਦਿਆਂ ਅਸੀਂ ਸਾਰਿਆਂ ਨੇ ਇਹ ਸਭ ਕੀਤਾ ਹੈ- ਦੋਸਤਾਂ ਨਾਲ ਫ਼ਿਲਮ ਦੇਖਣ ਗਏ, ਕਦੇ-ਕਦਾਈਂ ਬਾਹਰ ਖਾਣਾ ਖਾਧਾ, ਬੂਟ ਤੇ ਜੀਨਾਂ ਲਈਆਂ। ਅੱਸੀਵਿਆਂ ਦੇ ਅੱਧ ਤੋਂ ਇਹੀ ਤਾਂ ਮੱਧਵਰਗ ਦੀ ਜ਼ਿੰਦਗੀ ਰਹੀ ਹੈ।

ਬਲਕਿ, 20 ਸਾਲ ਪਹਿਲਾਂ ਤੱਕ ਵੀ ਲੋਕ ਟਿਕਵਾਂ 'ਵਾਈਟ ਕਾਲਰ' ਕੰਮ ਮਿਲਦੇ ਸਾਰ ਹੀ ਕਾਰ ਲੋਨ ਲੈ ਲੈਂਦੇ ਸਨ। ਇਸੇ ਕਰ ਕੇ ਪੈਸੇਂਜਰ ਕਾਰ ਦੀ ਵਿਕਰੀ 2001-02 ਤੋਂ ਲੈ ਕੇ 2011-12 ਤੱਕ ਸਾਲਾਨਾ 15 ਪ੍ਰਤੀਸ਼ਤ ਦੀ ਦਰ ਨਾਲ ਵਧੀ। ਉਸ ਤੋਂ ਬਾਅਦ ਲਗਾਤਾਰ ਮੰਦੀ ਹੀ ਰਹੀ ਹੈ- ਕਾਰਾਂ ਦੀ ਵਿਕਰੀ ਪ੍ਰਤੀ ਸਾਲ ਬਸ 5 ਪ੍ਰਤੀਸ਼ਤ ਦੀ ਦਰ ਨਾਲ ਹੀ ਵਧੀ ਹੈ, ਜ਼ਿਆਦਾਤਰ ਅਸਲ ਵਾਧਾ ਮਲਟੀ-ਯੂਟਿਲਿਟੀ ਵਾਹਨਾਂ ਦੇ ਵਰਗ 'ਚ ਹੋਇਆ ਹੈ ਜੋ ਧਨਾਢਾਂ ਨੇ ਖਰੀਦੇ ਹਨ।

ਪਰ ਇਹ ਸਿਰਫ਼ ਸ਼ੁਰੂਆਤੀ ਤਨਖ਼ਾਹਾਂ ਦਾ ਮਾਮਲਾ ਨਹੀਂ ਹੈ ਬਲਕਿ ਵਿਚਕਾਰਲੇ ਪੱਧਰ 'ਤੇ ਖੜ੍ਹੇ 10-15 ਸਾਲ ਤਜਰਬੇ ਵਾਲੇ ਵਾਈਟ ਕਾਲਰ ਮੁਲਾਜ਼ਮ ਵੀ ਤਨਖ਼ਾਹਾਂ 'ਚ ਬੇਹੱਦ ਸੂਖਮ ਵਾਧੇ ਦੀ ਔਖਿਆਈ ਨਾਲ ਜੂਝ ਰਹੇ ਹਨ। ਕਈਆਂ ਨੂੰ ਤਨਖ਼ਾਹਾਂ 'ਚ ਕਟੌਤੀ ਸਵੀਕਾਰਨ ਜਦੋਂਕਿ ਬਾਕੀਆਂ ਨੂੰ ਸਿੱਧੇ ਤੌਰ 'ਤੇ ਨੌਕਰੀ ਛੱਡਣ ਲਈ ਕਿਹਾ ਜਾ ਰਿਹਾ ਹੈ। ਇੱਕ ਹਾਲੀਆ ਸਰਵੇਖਣ ਦਰਸਾਉਂਦਾ ਹੈ ਕਿ 59 ਪ੍ਰਤੀਸ਼ਤ ਕਾਰਪੋਰੇਟ ਮੁਲਾਜ਼ਮਾਂ ਨੂੰ ਚੰਗੇ ਵਾਧੇ ਦੀ ਆਸ ਨਹੀਂ ਹੈ ਤੇ ਵਿਚਕਾਰਲੇ ਮੈਨੇਜਮੈਂਟ ਪੱਧਰ ਉੱਤੇ ਕੰਮ ਕਰਨ ਵਾਲੇ ਬਹੁਤੇ ਇਹੀ ਉਮੀਦ ਰੱਖ ਰਹੇ ਹਨ ਕਿ ਤਨਖ਼ਾਹਾਂ 'ਚ ਜ਼ਿਆਦਾ ਵਾਧਾ ਨਹੀਂ ਮਿਲੇਗਾ।

ਇਹ ਉਸ ਵੇਲੇ ਹੋ ਰਿਹਾ ਹੈ ਜਦੋਂ ਸ਼ਹਿਰੀ ਮੱਧਵਰਗ, ਜੋ ਭਾਰਤ ਵਿੱਚ ਜ਼ਿਆਦਾਤਰ ਵਾਈਟ ਕਾਲਰ ਨੌਕਰੀਆਂ ਕਰਦਾ ਹੈ, ਨੂੰ ਅਸਲ ਮਹਿੰਗਾਈ ਵਿੱਚ ਬੇਤਹਾਸ਼ਾ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰੀ ਪਰਚੂਨ ਮਹਿੰਗਾਈ ਦਾ ਸਰਕਾਰੀ ਅੰਕੜਾ, ਜੋ ਕਿ ਵਸਤੂਆਂ ਤੇ ਸੇਵਾਵਾਂ ਦੀ ਇੱਕ ਔਸਤ ਬਾਸਕਟ ਨੂੰ ਹੀ ਧਿਆਨ 'ਚ ਰੱਖਦਾ ਹੈ,

ਕੀਮਤਾਂ 'ਚ ਅਸਲ ਵਾਧੇ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ ਕਿਉਂਕਿ ਸ਼ਹਿਰੀ ਗ਼ਰੀਬ ਤਬਕਾ ਵੀ ਇਸੇ ਘੇਰੇ 'ਚ ਆਉਂਦਾ ਹੈ, ਜਦੋਂਕਿ ਉਸ ਦੀ ਖ਼ਪਤ ਦਾ ਸਰੂਪ ਜਾਂ ਤਰੀਕਾ ਬਹੁਤ ਵੱਖਰਾ ਹੈ।

ਮਸਲਨ, ਰਿਹਾਇਸ਼ ਦੇ ਖ਼ਰਚ ਨੂੰ ਹੀ ਲੈ ਲਓ। ਸ਼ਹਿਰੀ ਪਰਚੂਨ ਮਹਿੰਗਾਈ ਦਾ ਸਰਕਾਰੀ ਅੰਕੜਾ ਦੱਸਦਾ ਹੈ ਕਿ ਆਵਾਸ ਕੀਮਤਾਂ ਪਿਛਲੇ ਪੰਜ ਸਾਲਾਂ ਵਿੱਚ ਔਸਤਨ 4 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਵਧੀਆਂ ਹਨ। ਭਾਰਤ ਦੇ ਸੱਤ ਚੋਟੀ ਦੇ ਸ਼ਹਿਰਾਂ 'ਚ ਹੋਇਆ ਇੱਕ ਤਾਜ਼ਾ ਅਧਿਐਨ ਦਰਸਾਉਂਦਾ ਹੈ ਕਿ ਆਮ ਦੋ-ਬੀਐੱਚਕੇ (ਦੋ ਬੈੱਡਰੂਮ, ਹਾਲ ਤੇ ਰਸੋਈ) ਮਕਾਨ ਦਾ ਕਿਰਾਇਆ ਇਸੇ ਸਮੇਂ ਦੌਰਾਨ 11 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਵਧਿਆ ਹੈ। ਇਹ ਸਰਕਾਰੀ ਅੰਕੜਿਆਂ ਦੀ ਤੁਲਨਾ 'ਚ ਤਿੰਨ ਗੁਣਾ ਵੱਧ ਹੈ।

ਸ਼ਹਿਰੀ ਪਰਚੂਨ ਮਹਿੰਗਾਈ ਦਾ ਹਿਸਾਬ ਲਾਉਣ ਲੱਗਿਆਂ ਰਿਹਾਇਸ਼ ਦਾ ਖ਼ਰਚਾ ਕੁੱਲ ਖ਼ਪਤ ਦਾ 22 ਪ੍ਰਤੀਸ਼ਤ ਬਣ ਜਾਂਦਾ ਹੈ। ਅਸਲ 'ਚ ਵੱਡੇ ਸ਼ਹਿਰਾਂ ਵਿੱਚ ਰਹਿੰਦੇ ਬਹੁਤੇ ਪਰਿਵਾਰਾਂ ਲਈ ਇਹ ਉਨ੍ਹਾਂ ਦੇ ਕੁੱਲ ਖਰਚਿਆਂ ਦਾ ਲਗਭਗ 30 ਪ੍ਰਤੀਸ਼ਤ ਹੈ। ਜੇਕਰ ਅਸੀਂ ਰਿਹਾਇਸ਼ੀ ਖਰਚ ਦੇ ਭਾਰ ਨੂੰ ਸੋਧੀਏ ਅਤੇ ਕਿਰਾਇਆਂ 'ਚ ਅਸਲ ਵਾਧੇ ਨੂੰ ਦੇਖੀਏ ਤਾਂ ਪਿਛਲੇ ਪੰਜ ਸਾਲਾਂ 'ਚ ਇਸ ਤਰ੍ਹਾਂ ਦੇ ਮੱਧਵਰਗ ਨੂੰ ਜਿਹੜੀ ਔਸਤ ਪਰਚੂਨ ਮਹਿੰਗਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ 5.7 ਪ੍ਰਤੀਸ਼ਤ ਤੋਂ ਵਧ ਕੇ 7.7 ਪ੍ਰਤੀਸ਼ਤ ਹੋ ਚੁੱਕੀ ਹੈ।

'ਕੁਐੱਸ ਕੌਰਪ' ਦਾ ਇੱਕ ਹਾਲੀਆ ਸਰਵੇਖਣ ਦੱਸਦਾ ਹੈ ਕਿ 2019-2023 ਦਰਮਿਆਨ, ਇੰਜਨੀਅਰਿੰਗ, ਨਿਰਮਾਣ, ਸੁਧਾਈ ਤੇ ਬੁਨਿਆਦੀ ਢਾਂਚਾ ਖੇਤਰਾਂ ਵਿੱਚ ਤਨਖ਼ਾਹਾਂ ਔਸਤਨ ਸਿਰਫ਼ 0.8 ਪ੍ਰਤੀਸ਼ਤ ਵਧੀਆਂ ਹਨ, ਜਦੋਂਕਿ ਐੱਫਐੱਮਸੀਜੀ ਖੇਤਰ ਵਿੱਚ ਇਹ ਔਸਤ 5.4 ਪ੍ਰਤੀਸ਼ਤ ਰਹੀ ਹੈ। ਹੋਰ ਅਧਿਐਨ ਦਿਖਾਉਂਦੇ ਹਨ ਕਿ ਆਈਟੀ ਖੇਤਰ ਵਿੱਚ ਤਨਖ਼ਾਹਾਂ ਪਿਛਲੇ 10 ਸਾਲਾਂ ਤੋਂ ਥੋੜ੍ਹਾ ਬਹੁਤ ਉੱਤੇ-ਥੱਲੇ ਹੋ ਕੇ ਉੱਥੇ ਹੀ ਖੜ੍ਹੀਆਂ ਹਨ, ਜਾਂ ਬਹੁਤ ਹੀ ਨਿਗੂਣੀ ਦਰ ਉੱਤੇ ਵਧੀਆਂ ਹਨ।

ਇਸੇ ਤਰ੍ਹਾਂ ਮੱਧਵਰਗ ਨਾਲ ਸਬੰਧਿਤ ਇੱਕ ਦਰਮਿਆਨੇ ਪੱਧਰ ਦਾ ਮੁਲਾਜ਼ਮ ਜਿਹੜਾ 2018-19 ਵਿੱਚ ਇੱਕ ਵੱਡੇ ਸ਼ਹਿਰ 'ਚ ਰਹਿੰਦਿਆਂ 1,00,000 ਰੁਪਏ ਕਮਾ ਰਿਹਾ ਸੀ, 2023-24 ਵਿੱਚ ਉਹ 1,25,000 ਰੁਪਏ ਕਮਾ ਰਿਹਾ ਹੋਵੇਗਾ। ਜੇਕਰ ਉਦੋਂ (2018-19) ਉਸ ਨੇ ਆਪਣੀ ਤਨਖ਼ਾਹ ਦਾ 85 ਪ੍ਰਤੀਸ਼ਤ ਜਾਂ 85,000 ਖਰਚਿਆ ਸੀ ਤਾਂ 2023-24 ਦੀ ਅਸਲ ਮਹਿੰਗਾਈ ਉਸ ਦੇ ਖ਼ਰਚਿਆਂ ਨੂੰ 1,23,000 ਰੁਪਏ ਤੱਕ ਲੈ ਗਈ ਹੋਵੇਗੀ। ਜੇ ਉਹ 2018-19 ਵਿੱਚ 15,000 ਰੁਪਏ ਪ੍ਰਤੀ ਮਹੀਨਾ ਬਚਾ ਰਹੇ ਹੋਣਗੇ ਤਾਂ ਪੰਜ ਸਾਲਾਂ ਬਾਅਦ ਉਹ ਕੁਝ ਵੀ ਬਚਾਉਣ ਦੇ ਯੋਗ ਨਹੀਂ ਰਹੇ ਹੋਣਗੇ। ਪਹਿਲਾਂ, ਉਹ ਘਰ ਲਈ ਕੁਝ ਵਸਤਾਂ ਤੇ ਗੈਜੇਟ ਵਗੈਰਾ ਲੈਣ ਲਈ ਬੱਚਤ ਕਰ ਸਕਦੇ ਹੋਣਗੇ। ਹੁਣ ਉਹ ਬਿਲਕੁਲ ਨਹੀਂ ਕਰ ਸਕਦੇ।

ਇਸ ਦਾ ਉਨ੍ਹਾਂ ਵਸਤੂਆਂ ਤੇ ਸੇਵਾਵਾਂ 'ਤੇ ਵੱਡਾ ਅਸਰ ਪਿਆ ਹੈ ਜਿਨ੍ਹਾਂ ਦੀ ਮੰਗ ਰਵਾਇਤੀ ਤੌਰ 'ਤੇ ਭਾਰਤ ਵਿੱਚ ਮੱਧਵਰਗ ਨੇ ਪੈਦਾ ਕੀਤੀ। ਹਰ ਪ੍ਰਕਾਰ ਦੀਆਂ ਵਸਤਾਂ- ਸਾਬਣ, ਸ਼ੈਂਪੂ, ਵਾਲਾਂ ਦਾ ਤੇਲ, ਕੱਪੜੇ ਧੋਣ ਵਾਲਾ ਪਾਊਡਰ-ਸਾਬਣ, ਬਿਸਕੁਟ, ਰੇਜ਼ਰ ਬਲੇਡ, ਰੈਡੀਮੇਡ ਕੱਪੜੇ, ਜੁੱਤੀਆਂ, ਫਰਿੱਜਾਂ, ਪੈਸੇਂਜਰ ਕਾਰਾਂ ਆਦਿ ਦੀ ਮੰਗ ਘਟੀ ਹੈ ਜਾਂ ਇਸ 'ਚ ਖੜੋਤ ਆਈ ਹੈ, ਸਿਰਫ਼ 2021 ਦੇ ਅੱਧ ਦੇ ਸੰਖੇਪ ਉਛਾਲ ਨੂੰ ਛੱਡ ਕੇ, ਜਦੋਂ ਕੋਵਿਡ ਲੌਕਡਾਊਨ ਮੁੱਕਿਆ ਸੀ।

ਇਹ ਇੱਕ ਵੱਡਾ ਆਰਥਿਕ ਸੰਕਟ ਹੈ ਜਿਸ ਦਾ ਸਾਹਮਣਾ ਅੱਜ ਭਾਰਤ ਦਾ ਮੱਧਵਰਗ ਕਰ ਰਿਹਾ ਹੈ। ਆਰਜ਼ੀ ਹੱਲ, ਜਿਵੇਂ ਕਿ ਆਮਦਨ ਕਰ 'ਚ ਛੋਟ, ਇਸ ਸੰਕਟ ਨੂੰ ਖ਼ਤਮ ਕਰਨ ਵਿੱਚ ਮਦਦਗਾਰ ਨਹੀਂ ਹੋ ਸਕਦੇ। ਸਰਕਾਰ ਤਨਖ਼ਾਹਾਂ 'ਚ ਵਾਧਾ ਕਰਨ ਲਈ ਕਾਰਪੋਰੇਟਾਂ ਨੂੰ ਹੁੱਝਾਂ ਮਾਰਨ ਦੀ

ਕੋਸ਼ਿਸ਼ ਕਰ ਰਹੀ ਹੈ- ਪਿਛਲੇ ਪੰਜ ਸਾਲਾਂ ਵਿੱਚ ਇਨ੍ਹਾਂ ਦੇ ਮੁਨਾਫ਼ੇ ਚਾਰ ਗੁਣਾ ਹੋ ਚੁੱਕੇ ਹਨ ਪਰ ਵੇਤਨ ਬਿੱਲ ਉੱਥੇ ਹੀ ਖੜ੍ਹੇ ਹਨ। ਪਰ ਹੁਣ ਕਾਰਪੋਰੇਟ ਮੁਨਾਫ਼ੇ ਸੁੰਗੜ ਰਹੇ ਹਨ। ਹਾਲੀਆ ਤਿਮਾਹੀ ਵਿੱਚ ਵੱਡੀਆਂ ਕੰਪਨੀਆਂ ਦਾ ਮੁਨਾਫ਼ਾ ਬਸ 5 ਪ੍ਰਤੀਸ਼ਤ ਦੀ ਦਰ ਨਾਲ ਵਧਿਆ ਹੈ, ਜਦੋਂਕਿ ਛੋਟੀਆਂ ਸੂਚੀਬੱਧ ਕੰਪਨੀਆਂ ਦਾ ਮੁਨਾਫ਼ਾ ਡਿੱਗਿਆ ਹੈ। ਉਨ੍ਹਾਂ ਵੱਲੋਂ ਆਪਣੇ ਵਾਈਟ ਕਾਲਰ ਕਰਮੀਆਂ ਨੂੰ ਹੋਰ ਪੈਸਾ ਦੇਣ ਦੀ ਸੰਭਾਵਨਾ ਘੱਟ ਹੀ ਹੈ।

ਲਿਖਤ : ਡਾ. ਸੰਦੀਪ ਘੰਡ
ਸੰਪਰਕ: 98151-39576

# ਬੁਲੰਦ ਹੌਸਲੇ ਦੀ ਉਡਾਣ



ਪੰਜਾਬ ਦੇ ਇੱਕ ਅਤਿ ਪਛੜੇ ਜ਼ਿਲ੍ਹੇ ਤੋਂ ਕੈਨੇਡਾ ਪੜ੍ਹਨ ਅਤੇ ਰੁਜ਼ਗਾਰ ਲਈ ਗਈ 17 ਸਾਲਾ ਕੁੜੀ ਸ਼ਾਲੂ ਦੇ ਬੁਲੰਦ ਹੌਸਲੇ ਦੀ ਉਡਾਣ ਅਤੇ ਬਹਾਦਰੀ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਸ਼ਾਲੂ ਵੱਖ ਵੱਖ ਸ਼ਹਿਰਾਂ ਤੋਂ ਗਈਆਂ ਪੰਜ-ਛੇ ਕੁੜੀਆਂ ਨਾਲ ਇੱਕ ਸਾਂਝਾ ਫਲੈਟ ਕਿਰਾਏ 'ਤੇ ਲੈ ਕੇ ਰਹਿ ਰਹੀ ਸੀ। ਸ਼ਾਲੂ ਉਮਰ ਵਿੱਚ ਉਨ੍ਹਾਂ ਸਾਰੀਆਂ ਕੁੜੀਆਂ ਤੋਂ ਛੋਟੀ ਸੀ ਅਤੇ ਸਰੀਰਕ ਪੱਖੋਂ ਵੀ ਸਾਰਿਆਂ ਨਾਲੋਂ ਕਮਜ਼ੋਰ ਦਿਸਦੀ ਸੀ। ਇਸ ਕਰਕੇ ਉਸ ਨਾਲ ਰਹਿੰਦੀਆਂ ਕੁੜੀਆਂ ਉਸ ਨੂੰ ਪਿੱਦੀ, ਗਿਟਕ ਕਹਿ ਕੇ ਮਖੌਲ ਕਰਦੀਆਂ ਸਨ।

ਉਹ ਹਮੇਸ਼ਾ ਆਪਣੇ ਕੰਮ ਅਤੇ ਪੜ੍ਹਾਈ ਤੱਕ ਸੀਮਤ ਰਹਿੰਦੀ ਤੇ ਦੋ ਦੋ ਸ਼ਿਫਟਾਂ ਵਿੱਚ ਕੰਮ ਕਰਦੀ। ਅੱਜ ਅਚਾਨਕ ਸਾਰੀਆਂ ਕੁੜੀਆਂ ਵਿੱਚੋਂ ਸੀਨੀਅਰ ਜਸਬੀਰ ਨੂੰ ਸ਼ਾਲੂ ਦੀ ਮਾਂ ਦਾ ਫੋਨ ਆਇਆ। ਜਿਵੇਂ ਕਿਵੇਂ ਰੋਂਦਿਆਂ ਉਸ ਨੇ ਦੱਸਿਆ ਕਿ ਸ਼ਾਲੂ ਦਾ ਇੱਕੋ ਇੱਕ ਭਰਾ ਹਾਦਸੇ ਵਿੱਚ ਮਾਰਿਆ ਗਿਆ। ਮਾਂ ਨੂੰ ਜਾਪਦਾ ਸੀ ਕਿ ਇਸ ਖ਼ਬਰ ਨੂੰ ਸ਼ਾਲੂ ਕਿਵੇਂ ਸਹੇਗੀ। ਇਸੇ ਲਈ ਉਸ ਨੇ ਉਸ ਕੁੜੀ ਨੂੰ ਇਹ ਸਭ ਸ਼ਾਲੂ ਨੂੰ ਦੱਸਣ ਲਈ ਚੁਣਿਆ। ਜਦੋਂ ਫੋਨ ਆਇਆ ਤਾਂ ਦੋ ਹੋਰ ਕੁੜੀਆਂ ਵੀ ਜਸਬੀਰ ਕੋਲ ਸਨ। ਹੁਣ ਉਨ੍ਹਾਂ ਨੂੰ ਫ਼ਿਕਰ ਸੀ ਕਿ ਦੱਸਿਆ ਕਿਵੇਂ ਜਾਵੇ, ਕੀ ਸ਼ਾਲੂ ਇਹ ਸਹਿ ਸਕੇਗੀ ਤੇ ਅਸੀਂ ਉਸ ਨੂੰ ਕਿਵੇਂ ਸੰਭਾਲਾਂਗੇ। ਅਜੇ ਉਹ ਸੋਚ ਹੀ ਰਹੀਆਂ ਸਨ ਕਿ ਸਾਹਮਣੇ ਤੋਂ ਸ਼ਾਲੂ ਬੱਸ ਵਿੱਚੋਂ ਉਤਰ ਕੇ ਆ ਗਈ। ਉਸ ਦੇ ਘਰ ਆਉਂਦਿਆਂ ਹੀ ਸਾਰੀਆਂ ਕੁੜੀਆਂ ਨੇ ਉਸ ਨੂੰ ਕਲਾਵੇ ਵਿੱਚ ਲੈਂਦਿਆਂ ਸਾਰੀ ਗੱਲ ਦੱਸੀ। ਇੱਕ ਵਾਰ ਤਾਂ ਸ਼ਾਲੂ ਪੱਥਰ ਬਣ ਗਈ। ਉਸ ਨੂੰ ਬੇਗਾਨੇ ਮੁਲਕ ਆਇਆਂ ਹਾਲੇ ਦੋ ਮਹੀਨੇ ਵੀ ਨਹੀਂ ਸੀ ਹੋਏ। ਰਿਸ਼ਤੇਦਾਰਾਂ ਨੇ ਰੁਪਏ ਉਧਾਰ ਦੇਣ ਸਮੇਂ ਕਿਹਾ ਕਿ ਕਿਸੇ ਨੂੰ ਉਧਾਰ ਦੇਣਾ ਰਿਸ਼ਤਾ ਖ਼ਰਾਬ ਕਰਨ ਵਾਂਗ ਹੈ। ਸ਼ਾਲੂ ਅਤੇ ਉਸ ਦੀ ਮਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਜਲਦੀ ਪੈਸੇ ਮੋੜ ਦੇਵੇਗੀ। ਪਰ ਹੁਣ ਉਸ ਨੂੰ ਲੱਗ ਰਿਹਾ ਸੀ ਕਿ ਰਿਸ਼ਤੇਦਾਰਾਂ ਦੀ ਗੱਲ ਕਿਤੇ ਸੱਚੀ ਸਾਬਿਤ ਨਾ ਹੋ ਜਾਵੇ। ਉਸ ਨੂੰ ਰੋਂਦੀ ਰੋਂਦੀ ਨੂੰ ਸਾਰੀਆਂ ਕੁੜੀਆਂ ਕਮਰੇ ਵਿੱਚ ਛੱਡ ਗਈਆਂ। ਉਸ ਨੇ ਮਾਂ ਨੂੰ ਫੋਨ ਮਿਲਾਇਆ। ਮਾਵਾਂ ਧੀਆਂ ਬਹੁਤ ਰੋਈਆਂ ਤੇ ਆਪਣੀ ਮਾੜੀ ਕਿਸਮਤ ਨੂੰ ਕੋਸਣ ਲੱਗੀਆਂ। ਉਸ ਦੀ ਮਾਂ ਕਹਿ ਰਹੀ ਸੀ ਕਿ ਅਜੇ ਪਿਛਲੇ ਸਾਲ ਹੀ ਉਸ ਦਾ ਪਿਉ ਛੱਡ ਗਿਆ ਸੀ ਅਤੇ ਹੁਣ ਇੱਕ ਆਸ ਸੀ ਜੋ ਖ਼ਤਮ ਹੋ ਗਈ। ਮਾਂ ਨੂੰ ਫ਼ਿਕਰ ਸੀ ਕਿ ਹੁਣ ਕਿਵੇਂ ਆਵੇਗੀ। ਦੂਜੀਆਂ ਕੁੜੀਆਂ ਨੇ ਮਾਂ ਨੂੰ ਦਿਲਾਸੇ ਦਿੰਦਿਆਂ ਫੋਨ ਕੱਟਿਆ। ਉਸ ਰਾਤ ਨੂੰ ਸ਼ਾਲੂ ਬਿਨਾਂ ਕੁਝ ਖਾਧੇ ਪੀਤੇ ਹੀ ਸੌਂ ਗਈ। ਹੁਣ ਬਾਕੀ ਕੁੜੀਆਂ ਬੈਠੀਆਂ ਸੋਚ ਰਹੀਆਂ ਸਨ ਕਿ ਕਿਵੇਂ ਕੀਤਾ ਜਾਵੇ। ਪਤਾ ਲੱਗਣ 'ਤੇ ਫਲੈਟ ਵਿੱਚ ਉੱਪਰ ਰਹਿ ਰਿਹਾ ਲੜਕਾ ਅਤੇ ਉਸ ਦੀਆਂ ਭੈਣਾਂ ਵੀ ਉਨ੍ਹਾਂ ਕੋਲ ਆ ਗਈਆਂ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਸਾਰੇ ਆਪੋ ਆਪਣਾ ਯੋਗਦਾਨ ਪਾਉਣਗੇ ਅਤੇ ਸ਼ਾਲੂ ਨੂੰ ਆਉਣ ਜਾਣ ਦੀ ਟਿਕਟ ਦੇ ਕੇ ਪਿੰਡ ਭੇਜਣਗੇ। ਜਿਉਂ ਹੀ ਸਵੇਰ ਹੋਈ ਤਾਂ ਸਾਰੀਆਂ ਕੁੜੀਆਂ ਹੈਰਾਨ ਹੋ ਗਈਆਂ। ਦਰਅਸਲ, ਸ਼ਾਲੂ ਆਪਣੀ ਕਿੱਟ ਮੋਢੇ 'ਤੇ ਟੰਗ ਕੇ ਆਪਣੇ ਕੰਮ 'ਤੇ ਜਾਣ ਲਈ ਤਿਆਰ ਸੀ। ਬਰੈੱਡ ਨਾਲ ਚਾਹ ਪੀ ਕੇ ਉਸ ਨੇ ਫਰਿੱਜ ਵਿੱਚ ਪਏ ਚੌਲ ਡੱਬੇ ਵਿੱਚ ਪਾ ਲਏ। ਸਾਰੀਆਂ ਕੁੜੀਆਂ ਨੇ ਬੀਤੀ ਰਾਤ ਕੀਤੇ ਫ਼ੈਸਲੇ ਬਾਰੇ ਦੱਸਿਆ ਕਿ ਤੂੰ ਮਾਂ ਕੋਲ ਜਾਣਾ ਹੈ ਤਾਂ ਅਸੀਂ ਕਿਰਾਇਆ ਦੇ ਦਿਆਂਗੇ। ਸ਼ਾਲੂ ਨੇ ਕਿਹਾ, ''ਹੁਣ ਉੱਥੇ ਮੇਰਾ ਕੀ ਹੈ? ਮੇਰੇ ਜਾਣ ਨਾਲ ਵੀਰ ਵਾਪਸ ਨਹੀਂ ਆ ਸਕਦਾ, ਪਰ ਇੱਥੇ ਰਹਿ ਕੇ ਮੈਂ ਆਪਣੀ ਮਾਂ ਅਤੇ ਭਰਾ ਦੇ ਸੁਫਨੇ ਪੂਰੇ ਕਰ ਸਕਦੀ ਹਾਂ। ਰਿਸ਼ਤੇਦਾਰਾਂ ਤੋਂ ਲਿਆ ਕਰਜ਼ਾ ਮੋੜ ਸਕਦੀ ਹਾਂ। ਨਹੀਂ ਤਾਂ ਉਨ੍ਹਾਂ ਦੀ ਗੱਲ ਸੱਚ ਸਾਬਿਤ ਹੋ ਜਾਵੇਗੀ ਕਿ ਉਧਾਰ ਨਾਲ ਰਿਸ਼ਤੇਦਾਰੀ ਵਿੱਚ ਫ਼ਰਕ ਪੈ ਜਾਂਦਾ ਹੈ।'' ਉਧਰੋਂ ਉਸ ਦੀ ਬੱਸ ਦੇ ਆਉਣ ਦਾ ਸਮਾਂ ਹੋ ਗਿਆ ਸੀ। ਉਹ ਨਮ ਅੱਖਾਂ ਨਾਲ ਸਾਰੀਆਂ ਕੁੜੀਆਂ ਦਾ ਧੰਨਵਾਦ ਕਰਦਿਆਂ ਬਾਏ ਬਾਏ ਕਰਦੀ ਬੱਸ ਚੜ੍ਹ ਗਈ। ਉਨ੍ਹਾਂ ਕੁੜੀਆਂ ਨੂੰ ਸ਼ਾਲੂ ਦਾ ਕੱਦ ਤੇ ਹੌਸਲਾ ਪਹਾੜ ਜਿੱਡਾ ਜਾਪਣ ਲੱਗਾ ਸੀ। ਛੋਟੀ ਜਿਹੀ ਜਿਸ ਨੂੰ ਉਹ ਹਮੇਸ਼ਾਂ ਪਿੱਦੀ ਕਹਿ ਕੇ ਬੁਲਾਉਂਦੀਆਂ ਸਨ, ਅੱਜ ਉਨ੍ਹਾਂ ਦੀ ਮਾਰਗਦਰਸ਼ਕ ਬਣ ਚੁੱਕੀ ਸੀ।

# ਸਿਹਤ ਸੰਸਾਰ

## ਭੋਜਨ 'ਤੇ ਵੀ ਪੈਂਦਾ ਹੈ ਮਨ ਦੇ ਪ੍ਰਦੂਸ਼ਣ ਦਾ ਪ੍ਰਭਾਵ



**ਲੇਖਕ : ਆਨੰਦ ਕੁਮਾਰ ਅਨੰਤ**

ਮਨ ਦਾ ਸਰੀਰ ਦੇ ਨਾਲ ਬੜਾ ਗੂੜ੍ਹਾ ਰਿਸ਼ਤਾ ਹੁੰਦਾ ਹੈ। ਸਿੱਧੇ ਰੂਪ ਵਿਚ ਸਭ ਤਰ੍ਹਾਂ ਦੇ ਕੰਮ ਤਾਂ ਸਾਡੀਆਂ ਇੰਦਰੀਆਂ ਹੀ ਕਰਦੀਆਂ ਹਨ ਪਰ ਅਸਲ ਵਿਚ ਉਨ੍ਹਾਂ ਦਾ ਸੰਚਾਲਨ ਕਰਨ ਵਾਲਾ ਸਾਡਾ ਮਨ ਹੀ ਹੁੰਦਾ ਹੈ। ਇਸ ਲਈ ਮਾਨਸਿਕ ਵਿਚਾਰਾਂ ਦਾ ਪ੍ਰਭਾਵ ਸਰੀਰ 'ਤੇ ਹਮੇਸ਼ਾ ਪੈਂਦਾ ਰਹਿੰਦਾ ਹੈ।

ਸਿਹਤ ਗ੍ਰੰਥਾਂ ਵਿਚ ਕਿਹਾ ਗਿਆ ਹੈ ਕਿ ਮਨੁੱਖ ਜਿਸ ਤਰ੍ਹਾਂ ਦਾ ਭੋਜਨ ਕਰਦਾ ਹੈ, ਉਂਝ ਦਾ ਹੀ ਪ੍ਰਭਾਵ ਉਸ ਦੇ ਮਨ 'ਤੇ ਪੈਂਦਾ ਹੈ। ਇਸੇ ਕਾਰਨ ਇਹ ਕਹਾਵਤ ਕਹੀ ਗਈ ਹੈ ਕਿ ਜਿਸ ਤਰ੍ਹਾਂ ਦਾ ਖਾਓਗੇ ਅੰਨ, ਉਸੇ ਤਰ੍ਹਾਂ ਦਾ ਬਣੇਗਾ ਮਨ।

ਇਸ ਸਿਧਾਂਤ ਦਾ ਇਕ ਦੂਜਾ ਪਹਿਲੂ ਵੀ ਹੁੰਦਾ ਹੈ। ਜਿਸ ਤਰ੍ਹਾਂ ਭੋਜਨ ਦਾ ਪ੍ਰਭਾਵ ਮਨ 'ਤੇ ਪੈਂਦਾ ਹੈ, ਉਸੇ ਤਰ੍ਹਾਂ ਮਨ ਦੇ ਵਿਚਾਰਾਂ ਅਤੇ ਉਸ ਦੀ ਦਸ਼ਾ ਦਾ ਅਸਰ ਭੋਜਨ 'ਤੇ ਵੀ ਪੈਂਦਾ ਹੈ। ਭੋਜਨ ਸਮੇਂ ਜੋ ਸ਼ਾਂਤ ਅਤੇ ਖ਼ੁਸ਼ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਉਸ ਦਾ ਮਤਲਬ ਇਹੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਉਤੇਜਨਾ, ਗੁੱਸਾ ਜਾਂ ਮਾਨਸਿਕ ਹਲਚਲ ਦੀ ਹਾਲਤ ਵਿਚ ਕੀਤਾ ਹੋਇਆ ਭੋਜਨ ਠੀਕ ਤਰ੍ਹਾਂ ਹਜ਼ਮ ਨਹੀਂ ਹੁੰਦਾ ਅਤੇ ਉਸ ਨਾਲ ਸਰੀਰ ਨੂੰ ਸਹੀ ਲਾਭ ਵੀ ਨਹੀਂ ਹੁੰਦਾ।

ਗੁੱਸੇ ਦੀ ਹਾਲਤ ਵਿਚ ਕੀਤਾ ਗਿਆ ਭੋਜਨ ਵੀ ਸਰੀਰ 'ਤੇ ਬਹੁਤ ਜ਼ਿਆਦਾ ਹਾਨੀਕਾਰਕ ਪ੍ਰਭਾਵ ਪਾਉਂਦਾ ਹੈ। ਵਿਗਿਆਨੀਆਂ ਨੇ ਸੋਧ ਕਰਨ ਲਈ ਗੁੱਸੇ ਵਿਚ ਭਰੇ ਹੋਏ ਮਨੁੱਖ ਦੇ ਖ਼ੂਨ ਦੀਆਂ ਕੁਝ ਬੂੰਦਾਂ ਲੈ ਕੇ ਪਿਚਕਾਰੀ ਨਾਲ ਖ਼ਰਗੋਸ਼ ਦੇ ਸਰੀਰ ਵਿਚ ਪਹੁੰਚਾਈਆਂ। ਨਤੀਜਾ ਇਹ ਹੋਇਆ ਕਿ ਬਾਈ ਮਿੰਟ ਬਾਅਦ ਖ਼ਰਗੋਸ਼ ਆਦਮੀਆਂ ਨੂੰ ਵੱਡਣ ਲੱਗਿਆ। ਇਕ ਘੰਟੇ ਬਾਅਦ ਖ਼ੁਦ ਦਾ ਸਿਰ ਜ਼ਮੀਨ 'ਤੇ ਮਾਰ-ਮਾਰ ਕੇ ਮਰ ਗਿਆ।

ਗੁੱਸੇ ਕਾਰਨ ਪੈਦਾ ਹੋਣ ਵਾਲੀ ਜ਼ਹਿਰੀ ਸ਼ੱਕਰ ਖ਼ੂਨ ਨੂੰ ਜ਼ਿਆਦਾ ਅਸ਼ੁੱਧ ਕਰ ਦਿੰਦੀ ਹੈ। ਇਸ ਅਸ਼ੁੱਧਤਾ ਕਾਰਨ ਚਿਹਰਾ ਲਾਲ ਅਤੇ ਸਾਰਾ ਸਰੀਰ ਪੀਲਾ ਪੈ ਜਾਂਦਾ ਹੈ। ਹਾਜ਼ਮਾ ਸ਼ਕਤੀ ਵਿਗੜ ਜਾਂਦੀ ਹੈ, ਨਾੜੀਆਂ ਖਿੱਚੀਆਂ ਜਾਂਦੀਆਂ ਹਨ ਅਤੇ ਗਰਮੀ ਦਾ ਪੱਧਰ ਵੀ ਵਧ ਜਾਂਦਾ ਹੈ। ਗੁੱਸੇ ਵਾਲੀ ਹਾਲਤ ਵਿਚ ਕੀਤਾ ਗਿਆ ਭੋਜਨ ਸਰੀਰ ਲਈ ਨੁਕਸਾਨਦੇਹ ਹੀ ਸਿੱਧ ਹੁੰਦਾ ਹੈ। ਇਸ ਹਾਲਤ ਵਿਚ ਪਾਚਕ ਰਸ ਦੀ ਥਾਂ 'ਤੇ ਜ਼ਹਿਰੀਲੇ ਅਮਲ ਪੈਦਾ ਹੋਣ ਲੱਗਦੇ ਹਨ। ਇਹ ਅਮਲ ਭੋਜਨ ਦੇ ਨਾਲ ਮਿਲ ਕੇ ਸਰੀਰ 'ਚ ਨੁਕਸ ਪੈਦਾ ਕਰ ਦਿੰਦੇ ਹਨ।

ਗੁੱਸੇ ਸਮੇਂ ਇਕ ਗਿਲਾਸ ਠੰਢਾ ਪਾਣੀ ਪੀ ਲੈਣਾ ਆਯੁਰਵੈਦਿਕ ਇਲਾਜ ਹੈ। ਇਸ ਨਾਲ ਦਿਮਾਗ਼ ਅਤੇ ਸਰੀਰ ਦੀ ਵਧੀ ਹੋਈ ਗਰਮੀ ਸ਼ਾਂਤ ਹੋ ਜਾਂਦੀ ਹੈ। ਇਕ ਵਿਧਾਨ ਅਨੁਸਾਰ ਜਿਸ ਥਾਂ 'ਤੇ ਗੁੱਸਾ ਆਵੇ, ਉਥੋਂ ਉੱਠ ਕੇ ਚਲੇ ਜਾਣਾ ਜਾਂ ਕਿਸੇ ਹੋਰ ਕੰਮ ਵਿਚ ਲੱਗ ਜਾਣਾ ਚੰਗਾ ਹੁੰਦਾ ਹੈ। ਇਸ ਨਾਲ ਮਨ ਦੀ ਦਿਸ਼ਾ ਬਦਲ ਜਾਂਦੀ ਹੈ ਅਤੇ ਚਿੱਤ ਦਾ ਝੁਕਾਅ ਦੂਜੇ ਪਾਸੇ ਹੋ ਜਾਂਦਾ ਹੈ। ਕੁਝ ਸਮੇਂ ਬਾਅਦ ਸ਼ਾਂਤ ਮਨ ਦੀ ਹਾਲਤ ਵਿਚ ਭੋਜਨ ਕਰਨਾ ਸਿਹਤ ਲਈ ਲਾਭਕਾਰੀ ਹੁੰਦਾ ਹੈ।

ਲੋਭ ਦੀ ਮਨੋਦਸ਼ਾ ਵਿਚ ਭੋਜਨ ਕਰਨ ਦੇ ਨਤੀਜੇ ਵਜੋਂ ਸਰੀਰ ਵਿਚ ਜਮ੍ਹਾਂ ਕਰਨ ਦੀ ਕਿਰਿਆ ਜ਼ਿਆਦਾ ਅਤੇ ਤਿਆਗਣ ਦੀ ਘੱਟ ਹੋਣ ਲੱਗਦੀ ਹੈ। ਪੇਟ 'ਤੇ ਇਸ ਦਾ ਅਸਰ ਤੁਰੰਤ ਪੈਂਦਾ ਹੈ। ਦਸਤ ਸਾਫ਼ ਹੋਣ ਵਿਚ ਰੁਕਾਵਟ ਪੈਣ ਲੱਗਦੀ ਹੈ। ਪੇਟ ਭਰਿਆ-ਭਰਿਆ ਜਿਹਾ ਲੱਗਦਾ ਰਹਿੰਦਾ ਹੈ। ਪਖਾਨੇ ਸਮੇਂ ਅੰਤੜੀਆਂ ਦੀਆਂ ਮਾਸਪੇਸ਼ੀਆਂ ਆਪਣੇ ਸੰਚਾਲਕ ਭਾਵ ਸੁਸਤ ਮਨ ਨਾਲ ਆਦੇਸ਼ ਦਾ ਪਾਲਣ ਕਰਦੀਆਂ ਹਨ। ਇਸ ਹਾਲਤ ਵਿਚ ਮਾਸ-ਪੇਸ਼ੀਆਂ ਤਿਆਗ ਵਿਚ ਵੱਡੀ ਕੰਜੂਸੀ ਕਰਦੀਆਂ ਹਨ। ਨਤੀਜੇ ਵਜੋਂ ਜੋ ਮੱਲ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ, ਉਹੀ ਨਿਕਲਦਾ ਹੈ, ਬਾਕੀ ਪੇਟ ਵਿਚ ਜਿਓਂ ਦਾ ਤਿਓਂ ਪਿਆ ਰਹਿੰਦਾ ਹੈ ਅਤੇ ਗਲ ਸੜ ਕੇ ਜ਼ਹਿਰ ਪੈਦਾ ਕਰਦਾ ਹੈ। ਪੇਟ ਦਾ ਜ਼ਹਿਰ ਖ਼ੂਨ ਵਿਚ ਸ਼ਾਮਿਲ ਹੋ ਕੇ ਰੋਗਾਂ ਦਾ ਘਰ ਬਣ ਜਾਂਦਾ ਹੈ। ਦਿਲ ਦੀ ਜ਼ਿਆਦਾ ਧੜਕਨ, ਸਿਰ ਦਾ ਦਰਦ, ਨੀਂਦ ਦੀ ਕਮੀ ਅਤੇ ਗਠੀਆ ਰੋਗ, ਅਕਸਰ ਇਸੇ ਤਰ੍ਹਾਂ ਦੇ ਦੂਸ਼ਿਤ ਦੋਸ਼ਾਂ ਨਾਲ ਹੁੰਦੇ ਹਨ।

ਡਰ ਦਾ ਪ੍ਰਭਾਵ ਵੀ ਸਰੀਰ 'ਤੇ ਬਹੁਤ ਜ਼ਿਆਦਾ ਅਸਰ ਪਾਉਂਦਾ ਹੈ। ਮਨੁੱਖ ਦਾ ਸਰੀਰ ਸਭ ਤੋਂ ਜ਼ਿਆਦਾ ਤਾਕਤਵਰ ਅਤੇ ਸ਼ਕਤੀਸ਼ਾਲੀ ਹੁੰਦਾ ਹੈ। ਉਸ ਵਿਚ ਜੇਕਰ ਡਰ ਦੀਆਂ ਭਾਵਨਾਵਾਂ ਦਾਖ਼ਲ ਹੋ ਜਾਣ ਤਾਂ ਸਰੀਰ ਨੂੰ ਨਸ਼ਟ ਹੋਣ ਵਿਚ ਦੇਰ ਨਹੀਂ ਲਗਦੀ। ਡਰ ਦੀ ਸਥਿਤੀ ਵਿਚ ਸਾਡੇ ਸਰੀਰ ਦੇ ਅੰਦਰ ਦੀਆਂ ਕਿਰਿਆਵਾਂ ਵਿਚ ਰੁਕਾਵਟ ਪੈਦਾ ਹੋ ਜਾਂਦੀ ਹੈ। ਇੰਦਰੀਆਂ ਦਾ ਕੰਮ ਰੁਕ ਜਿਹਾ ਜਾਂਦਾ ਹੈ। ਇਹ ਖ਼ੂਨ ਨਾੜੀਆਂ ਦੇ ਪ੍ਰਵਾਹ, ਬੀਜ ਕੋਸ਼ਾਂ ਦੇ ਕੰਮ ਅਤੇ ਪੇਟ ਦੀਆਂ ਕਿਰਿਆਵਾਂ ਵਿਚ ਆਪਣਾ ਪ੍ਰਭਾਵ ਪਾਉਂਦਾ ਹੈ। ਇਸ ਨਾਲ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਉਹ ਤੇਜ਼ੀ ਨਾਲ ਧੜਕਣ ਲੱਗਦਾ ਹੈ, ਖ਼ੂਨ ਦਾ ਦਬਾਅ ਵਧ ਜਾਂਦਾ ਹੈ, ਹਾਜ਼ਮਾ ਕਿਰਿਆ ਰੁਕ ਜਾਂਦੀ ਹੈ ਅਤੇ ਮਾਸਪੇਸ਼ੀਆਂ ਵਿਚੋਂ ਸ਼ੱਕਰ ਨਿਕਲਣ ਲੱਗਦੀ ਹੈ।

ਡਰ ਦੀ ਹਾਲਤ ਵਿਚ ਕੀਤਾ ਗਿਆ ਭੋਜਨ ਸਰੀਰ ਅਤੇ ਮਨ ਨੂੰ ਕਮਜ਼ੋਰ ਅਤੇ ਰੋਗਾਂ ਦਾ ਸ਼ਿਕਾਰ ਬਣਾਉਂਦਾ ਹੈ। ਆਮ ਤੌਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਮਾਵਾਂ ਬੱਚਿਆਂ ਨੂੰ ਭੋਜਨ ਖਿਲਾਉਣ ਲਈ ਭੋਜਨ ਖੋਹੇ ਜਾਣ ਆਦਿ ਦਾ ਡਰ ਦਿਖਾਉਂਦੀਆਂ ਹਨ। ਬੱਚਿਆਂ ਨੂੰ ਭੋਜਨ ਕਰਾਉਣ ਦਾ ਇਹ ਢੰਗ ਨਿਸਚਿਤ ਤੌਰ 'ਤੇ ਬਦਿਲਆ ਜਾਣਾ ਚਾਹੀਦਾ ਹੈ।

ਇਸ ਤਰ੍ਹਾਂ ਦੀ ਦਿਮਾਗੀ ਹਾਲਤ ਨਾਲ ਚੰਗੇ ਪਦਾਰਥਾਂ ਦਾ ਵੀ ਬੁਰਾ ਪ੍ਰਭਾਵ ਪੈ ਸਕਦਾ ਹੈ। ਜੋ ਵਿਅਕਤੀ ਹਰ ਇਕ ਪਦਾਰਥ ਵਿਚ ਬੁਰਾਈ ਦੇਖਦਾ ਹੈ, ਉਸ ਨੂੰ ਉਸ ਦਾ ਨਤੀਜਾ ਉਸੇ ਹੀ ਤਰ੍ਹਾਂ ਦਾ ਮਿਲਦਾ ਹੈ। ਇਸ ਲਈ ਆਪਣੀ ਸਥਿਤੀ ਜਾਂ ਸਮੇਂ ਅਨੁਸਾਰ ਜੋ ਵੀ ਸਧਾਰਨ ਭੋਜਨ ਮਿਲ ਸਕੇ, ਉਸੇ ਤਰ੍ਹਾਂ ਖ਼ੁਸ਼ੀ ਸਰੀਰ ਅਤੇ ਮਨ ਲਈ ਕਲਿਆਣਕਾਰੀ ਸਮਝ ਕੇ ਛਕ ਲੈਣਾ ਚਾਹੀਦਾ ਹੈ।

ਭੋਜਨ ਕਰਦੇ ਸਮੇਂ ਕਿਸੇ ਵਿਸ਼ੇ 'ਤੇ ਗੰਭੀਰ ਰੂਪ ਵਿਚ ਵਿਚਾਰ ਕਰਨ ਜਾਂ ਕਿਸੇ ਮਹੱਤਵਪੂਰਨ ਸਮੱਸਿਆ 'ਤੇ ਦਿਮਾਗ਼ ਦੌੜਾਉਣ ਨਾਲ ਸਰੀਰ ਦਾ ਖ਼ੂਨ ਦਿਮਾਗ਼ ਵੱਲ ਜ਼ਿਆਦਾ ਜਾਣ ਲਗਦਾ ਹੈ ਅਤੇ ਹਾਜ਼ਮਾ ਤੰਤਰ ਵਿਚ ਉਸ ਦੀ ਕਮੀ ਹੋਣ ਨਾਲ ਕਮਜ਼ੋਰੀ ਆ ਜਾਂਦੀ ਹੈ। ਇਸ ਨਾਲ ਹਾਜ਼ਮਾ ਕਿਰਿਆ ਵਿਚ ਰੁਕਾਵਟ ਪੈਣ ਲਗਦੀ ਹੈ ਅਤੇ ਭੋਜਨ ਦੇਰ ਨਾਲ ਜਾਂ ਅਧੂਰਾ ਹਜ਼ਮ ਹੁੰਦਾ ਹੈ। ਇਸੇ ਕਾਰਨ ਭੋਜਨ ਏਕਾਂਤ ਵਿਚ ਅਤੇ ਇਕਾਗਰਚਿਤ ਹੋ ਕੇ ਕਰਨ ਦਾ ਆਦੇਸ਼ ਸਿਹਤਮੰਦ ਗ੍ਰੰਥਾਂ ਵਿਚ ਕੀਤਾ ਗਿਆ ਹੈ।

# ਸ਼ਰਾਬ ਪੀਣਾ ਬੁਰੀ ਆਦਤ ਨਹੀਂ ਦਿਮਾਗ਼ ਦੀ ਬਿਮਾਰੀ ਹੈ

**ਲੇਖਕ : ਡਾ. ਜਗਦੀਪ ਪਾਲ ਸਿੰਘ ਭਾਟੀਆ**
**ਸੰਪਰਕ : 98140-70700**

ਮੈਂ ਆਪਣੇ ਨਸ਼ਿਆਂ ਦੇ ਇਲਾਜ ਦੇ ਤੀਹਾਂ ਸਾਲਾਂ ਦੇ ਤਜਰਬੇ ਵਿਚ ਦੇਖਿਆ ਹੈ ਕਿ ਜਿਹੜੇ ਘਰ ਵਾਲੇ ਸ਼ਰਾਬ ਪੀਣ ਨੂੰ ਬੁਰੀ ਆਦਤ/ਐਬ ਸਮਝਦੇ ਹਨ ਤੇ ਮਰੀਜ਼ ਦੀ ਇਸ ਆਦਤ ਨੂੰ ਸੁਧਾਰਨ ਲਈ ਅਨੇਕਾਂ ਕੋਸ਼ਿਸ਼ਾਂ ਕਰਦੇ ਹਨ ਉਹ ਕਦੇ ਵੀ ਮਰੀਜ਼ ਦੀ ਸ਼ਰਾਬ ਨਹੀਂ ਛੁਡਾ ਸਕਦੇ ਤੇ ਮਰੀਜ਼ ਨੂੰ ਸਦਾ ਲਈ ਹੱਥੋਂ ਗਵਾ ਲੈਂਦੇ ਹਨ। ਜਿਹੜੇ ਘਰਵਾਲੇ ਇਹ ਸਮਝ ਜਾਂਦੇ ਹਨ ਕਿ ਇਹ ਦਿਮਾਗ਼ ਦੀ ਬਿਮਾਰੀ ਤੇ ਦਿਮਾਗ ਦਾ ਸਾਇੰਟਿਫਿਕ ਇਲਾਜ ਕਰਵਾਉਂਦੇ ਹਨ ਉਹ ਮਰੀਜ਼ ਦੀ ਸ਼ਰਾਬ ਛੁਡਾਉਣ ਵਿਚ ਸਫਲ ਹੋ ਜਾਂਦੇ ਹਨ।

ਮੈਂ ਅੱਜ ਘਰ ਵਾਲਿਆਂ ਨੂੰ ਦਿਮਾਗ ਦੀ ਤਸਵੀਰ ਤੋਂ ਸਮਝਾ ਰਿਹਾ ਹਾਂ ਕਿ ਸ਼ਰਾਬ ਪੀਣਾ ਦਿਮਾਗ਼ ਦੀ ਬਿਮਾਰੀ ਕਿਵੇਂ ਹੈ। ਜਿਹੜੇ ਘਰ ਵਾਲੇ ਇਸ ਨੂੰ ਸਮਝ ਕੇ ਇਲਾਜ ਕਰਵਾਉਣਗੇ ਮੈਂ ਉਹਨਾਂ ਨੂੰ ਭਰੋਸਾ ਦਿੰਦਾ ਹਾਂ ਕਿ ਉਹ ਇਲਾਜ ਤੋਂ ਬਾਅਦ ਆਪਣੇ ਮਰੀਜ਼ ਨੂੰ ਪਹਿਲਾਂ ਨਾਲੋਂ ਵਧੀਆ ਇਨਸਾਨ ਬਣਿਆ ਜ਼ਰੂਰ ਦੇਖਣਗੇ। ਮੈਂ ਆਪਣੇ ਅਨੇਕਾਂ ਮਰੀਜ਼ਾਂ ਨੂੰ ਪਹਿਲਾਂ ਨਾਲੋਂ ਵਧੀਆ ਇਨਸਾਨ ਬਣਿਆ ਦੇਖਿਆ ਹੈ।



ਮਰੀਜ਼ ਇਲਾਜ ਲਈ ਕਿਉਂ ਨਹੀਂ ਮੰਨਦਾ? ਤਸਵੀਰ ਵਿਚ ਦਿਮਾਗ਼ ਦਾ ਫਿੱਕੇ ਨੀਲੇ ਰੰਗ ਦਾ ਪ੍ਰੀਫਰੰਟਲ ਕੌਰਟੈਕਸ ਸਮਝਣ ਸ਼ਕਤੀ ਵਾਲਾ ਹੈ। ਸ਼ਰਾਬ ਨਾਲ ਇਸ ਹਿੱਸੇ ਵਿਚ ਵਿਗਾੜ ਕਾਰਨ ਮਰੀਜ਼ ਘਰ ਵਾਲਿਆਂ ਦੀ ਗੱਲ ਨਹੀਂ ਸਮਝਦਾ। ਘਰ ਵਾਲੇ ਉਸ ਦੀ ਸ਼ਰਾਬ ਛੁਡਾਉਣ ਜਾਂ ਇਲਾਜ ਲਈ ਮਨਾਉਣ ਦੀਆਂ ਬੇਹੱਦ ਕੋਸ਼ਿਸ਼ਾਂ ਕਰਦੇ ਹਨ ਪਰ ਉਹ ਨਹੀਂ ਮੰਨਦਾ।

ਮਰੀਜ਼ ਸ਼ਰਾਬ ਕਿਉਂ ਨਹੀਂ ਛੱਡਦਾ? ਤਸਵੀਰ ਵਿਚ ਦਿਮਾਗ਼ ਦਾ ਗੂੜੇ ਨੀਲੇ ਰੰਗ ਦਾ ਹਿਪੋਕੈਂਪਸ ਹਿੱਸਾ ਸੋਚਾਂ ਵਾਲਾ ਹੈ। ਸ਼ਰਾਬ ਨਾਲ ਮਰੀਜ਼ ਦੇ ਦਿਮਾਗ਼ ਦੇ ਇਸ ਹਿੱਸੇ ਵਿਚ ਵਿਗਾੜ ਕਾਰਨ ਸ਼ਰਾਬ ਪੀਣ ਦੀ ਸੋਚ ਪੱਕੇ ਤੌਰ 'ਤੇ ਬੈਠ ਜਾਂਦੀ ਹੈ। ਕਈ ਵਾਰ ਨੁਕਸਾਨ ਹੋਣ ਕਾਰਨ ਮਰੀਜ਼ ਤੌਬਾ ਕਰਦਾ ਹੈ ਕਿ ਬਸ ਹੁਣ ਨਹੀਂ ਪੀਣੀ। ਪਰ ਜਦ ਸ਼ਰਾਬ ਦੀ ਸੋਚ ਉਸਨੂੰ ਤੰਗ ਕਰਦੀ ਹੈ ਤਾਂ ਉਹ ਸ਼ਰਾਬ ਨਹੀਂ ਛੱਡ ਸਕਦਾ।

ਮਰੀਜ਼ ਬੇਚੈਨ ਕਿਉਂ ਰਹਿੰਦਾ ਹੈ? ਲਗਾਤਾਰ ਸ਼ਰਾਬ ਪੀਣ ਨਾਲ ਮਰੀਜ਼ ਦੇ ਅੰਦਰ ਤੇਜ਼ਾਬ (ਐਸਟਿਕ ਐਸਿਡ) ਬਣਨ ਨਾਲ ਜਦ ਉਸਦਾ ਲਿਵਰ ਤੇ ਹੋਰ ਸਰੀਰਕ ਹਿੱਸੇ ਨੁਕਸਾਨੇ ਜਾਂਦੇ ਹਨ ਤਾਂ ਮਰੀਜ਼ ਨੂੰ ਸ਼ਰਾਬ ਨਹੀਂ ਪਚਦੀ ਨਾ ਮਜ਼ਾ ਆਉਂਦਾ ਹੈ ਨਾ ਹੀ ਉਹ ਪੀਣਾ ਚਾਹੁੰਦਾ ਹੈ ਪਰ ਜਦ ਅਮੈਗਡੇਲਾ (ਤਸਵੀਰ ਵਿਚ ਸੰਤਰੀ ਰੰਗ ਦਾ ਹਿੱਸਾ) ਜਿਸ ਨੂੰ ਅਸੀਂ ਸ਼ਰਾਬ ਦਾ ਘਰ ਕਹਿੰਦੇ ਹਾਂ ਮਰੀਜ਼ ਅੰਦਰ ਬੇਚੈਨੀ ਪੈਦਾ ਕਰਦਾ ਹੈ। ਹੁਣ ਮਰੀਜ਼ ਮਜ਼ੇ ਲਈ ਨਹੀਂ ਬੇਚੈਨੀ ਦੂਰ ਕਰਨ ਲਈ ਪੀਂਦਾ ਹੈ। ਜਦ ਬੇਚੈਨੀ ਦੂਰ ਨਹੀਂ ਹੁੰਦੀ ਤਾਂ ਉਹ ਸ਼ਰਾਬ ਦੀ ਮਿਕਦਾਰ ਵਧਾਈ ਜਾਂਦਾ ਹੈ। ਉਹ ਸੋਚਦਾ ਹੈ ਸ਼ਾਇਦ ਵੱਧ ਮਿਕਦਾਰ ਨਾਲ ਬੇਚੈਨੀ ਦੂਰ ਹੋ ਜਾਵੇਗੀ ਪਰ ਨਹੀਂ। ਬੇਚੈਨੀ ਵਿਚ ਤੁਸੀਂ ਦੇਖਦੇ ਹੋਵੋਗੇ।

1. ਮਰੀਜ਼ ਟਿਕ ਕੇ ਨਹੀ ਬੈਠਦਾ
2. ਘਬਰਾਹਟ ਹੁੰਦੀ ਹੈ, ਲੱਗਦਾ ਜਾਨ ਨਿਕਲ ਚੱਲੀ ਹੈ
3. ਦਿਲ ਦੀ ਧੜਕਣ ਵਧ ਜਾਂਦੀ ਹੈ
4. ਭੁਲੇਖੇ ਪੈਂਦੇ ਹਨ
5. ਸਰੀਰ ਕੰਬਦਾ ਹੈ
6. ਜ਼ੁਬਾਨ ਲੜਖੜਾਉਂਦੀ ਹੈ
7. ਜੀਅ ਖਰਾਬ/ਉਲਟੀ ਆਉਂਦੀ ਹੈ
8. ਕੁਝ ਯਾਦ ਨਹੀਂ ਰਹਿੰਦਾ
9. ਇਕੱਲਾ, ਉਦਾਸ ਤੇ ਚਿੜਚੜਾ ਹੋ ਜਾਂਦਾ ਹੈ
10. ਨੀਂਦ ਨਹੀਂ ਆਉਂਦੀ ਭੁੱਖ ਨਹੀਂ ਲੱਗਦੀ।

ਸ਼ਰਾਬ ਦਾ ਸਾਇੰਟਿਫਿਕ ਇਲਾਜ: ਅਸੀਂ ਮਰੀਜ਼ ਦੇ ਸਰੀਰ ਤੇ ਦਿਮਾਗ਼ ਨੂੰ ਨਸ਼ੇ ਤੋਂ ਰਹਿਤ (ਡੀਟੌਕਸ) ਕਰ ਲੈਂਦੇ ਹਾਂ। ਬਾਅਦ ਵਿਚ ਵਿਸ਼ੇਸ਼ ਦਵਾਈਆਂ ਤੇ ਵਿਸ਼ੇਸ਼ ਥੈਰੇਪੀਜ਼ ਰਾਹੀਂ ਦਿਮਾਗ ਦੇ ਤਿੰਨਾਂ ਹਿੱਸਿਆਂ ਪ੍ਰੀਫੰਟਲ ਕੌਰਟੈਕਸ (ਸਮਝ ਸ਼ਕਤੀ ਵਾਲਾ ਹਿੱਸਾ) ਹਿਪੋਕੈਂਪਸ (ਸ਼ਰਾਬ ਪੀਣ ਲਈ ਤੰਗ ਕਰਨ ਵਾਲੀਆਂ ਸੋਚਾਂ ਵਾਲਾ ਹਿੱਸਾ) ਅਮੈਗਡੇਲਾ (ਸ਼ਰਾਬ ਦਾ ਘਰ ਤੇ ਬੇਚੈਨੀ ਵਾਲਾ ਹਿੱਸਾ) ਤੇ ਦਿਮਾਗ਼ ਦੇ ਸੈੱਲਾਂ ਦੀ ਟੁੱਟ-ਭੱਜ ਦਾ ਇਲਾਜ ਕਰਦੇ ਹਾਂ। ਜਦ ਦਿਮਾਗ਼ ਦੇ ਇਹ ਹਿੱਸੇ ਠੀਕ ਹੋ ਜਾਂਦੇ ਹਨ ਤਾਂ ਮਰੀਜ਼ ਸ਼ਰਾਬ ਛੱਡ ਜਾਂਦਾ ਹੈ। ਇਹਨਾਂ ਹਿੱਸਿਆਂ ਦੀ ਕਾਰਗੁਜ਼ਾਰੀ ਨੂੰ ਠੀਕ-ਠਾਕ ਰੱਖਣ ਲਈ ਬਾਅਦ ਵਿਚ ਵਿਸ਼ੇਸ਼ ਟੀਕਾ ਲਗਾ ਦਿੰਦੇ ਹਾਂ ਜਿਸ ਨਾਲ ਮਰੀਜ਼ ਨੂੰ ਸ਼ਰਾਬ ਲੈਣ ਦੀ ਤਾਂਘ ਨਹੀਂ ਉਪਜਦੀ।

# ਕੰਪਿਊਟਰ ਦੀ ਵਰਤੋਂ ਕਰਨ ਵਾਲੇ ਸਿਹਤ ਲਈ ਇਹ ਅਪਣਾਉਣ ਨੁਕਤੇ

**ਲੇਖਕ : ਨੀਤੂ ਗੁਪਤਾ**

ਕੰਪਿਊਟਰ ਯੁੱਗ ਵਿਚ ਕੰਪਿਊਟਰ ਦੀ ਵਰਤੋਂ ਨਾ ਹੋਵੇ, ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੰਪਿਊਟਰ ਤਾਂ ਅੱਜ ਦੀ ਵਿਸ਼ੇਸ਼ ਜ਼ਰੂਰਤ ਹੈ। ਇਸ ਦੇ ਬੁਰੇ ਨਤੀਜਿਆਂ ਤੋਂ ਅਸੀਂ ਨਹੀਂ ਬਚ ਸਕਦੇ ਕਿਉਂਕਿ ਇਸ ਦੀ ਵਰਤੋਂ ਅਸੀਂ ਲਗਾਤਾਰ ਕਰਦੇ ਰਹਿੰਦੇ ਹਾਂ। ਫਿਰ ਵੀ ਕੁਝ ਬਚਾਅ ਲਈ ਨੁਕਤੇ ਹਨ ਜਿਨ੍ਹਾਂ ਦੀ ਆਪਣੇ ਜੀਵਨ ਵਿਚ ਵਰਤੋਂ ਕਰ ਕੇ ਅਸੀਂ ਉਨ੍ਹਾਂ ਦੇ ਬੁਰੇ ਪ੍ਰਭਾਵਾਂ ਨੂੰ ਘੱਟ ਕਰ ਸਕਦੇ ਹਾਂ।




* ਲੰਮੇ ਸਮੇਂ ਤੱਕ ਕੰਪਿਊਟਰ 'ਤੇ ਕੰਮ ਕਰਨ ਵਾਲੇ ਜ਼ਿਆਦਾਤਰ ਮੁਲਾਜ਼ਮ ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠਦੇ ਹਨ। ਇਸ ਨਾਲ ਸਾਡੇ ਸਰੀਰ ਦੀ ਨਮੀ ਘੱਟ ਹੁੰਦੀ ਹੈ। ਉਸ ਨਮੀ ਨੂੰ ਬਚਾ ਕੇ ਰੱਖਣ ਲਈ ਦਿਨ ਵਿਚ ਘੱਟ ਤੋਂ ਘੱਟ 8 ਤੋਂ 10 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਚਾਹ, ਕੌਫ਼ੀ, ਸਾਫ਼ਟ ਡ੍ਰਿੰਕ ਪਾਣੀ ਦੀ ਕਮੀ ਨੂੰ ਪੂਰਾ ਨਹੀਂ ਕਰਦੇ ਸਗੋਂ ਕਿਡਨੀ ਨੂੰ ਇਨ੍ਹਾਂ ਨੂੰ ਹਜ਼ਮ ਕਰਨ ਲਈ ਵਾਧੂ ਮਿਹਨਤ ਕਰਨੀ ਪੈਂਦੀ ਹੈ।
* ਜ਼ਿਆਦਾ ਲੰਮੇ ਸਮੇਂ ਤੱਕ ਮਾਨੀਟਰ ਸਾਹਮਣੇ ਨਾ ਬੈਠੋ। ਇਸ ਨਾਲ ਅੱਖਾਂ ਨੂੰ ਥਕਾਨ ਹੁੰਦੀ ਹੈ। ਲਮਕਾਈਆਂ ਲੱਤਾਂ ਵਿਚ ਵੀ ਦਰਦ ਹੁੰਦਾ ਹੈ। ਲਗਾਤਾਰ ਬੈਠੇ ਰਹਿਣ ਨਾਲ ਲੱਕ ਦਰਦ ਹੁੰਦਾ ਹੈ। ਇਸ ਤੋਂ ਬਚਣ ਲਈ ਹਰ 30 ਤੋਂ 40 ਮਿੰਟ ਬਾਅਦ ਉੱਠ ਜਾਵੋ ਅਤੇ ਆਲੇ-ਦੁਆਲੇ ਇਕ ਚੱਕਰ ਲਗਾਓ ਤਾਂ ਕਿ ਅੱਖਾਂ, ਲੱਕ ਅਤੇ ਲੱਤਾਂ ਨੂੰ ਅਰਾਮ ਮਿਲ ਸਕੇ।
* ਜੇਕਰ ਖਿੜਕੀ ਤੋਂ ਹਰਿਆਲੀ ਜਾਂ ਪਾਣੀ ਦਿਖਾਈ ਦਿੰਦਾ ਹੋਵੇ ਤਾਂ ਆਪਣਾ ਧਿਆਨ ਉਧਰ ਲਗਾਓ ਅਤੇ ਕੁਦਰਤ ਦਾ ਅਨੰਦ ਲਓ। ਅੱਖਾਂ ਨੂੰ ਚੰਗਾ ਲੱਗੇਗਾ।
* ਕੰਪ੍ਰਿਟਰ 'ਤੇ ਕੰਮ ਕਰਦੇ ਸਮੇਂ ਅੱਖਾਂ ਨੂੰ ਝਪਕਾਉਂਦੇ ਰਹੋ ਤਾਂ ਕਿ ਲਗਾਤਾਰ ਕੰਮ ਨਾਲ ਅੱਖਾਂ ਵਿਚ ਥਕਾਵਟ ਨਾ ਹੋਵੇ।
* ਆਪਣੀਆਂ ਹਥੇਲੀਆਂ ਭਾਵ ਤਲੀਆਂ ਨਾਲ ਕੱਪ ਬਣਾਓ ਅਤੇ ਆਪਣੀਆਂ ਅੱਖਾਂ ਨੂੰ ਉਨ੍ਹਾਂ ਕੱਪਾਂ ਨਾਲ ਢੱਕ ਲਓ। 20 ਤੋਂ 25 ਵਾਰ ਅੱਖਾਂ ਨੂੰ ਖੋਲ੍ਹੋ ਅਤੇ ਬੰਦ ਕਰੋ ਇਸ ਨਾਲ ਤੁਹਾਡੀਆਂ ਅੱਖਾਂ ਅਰਾਮ ਮਿਲੇਗਾ।
* ਜਦੋਂ ਵੀ ਤੁਹਾਨੂੰ ਅੱਖਾਂ ਵਿਚ ਥਕਾਵਟ ਲੱਗੇ ਜਾਂ ਸਵੇਰੇ ਉੱਠਦੇ ਸਮੇਂ ਆਪਣੀਆਂ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੋ। ਏਨੀ ਸੌਖੀ ਕਿਰਿਆ ਨਾਲ ਤੁਹਾਡੀਆਂ ਅੱਖਾਂ ਦੀ ਜਲਣ, ਲਾਲੀ ਅਤੇ ਐਲਰਜੀ ਠੀਕ ਹੋ ਜਾਵੇਗੀ।
* ਜੇਕਰ ਤੁਸੀਂ ਐਨਕ ਦੀ ਵਰਤੋਂ ਕਰਦੇ ਹੋ ਤਾਂ ਘੱਟ ਤੋਂ ਘੱਟ ਦਿਨ ਵਿਚ ਇਕ ਵਾਰ ਐਨਕ ਨੂੰ ਜ਼ਰੂਰ ਧੋਵੋ ਤਾਂ ਕਿ ਉਸ 'ਤੇ ਜੰਮੀ ਮਿੱਟੀ ਜਾਂ ਧੂੜ ਦੇ ਕਣ ਤੁਹਾਡੀ ਨਜ਼ਰ ਨੂੰ ਪ੍ਰਭਾਵਿਤ ਨਾ ਕਰਨ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਮੌਕੇ ਦੀਆਂ ਗੱਪਾਂ



ਜਿਸ ਦਿਨ ਸੌਦਾ ਸਾਧ ਨੂੰ ਬਲਾਤਕਾਰ ਦੇ ਦੋਸ਼ ਤਾਹਿਤ ਅਦਾਲਤ ਨੇ ਦੋਸ਼ੀ ਮੰਨ ਕੇ ਜੇਲ੍ਹ ਭੇਜ ਦਿੱਤਾ, ਉਸ ਦਿਨ ਤੋਂ ਹੀ ਮੌਕੇ ਦੀਆਂ ਗੱਪ ਖ਼ਬਰਾਂ ਦਾ ਬਜ਼ਾਰ ਧੁੱਖਦਾ ਧੁੱਖਦਾ ਭਾਂਬੜ ਦੇ ਰੂਪ ਵਿੱਚ ਬਦਲ ਗਿਆ। ਰਾਮ ਰਹੀਮ ਸੌਦੇ ਸਾਧ ਦੇ ਜੇਲ੍ਹ ਪਹੁੰਚਦਿਆਂ ਹੀ ਮੌਕੇ ਦੀਆਂ ਗੱਪਾਂ ਪਿੰਡ 'ਚ ਲੱਗੇ ਲਾਊਡ ਸਪੀਕਰ ਵਾਂਗ ਸੁਣਾਈ ਦੇਣ ਲੱਗ ਪਈਆਂ। ਜਿੰਨੇ ਮੂੰਹ ਓਨੀਆਂ ਹੀ ਗੱਲਾਂ। ਕੋਈ ਕਹਿੰਦਾ 'ਸਾਧ ਦੇ ਘੋਚਰੇ ਕੱਢ 'ਤੇ। ਕੋਈ ਕਹਿੰਦਾ ਮੱਕੂ ਬੰਨ੍ਹ 'ਤਾ। ਕੋਈ ਕਹੀ ਜਾਂਦੈ ਪੂਜ 'ਤਾ ਹਰਦੁਆਰੀ ਸੰਖ ਆਂਗੂੰ। ਕੋਈ ਕੁਸ ਤੇ ਕੋਈ ਕੁਸ। ਜਿਵੇਂ ਕਹਿੰਦੇ ਹੁੰਦੇ ਹਨ ਕਿ 'ਫਲਾਨੇ ਨੂੰ ਕੁੱਟਿਆ ਘੱਟ ਤੇ ਘੜੀਸਿਆ ਬਾਹਲਾ'। ਉਸ ਗੱਲ ਵਾਂਗ ਸੌਦੇ ਸਾਧ ਪ੍ਰਤੀ ਗੱਲਾਂ ਘੱਟ ਤੇ ਅੰਧ ਵਿਸ਼ਵਾਸ ਦੇ ਗੱਪ ਬਹੁਤੇ। ਗੱਪਾਂ ਦੇ ਚੁੱਟਲਕਿਆਂ ਦਾ ਨਾ ਤਾਂ ਅਜੇ ਤੱਕ ਕੁਝ ਬਣਿਐ ਤੇ ਨਾ ਹੀ ਕਦੇ ਕੁਝ ਨਿੱਬੜਿਆ। ਵੱਸ! ਐਵੇਂ ਜਾਭਾਂ ਦੇ ਭੇੜ। ਕੋਈ ਤਾਂ ਕਿਸੇ ਗੱਲ ਦੀ ਬਾਂਹ ਫੜ ਕੇ ਖਿੱਚੀ ਫਿਰਦੈ, ਕੋਈ ਲੱਤ ਫੜ ਕੇ ਘਟੀਸ ਰਿਹੈ। ਕਿਸੇ ਨੇ ਗੱਲ ਦਾ ਮੂੰਹ ਸਿਰ ਹੀ ਵਿਗਾੜ ਦਿੱਤਾ। ਜਿਵੇਂ ਕਿਸੇ ਨੂੰ ਕੁਝ ਸੁੱਝਦਾ ਅਗਲਾ ਓਵੇਂ ਕਹੀ ਜਾਂਦੈ।

ਸਕੂਲੋਂ ਛੁੱਟੀ ਕਰਕੇ ਸੱਥ ਕੋਲ ਦੀ ਲੰਘੇ ਜਾਂਦੇ ਨਵੇਂ ਮਾਸਟਰ ਬਣੇ ਗਿਆਨੀ ਜੱਸਾ ਸਿਉਂ ਦੇ ਮੁੰਡੇ ਜਗਪਾਲ ਨੂੰ ਪਿੰਡ ਦੀ ਸੱਥ 'ਚ ਬੈਠੇ ਬਾਬੇ ਪਾਖਰ ਸਿਉਂ ਨੇ ਬਜ਼ੁਰਗ ਅਵਸਥਾ 'ਚੋਂ ਆਵਾਜ਼ ਮਾਰੀ, "ਪਾਲ! ਪੁੱਤ ਗੱਲ ਸੁਣ ਕੇ ਜਾਈਂ ਓਏ।"

ਬਾਬੇ ਪਾਖਰ ਸਿਉਂ ਦੀ ਆਵਾਜ਼ ਸੁਣਦੇ ਸਾਰ ਹੀ ਜਗਪਾਲ ਮਾਸਟਰ ਇੱਕ ਦਮ ਕੂਹਣੀ ਮੋੜ ਮੁੜ ਕੇ ਬਾਬੇ ਦੇ ਕੋਲ ਇਉਂ ਆ ਬੈਠਾ ਜਿਮੇਂ ਵਤੇਵਿਆਂ ਵਾਲੀ ਬੋਰੀ ਖੂੰਜੇ ਲਾ ਦਿੱਤੀ ਹੋਵੇ। ਸੱਥ ਵਾਲੇ ਥੜ੍ਹੇ 'ਤੇ ਬੈਠਦਿਆਂ ਹੀ ਜਗਪਾਲ ਬੋਲਿਆ, "ਹਾਂ ਬਾਬਾ ਜੀ।"

ਬਾਬਾ ਕਹਿੰਦਾ, "ਯਾਰ ਤੂੰ ਤਾਂ ਮਾਹਟਰ ਲੱਗਿਆਂ ਵਿਐਂ, ਤੈਨੂੰ ਤਾਂ ਖ਼ਬਰਾਂ ਖ਼ੁਬਰਾਂ ਮਿਲਦੀਆਂ ਹੋਣਗੀਆਂ, ਆਹ ਸੌਦੇ ਸਾਧ ਆਲੀ ਗੱਲ ਹੁਣ ਕਿੱਥੋਂ ਕੁ ਤੱਕ ਅੱਪੜੀ ਐ। ਸੁਣਿਐਂ ਉਹ ਜੇਲ੍ਹ 'ਚੋਂ ਕਹਿੰਦੇ ਚਿੜੀ ਬਣ ਕੇ ਨਿੱਕਲ ਗਿਆ, ਸੱਚੀ ਗੱਲ ਐ?"

ਬਾਬੇ ਦੀ ਗੱਲ ਸੁਣ ਕੇ ਮਾਸਟਰ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਜਦੋਂ ਬਾਬਾ ਜੀ ਮੈਂ ਛੁੱਟੀ ਕਰਕੇ ਸਕੂਲੋਂ ਨਿੱਕਲਿਆ ਤਾਂ ਗਾਮੇ ਪ੍ਰੇਮੀ ਕਾ ਸੁੱਖਾ ਆਵਦੇ ਦਰਾਂ ਮੂਹਰੇ ਖੜ੍ਹਾ ਮੈਨੂੰ ਦੱਸਣ ਲੱਗ ਪਿਆ ਅਕੇ ਕੱਲ੍ਹ ਪਿਤਾ ਜੀ ਚਾਰ ਪੰਜ ਘੰਟੇ ਕਬੂਤਰ ਬਣ ਕੇ ਜੇਲ੍ਹ 'ਤੇ ਉੱਡਿਆ ਫਿਰਦਾ ਰਿਹੈ। ਜੇਲ੍ਹ ਵਾਲਿਆਂ ਦੇ ਭਾਅ ਦੀ ਬਣ ਗੀ ਬਈ ਬਾਬਾ ਗਿਆ ਕਿੱਥੇ। ਜੇਲ੍ਹ ਦੇ ਵੱਡੇ ਅਫ਼ਸਰਾਂ ਨੇ ਵੀ ਸਾਰੀ ਜੇਲ੍ਹ ਪੱਤ ਪੱਤ ਕਰਕੇ ਫਰੋਲ 'ਤੀ। ਅਕੇ ਜਦੋਂ ਬਾਬਾ ਥਿਆਇਆ ਨਾ, ਫੇਰ ਮੋਦੀ ਨੂੰ ਫੋਨ ਕੀਤਾ ਬਈ ਬਾਬਾ ਜੀ ਤਾਂ ਜੇਲ੍ਹ 'ਚੋਂ ਰੂਹ ਪੋਸ਼ ਹੋ ਗੇ, ਥਿਆਹ ਨ੍ਹੀ ਰਹੇ ਹੁਣ ਕੀ ਕਰੀਏ। ਅਕੇ ਮੋਦੀ ਕਹਿੰਦਾ 'ਉਹ ਤਾਂ ਮੇਰੇ ਕੋਲ ਬੈਠੇ ਐ। ਤੁਸੀਂ ਫਿਕਰ ਨਾ ਕਰੋ, ਦੋ ਕੁ ਘੰਟਿਆਂ ਤੱਕ ਆ ਜਾਂਦੇ ਐ। ਰੋਟੀ ਖੁਆ ਕੇ ਭੇਜੂੰਗਾ। ਲੈ ਦੱਸੋ, ਕੀ ਕਰੀਏ ਲੋਕਾਂ ਦਾ। ਅੰਧ ਵਿਸ਼ਵਾਸ ਨ੍ਹੀ ਤਾਂ ਹੋਰ ਕੀਐ ਇਹੇ। ਇਹਨੂੰ ਮੌਕੇ ਦੀਆਂ ਗੱਪ ਖ਼ਬਰਾਂ ਕਹਿੰਦੇ ਐ ਬਾਬਾ ਜੀ।"

ਬੁੱਘਰ ਦਖਾਣ ਕਹਿੰਦਾ, "ਸੁਰਜਨ ਬੁੜ੍ਹੇ ਦੀ ਨੂੰਹ ਵੀ ਬਾਹਲੀ ਵੱਡੀ ਪ੍ਰੇਮਣ ਐ। ਉਹ ਪਤਾ ਕੀ ਬੋਲਦੀ ਐ, ਅਕੇ 'ਪਿਤਾ ਜੀ ਸੁਬ੍ਹਾ ਤਿੰਨ ਵਜੇ ਸਰਸੇ ਆ ਕੇ ਨਹਾ ਕੇ ਦਿਨ ਚੜ੍ਹਦੇ ਨੂੰ ਫੇਰ ਪਹੁੰਚ ਜਾਂਦੇ ਐ ਰੋਹਤਕ ਜੇਲ੍ਹ 'ਚ। ਜਦੋਂ ਨੂੰ ਦੂਜੇ ਕੈਦੀ ਜਾਗਦੇ ਐ, ਉਨ੍ਹਾਂ ਦੇ ਉੱਠਣ ਤੋਂ ਪਹਿਲਾਂ ਪਿਤਾ ਜੀ ਆਵਦੇ ਕਮਰੇ 'ਚ ਭਜਨ ਬੰਦਗੀ ਕਰੀ ਜਾਂਦੇ ਹੁੰਦੇ ਐ। ਲੈ! ਕਮਰਾ ਦੇ 'ਤਾ ਉਹਨੂੰ ਪੰਜ ਤਾਰਾ ਹੋਟਲ ਦਾ।"

ਰਤਨ ਸਿਉਂ ਸੂਬੇਦਾਰ ਟਿੱਚਰ 'ਚ ਕਹਿੰਦਾ, "ਪੰਜ ਤਾਰਾ ਨ੍ਹੀ ਤਾਂ ਵੀਹ ਤਾਰਾ ਤਾਂ ਦੇ ਈ ਦਿੱਤਾ।"

ਪ੍ਰਤਾਪਾ ਭਾਊ ਕਹਿੰਦਾ, "ਚੜ੍ਹਤੇ ਫੌਜੀ ਕਾ ਮੰਗੂ ਕਹੀ ਜਾਂਦਾ ਬਈ ਅਸਲੀ ਬਾਬਾ ਤਾਂ ਬਾਹਰਲੇ ਮੁਲਖ 'ਗਲੈਂਡ ਉਠ ਗਿਆ, ਜੇਲ੍ਹ 'ਚ ਤਾਂ ਨਕਲੀ ਬਾਬੇ ਨੂੰ ਤਾੜੀ ਬੈਠੇ ਐ। ਅਸਲੀ ਬਾਬਾ ਤਾਂ ਥਿਆਇਆ ਨ੍ਹੀ ਕਿਸੇ ਨੂੰ। ਲੈ ਦੱਸੋ ਹੁਣ ਕੀ ਬੁੱਝੀਏ?"

ਭਾਨੇ ਕਾ ਗੋਗੜੀ ਕਹਿੰਦਾ, "ਨਾਲੇ ਕਹਿੰਦੇ ਬਾਬਾ ਕਦੇ ਸੱਪ ਬਣ ਜਾਂਦੈ, ਜਦੋਂ ਜੇਲ੍ਹ ਆਲੇ ਉਹਨੂੰ ਮਾਰਨ ਉਹਦੇ ਮਗਰ ਭੱਜਦੇ ਐ ਤਾਂ ਬਾਬਾ ਘੁੱਗੀ ਬਣ ਕੇ ਉੱਡ ਜਾਂਦੈ।"

ਗੱਲਾਂ ਸੁਣੀ ਜਾਂਦਾ ਬਜ਼ੁਰਗ ਆਤਮਾ ਸਿਉਂ ਹੱਸ ਕੇ ਕਹਿੰਦਾ, "ਇਨ੍ਹਾਂ ਨੂੰ ਕਹੋ ਦੱਬੀ ਚੱਲੋ ਜਿਮੇਂ ਗੱਡੀ ਚੱਲਦੀ ਐ ਚਲਾਈ ਚੱਲੋ। ਪ੍ਰੇਮੀਆਂ ਦੀ ਤਾਂ ਘੀਰੂ ਅਮਲੀ ਆਲੀ ਗੱਲ ਐ। ਜਿਮੇਂ ਕਿਸੇ ਦੇ ਮੂੰਹ 'ਤੇ ਕੋਈ ਗੱਲ ਆਉਂਦੀ ਐ ਓਮੇਂ ਈ ਅਗਲਾ ਛੱਡੀ ਜਾਂਦੈ।"




ਪ੍ਰਤਾਪੇ ਭਾਊ ਨੇ ਆਤਮਾ ਸਿਉਂ ਨੂੰ ਪੁੱਛਿਆ, "ਘੀਰੂ ਅਮਲੀ ਆਲੀ ਤਾਊ ਕਿਮੇਂ ਐਂ ਗੱਲ?"

ਆਤਮਾ ਸਿਉਂ ਕਹਿੰਦਾ, "ਖਾਸੇ ਚਿਰ ਦੀ ਗੱਲ ਐ। ਸੋਹਲ ਪੱਤੀ ਆਲਾ ਘੀਰੂ ਅਮਲੀ ਕੇਰਾਂ ਬੰਬਾਰ ਹੋ ਗਿਆ। ਚੰਦ ਬਿੰਬਰ ਦਾ ਮੁੰਡਾ ਰੇਸ਼ਮ ਕਿਤੇ ਘੀਰੂ ਨੂੰ ਸ਼ੈਂਕਲ ਦੀ ਪਿਛਲੀ ਕਾਠੀ 'ਤੇ ਬਹਾ ਕੇ ਸ਼ਹਿਰ ਨੂੰ ਡਾਕਦਾਰ ਦੇ ਲੈ ਤੁਰਿਆ। ਘੀਰੂ ਨੇ ਅਮਲ ਭੋਰਾ ਵੱਧ ਖਾ ਲਿਆ। ਸ਼ਹਿਰ ਨੂੰ ਜਾਂਦਿਆਂ ਕਿਤੇ ਘੀਰੂ ਸ਼ੈਂਕਲ ਤੋਂ ਡਿੱਗ ਪਿਆ। ਰੇਸ਼ਮ ਨੂੰ ਪਤਾ ਨਾ ਲੱਗਿਆ ਬਈ ਘੀਰੂ ਰਾਹ ਚੀ ਡਿੱਗ ਪਿਆ ਕਿਤੇ। ਜਦੋਂ ਰੇਸ਼ਮ ਨੇ ਖਾਸੀ ਦੂਰ ਜਾ ਕੇ ਵੇਖਿਆ ਬਈ ਘੀਰੂ ਤਾਂ ਸ਼ੈਂਕਲ 'ਤੇ ਈ ਹੈ ਨ੍ਹੀ। ਉਹ ਪਿੱਛੇ ਮੁੜ ਪਿਆ ਘੀਰੂ ਨੂੰ ਭਾਲਣ। ਜਦੋਂ ਮੁੜੇ ਆਉਂਦੇ ਰੇਸ਼ਮ ਨੇ ਦੇਖਿਆ ਬਈ ਘੀਰੂ ਤਾਂ ਆਹ ਬੈਠੈ ਖਤਾਨਾਂ 'ਚ ਕਾਂਹੀ ਦੇ ਬੂਝੇ ਨੂੰ ਹੱਥ ਪਾਈ। ਰੇਸ਼ਮ ਸ਼ੈਂਕਲ ਖੜ੍ਹਾ ਕਰਕੇ ਘੀਰੂ ਅਮਲੀ ਨੂੰ ਕਹਿੰਦਾ 'ਐਥੇ ਕਿਮੇਂ ਬੈਠੈਂ ਓਏ। ਮੈਨੂੰ ਦੱਸਿਆ ਨ੍ਹੀ ਤੂੰ ਬਈ ਮੈਂ ਡਿੱਗ ਪਿਆਂ', ਅਕੇ ਘੀਰੂ ਨਸ਼ੇ ਦੀ ਲੋਰ 'ਚ ਰੇਸ਼ਮ ਨੂੰ ਕਹਿੰਦਾ 'ਦੱਬੀ ਚੱਲ ਤੂੰ, ਮੈਂ ਤਾਂ ਲੋਟ ਬੈਠੈਂ'। ਨਸ਼ੇ ਦੀ ਪੀਨਕ ਲੱਗੀ ਕਰਕੇ ਘੀਰੂ ਨੂੰ ਇਉਂ ਲੱਗਿਆ ਜਿਮੇਂ ਉਹ ਸ਼ੈਂਕਲ ਦੀ ਕਾਠੀ 'ਤੇ ਈ ਬੈਠਾ ਹੁੰਦੈ। ਬਿੰਬਰ ਦਾ ਮੁੰਡਾ ਘੀਰੂ ਨੂੰ ਕਹਿੰਦਾ 'ਸ਼ੈਂਕਲ 'ਤੇ ਕਿੱਥੇ ਬੈਠੈਂ, ਤੂੰ ਤਾਂ ਸਰ ਦੇ ਬੂਝੇ ਨੂੰ ਜੱਫਾ ਮਾਰੀ ਬੈਠੈਂ'। ਉੱਠ ਸ਼ੈਂਕਲ 'ਤੇ ਬੈਠ'। ਰੇਸ਼ਮ ਕਹੀ ਜਾਵੇ 'ਤੂੰ ਬੈਠਾ ਕਿਮੇਂ ਐਂ', ਘੀਰੂ ਕਹੇ 'ਮੈਂ ਤਾਂ ਲੋਟ ਬੈਠਾਂ ਤੂੰ ਦੱਬੀ ਚੱਲ'। ਉਹ ਗੱਲ ਪ੍ਰੇਮੀਆਂ ਦੀ ਐ। ਜਿਮੇਂ ਕਿਸੇ ਨੂੰ ਕੋਈ ਗੱਪ ਸੁਝਦੀ ਐ, ਦੱਬੀ ਜਾਂਦੇ ਐ। ਕਿਹੜਾ ਕੋਈ ਪੁੱਛ ਦੱਸ ਐ ਜਾਂ ਕੋਈ ਟੈਕਸ ਲੱਗਦੈ।"

ਜੰਗੇ ਰਾਹੀ ਕਾ ਤੋਤੀ ਕਹਿੰਦਾ, "ਮਕੰਦੇ ਬਾਵੇ ਕੀ ਬੁੜ੍ਹੀ ਕਹਿੰਦੀ 'ਜਦੋਂ ਜੇਲ੍ਹ ਦਾ ਲਾਂਗਰੀ ਪਿਤਾ ਜੀ ਵਾਸਤੇ ਰੋਟੀ ਤੇ ਦਾਲ ਭਾਜੀ ਲੈ ਕੇ ਜਾਂਦੇ ਐ ਤਾਂ ਪਿਤਾ ਜੀ ਰੋਟੀਆਂ ਦੇ ਕਦੇ ਤਾਂ ਮਸੋਸੇ ਬਣਾ ਕੇ ਖਾ ਲੈਂਦੇ ਐ। ਕਦੇ ਰੋਟੀਆਂ ਦੀ ਬਰਫੀ ਬਣਾ ਲੈਂਦੇ ਐ। ਜੇਲ੍ਹ ਆਲੇ ਜੋ ਮਰਜੀ ਦੇਈ ਜਾਣ, ਪਰ ਪਿਤਾ ਜੀ ਰੋਟੀਆਂ ਤੇ ਦਾਲ ਭਾਜੀ ਤੋਂ ਆਵਦੇ ਪਸੰਦ ਦਾ ਖਾਣਾ ਬਣਾ ਕੇ ਖਾ ਲੈਂਦੇ ਐ। ਅੰਬ ਦੇ 'ਚਾਰ ਦੀ ਇੱਕ ਫਾੜੀ ਤੋਂ ਪੂਰਾ ਸਾਬਤ ਅੰਬ ਬਣਾ ਲੈਂਦੇ ਐ। 'ਚਾਰ ਆਲੀਆਂ ਮਿਰਚਾਂ ਤੋਂ ਅਕੇ ਕੇਲੇ ਦੀਆਂ ਛੱਲੀਆਂ ਬਣਾ ਕੇ ਖਾ ਲੈਂਦੇ ਐ।'"

ਮਦਨ ਪੰਡਤ ਕਹਿੰਦਾ, "ਮੈਂ ਤਾਂ ਇਉਂ ਵੀ ਸੁਣਿਆਂ ਅਕੇ ਬਾਬਾ ਰਾਤ ਨੂੰ ਸੌਣ ਵੇਲੇ ਇੱਟਾਂ ਆਲੇ ਥੜ੍ਹੇ ਦਾ ਪਲੰਘ ਬਣਾ ਕੇ ਭੂਤਾਂ ਤੋਂ ਪੋਲੇ ਪੋਲੇ ਗੱਦੇ ਮੰਗਵਾ ਕੇ ਸੌਂਦੈ। ਜਦੋਂ ਨੂੰ ਦੂਜੇ ਕੈਦੀ ਉੱਠਦੇ ਐ, ਉਦੋਂ ਨੂੰ ਭੂਤਾਂ ਗੱਦੇ ਤੇ ਪਲੰਘ ਲੈ ਜਾਂਦੀਐ, ਰਾਤ ਨੂੰ ਸਾਉਣ ਵੇਲੇ ਫੇਰ ਮੰਗਵਾ ਲੈਂਦਾ। ਕੋਈ ਸਮਝ ਨ੍ਹੀ ਆਉਂਦੀ ਯਾਰ।"

ਜਾਗਰ ਸਿਉਂ ਠੇਕੇਦਾਰ ਕਹਿੰਦਾ, "ਮੈਂ ਇਉਂ ਸੁਣਿਐਂ ਬਈ ਬਾਬੇ ਨੇ ਇੱਕ ਦਿਨ ਆਵਦੀ ਬੈਰਕ ਦਾ ਦਰਵਾਜ਼ਾ ਈ ਦੂਜੇ ਪਾਸੇ ਕਰ 'ਤਾ। ਜਦੋਂ ਜੇਲ੍ਹ ਆਲੇ ਓਧਰਲੇ ਪਾਸੇ ਦਰਵਾਜ਼ੇ ਵੱਲ ਗਏ ਤਾਂ ਫੇਰ ਤੀਜੇ ਪਾਸੇ ਕਰ 'ਤਾ। ਅਕੇ ਜਦੋਂ ਉਹ ਚਾਰੇ ਪਾਸੀਂ ਖੜ੍ਹ ਗੇ ਤਾਂ ਬਾਬੇ ਨੇ ਬੈਰਕ ਦਾ ਦਰਵਾਜ਼ਾ ਛੱਤ 'ਤੇ ਜਾ ਕੱਢਿਆ। ਕਹਿੰਦੇ ਬੈਰਕ ਨੂੰ ਇਉਂ ਘੁਮਾਈਂ ਫਿਰਦਾ ਜਿਮੇਂ ਜਗਰਾਮਾਂ ਦੀ ਰੋਸ਼ਨੀ 'ਤੇ ਚੰਡੋਲ ਘੁੰਮਦੀ ਹੁੰਦੀ ਐ।"

ਏਨੇ ਚਿਰ ਨੂੰ ਨਾਥਾ ਅਮਲੀ ਵੀ ਸੱਥ 'ਚ ਆ ਦਗੜਿਆ। ਬਾਬਾ ਪਾਖਰ ਸਿਉਂ ਨਾਥੇ ਅਮਲੀ ਨੂੰ ਕਹਿੰਦਾ, "ਓਏ ਸਣਾ ਬਈ ਨਾਥਾ ਸਿਆਂ! ਕੀ ਸੁਣ ਸਣਾ ਕੇ ਆਇਐਂ ਸਰਸੇ ਆਲੇ ਬਾਬੇ ਬਾਰੇ?"

ਨਾਥਾ ਅਮਲੀ ਬਾਬੇ ਪਾਖਰ ਸਿਉਂ ਨੂੰ ਕੁਝ ਤੜ੍ਹ 'ਚ ਬੋਲਿਆ, "ਬਾਬਾ ਤਾਂ ਬਾਬਾ ਨਾਨਕ ਈ ਸੀ ਬਾਬਾ ਪਾਖਰ ਸਿਆਂ। ਬਾਕੀ ਦੇ ਤਾਂ ਪਖੰਡੀ ਸਾਧ ਈ ਐ।"

ਮਾਹਲਾ ਨੰਬਰਦਾਰ ਕਹਿੰਦਾ, "ਚੱਲ! ਸਰਸੇ ਆਲੇ ਬਾਰੇ ਦੱਸਦੇ ਕੀ ਹਾਲ ਐ ਉਹਦਾ ਜੇਲ੍ਹ 'ਚ। ਕਹਿੰਦੇ ਜੇਲ੍ਹ 'ਚੋਂ ਮੱਖੀ ਬਣ ਕੇ ਨਿੱਕਲ ਜਾਂਦਾ ਤੇ ਨਿੱਤ ਮੋਦੀ ਨਾਲ ਦਿੱਲੀਓਂ ਰੋਟੀ ਖਾ ਕੇ ਮੁੜਦੈ?"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਭਜਨੇ ਰਾਠ ਕੀ ਬੁੜ੍ਹੀ ਕਹੀ ਜਾਂਦੀ ਐ 'ਪਿਤਾ ਜੀ ਜੇਲ੍ਹ ਦੇ ਸਾਰੇ ਕੈਦੀਆਂ ਨੂੰ ਵਾਰੀ ਵਾਰੀ ਚਿੜੀਆਂ ਕਬੂਤਰ ਬਣਾ ਕੇ ਰਾਤ ਨੂੰ ਉਨ੍ਹਾਂ ਨੂੰ ਆਪੋ ਆਪਣੇ ਘਰੀਂ ਪਹੁੰਚਦਾ ਕਰ ਦਿੰਦੇ ਐ। ਤੜਕੇ ਨੂੰ ਹਾਜਰੀ ਲੱਗਣ ਵੇਲੇ ਨੂੰ ਸਾਰੇ ਫੇਰ ਹਾਜਰ ਹੁੰਦੇ ਐ। ਅਕੇ ਕੈਦੀ ਕਹਿੰਦੇ ਜਦੋਂ ਰੱਬ ਈ ਜੇਲ੍ਹ 'ਚ ਆ ਗਿਆ ਅਸੀਂ ਬਾਹਰ ਨਿੱਕਲ ਕੇ ਕੀ ਕਰਨਾ'।"

ਸੱਥ 'ਚ ਗੱਲਾਂ ਸੁਣੀ ਜਾਂਦਾ ਬਿਸ਼ਨੇ ਦਾ ਜੋਗਾ ਕਹਿੰਦਾ, "ਇੱਕ ਫਿਲਮ ਜੀ 'ਚ ਇਹ ਸਾਧ ਕਹੀ ਜਾਂਦੈ 'ਜੀਹਨੇ ਗੇਅਰ ਕਢਵਾਉਣੈ ਕਢਵਾ ਲੋ ਅਸੀਂ ਲੋਕਾਂ ਦੇ ਗੇਅਰ ਈ ਕੱਢਣ ਆਏ ਆਂ। ਲੈ ਦੱਸ ਬਾਬਾ, ਲੋਕਾਂ ਦੇ ਗੇਅਰ ਕੱਢਦਾ ਕੱਢਦਾ ਆਵਦੇ ਈ ਗੇਅਰ ਕਢਵਾ ਕੇ ਬਹਿ।"

ਨਾਥਾ ਅਮਲੀ ਕਹਿੰਦਾ, "ਗੰਡੇ ਭੋਲੇ ਕਾ ਜੰਟੀ ਦੱਸੇ, ਅਕੇ ਜਦੋਂ ਸਾਧ ਨੂੰ ਜੱਜ ਨੇ ਦੋਸ਼ੀ ਕਹਿ 'ਤਾ ਤਾਂ ਸਾਧ ਦੇ ਚੇਲਿਆਂ ਨੇ ਪੁਲਸ 'ਤੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ 'ਤੇ। ਓਧਰ ਪੁਲਸ ਨੇ ਵੀ ਕਸ 'ਤੀਆਂ ਫਿਰ ਨਬਜਾਂ। ਦੋਹਾਂ ਦੀ ਲੜਾਈ 'ਚ ਕਿਤੇ ਆਪਣੇ ਪਿੰਡ ਆਲੀ ਰੇਲੋ ਮਾਈ ਘਿਰ ਗੀ। ਜਦੋਂ ਤਾਂ ਪੁਲਸ ਦੀਆਂ ਡਾਂਗਾਂ ਪੈਣ ਲੱਗ ਜਾਣ ਤਾਂ ਰੇਲੋ ਸਾਧ ਦੇ ਚੇਲਿਆਂ ਵੱਲ ਨੂੰ ਭੱਜ ਲੇ। ਜਦੋਂ ਸਾਧ ਦੇ ਚੇਲਿਆਂ ਵੱਲੋਂ ਰੋੜੇ ਡਲਿਆਂ ਦਾ ਮੀਂਹ ਵਰਨ ਲੱਗ ਜੇ ਤਾਂ ਰੇਲੋ ਪੁਲਸ ਵੱਲ ਨੂੰ ਭੱਜ ਲੇ। ਰੇਲੋ ਮਾਈ ਵਿੱਚ ਵਚਾਲੇ ਫਸੀ ਗਾਂਹ ਪਛਾਂਹ ਨੂੰ ਇਉਂ ਭੱਜੀ ਫਿਰੇ ਜਿਮੇਂ ਸੈਦੋ ਆਲਾ ਰੂਪਾ ਕੌਡੀ ਖੇਡਦਾ ਓਨਾਂ ਈਂ ਗਾਂਹਾਂ ਨੂੰ ਭੱਜ ਲੈਂਦਾ ਸੀ ਤੇ ਓਦੂੰ ਬਾਹਲਾ ਪਿਛਲ ਖੁਰੀ ਭੱਜਦਾ ਸੀ। ਅਕੇ ਰੇਲੋ ਦੋ ਢਾਈ ਘੰਟੇ ਸੈਦੋ ਆਲਾ ਰੂਪਾ ਈ ਬਣੀ ਫਿਰਦੀ ਰਹੀ, ਕਦੇ ਗਾਂਹ ਕਦੇ ਪਛਾਂਹ। ਹਾਰਕੇ ਜਦੋਂ ਦੋਹਾਂ ਪਾਸਿਆਂ ਤੋਂ ਕੁੱਟ ਖਾ ਕੇ ਡਿੱਗ ਪੀ, ਫੇਰ ਚੱਕ ਕੇ ਹੱਥਪਤਾਲ ਲੈ ਗੇ।"

ਬਾਬੇ ਪਾਖਰ ਸਿਉਂ ਨੇ ਪੁੱਛਿਆ, "ਹੁਣ ਆ ਗੀ ਪਿੰਡ ਕੁ ਉੱਥੇ ਹੱਥਪਤਾਲ ਚੀ ਐ?"

ਸੀਤਾ ਮਰਾਸੀ ਕਹਿੰਦਾ, "ਹੁਣ ਤਾਂ ਘਰੇ ਕੁਕੜੀ ਬਣੀ ਪਈ ਐ। ਹੁਣ ਸਾਧ ਦੇ ਨਾਂਅ ਤੋਂ ਇਉਂ ਡਰਦੀ ਐ ਜਿਮੇਂ ਚਿੱਕੜ 'ਚੋਂ ਨਿੱਕਲੇ ਗਾਰੇ ਨਾਲ ਲਿਬੜੇ ਸੂਰ ਤੋਂ ਕਤੂਰਾ ਡਰਦਾ ਹੁੰਦੈ।"

ਮਾਹਲੇ ਨੰਬਰਦਾਰ ਨੇ ਅਮਲੀ ਨੂੰ ਪੁੱਛਿਆ, "ਕਿਉਂ ਅਮਲੀਆ! ਆਪਣੇ ਪਿੰਡ ਦੇ ਕਿਸੇ ਹੋਰ ਨੂੰ ਵੀ ਦੱਖੂ ਦਾਣਾ ਮਿਲਿਆ ਕੁ ਰੇਲੋ ਈ ਚੱਕ ਲਿਆਈ ਸਕਰ ਪਾਰਿਆਂ ਆਲਾ ਸਾਰਾ ਟੋਕਰਾ?"

ਅਮਲੀ ਕਹਿੰਦਾ, "ਸਾਰੇ ਪਿੰਡ ਦੇ ਪ੍ਰੇਮੀਆਂ ਦੇ ਵੰਡੇ ਦੀ ਕੁੱਟ ਰੇਲੋ ਮਾਈ 'ਤੇ ਈ ਪੈ ਗੀ। ਹੁਣ ਮੂੰਹ ਸਿਰ ਇਉਂ ਵਲ੍ਹੇਟੀ ਪਈ ਐ ਜਿਮੇਂ ਮੱਝ ਦੇ ਜੜਾਂ 'ਚੋਂ ਟੁੱਟੇ ਸਿੰਗ 'ਤੇ ਕਾਲੇ ਤੇਲ ਨਾਲ ਭਿਉਂ ਕੇ ਬੋਰੀ ਬੰਨ੍ਹੀ ਹੁੰਦੀ ਐ ਬਈ ਕਿਤੇ ਕੀੜੇ ਨਾ ਪੈ ਜਾਣ।"

ਬਾਬਾ ਪਾਖਰ ਸਿਉਂ ਕਹਿੰਦਾ, "ਚੱਲੋ ਖਾਂ ਯਾਰ ਫੇਰ ਤਾਂ ਪਤੇ ਸੁਤੇ ਨੂੰ ਈ ਜਾ ਆਈਏ। ਇੱਕ ਤਾਂ ਉਂ ਵਚਾਰੇ ਟੈਮ ਜਾ ਪਾਸ ਕਰਦੇ ਐ ਇੱਕ ਉੱਤੋਂ ਆਹ ਨਮੀਉਂ ਈ ਆਫਤ ਆ ਪਈ। ਚੱਲੋ ਉੱਠੋ ਚੱਲੀਏ।"

ਬਾਬੇ ਪਾਖਰ ਸਿਉਂ ਦਾ ਕਹਿਣਾ ਮੰਨ ਕੇ ਸੱਥ 'ਚ ਬੈਠੇ ਸਾਰੇ ਜਣੇ ਰੇਲੋ ਮਾਈ ਦੇ ਘਰ ਨੂੰ ਉਹਦਾ ਪਤਾ ਲੈਣ ਚੱਲ ਪਏ।

ਲੇਖਕ : ਜਤਿੰਦਰ ਮੋਹਨ, ਸੰਪਰਕ: 94630-20766

# ਨਕਲੀ ਦਿਵਿਆਂਗ

ਦਸੰਬਰ ਮਹੀਨੇ ਦੀ ਤਿੰਨ ਤਾਰੀਖ਼ ਸੀ। ਸਰਕਾਰੀ ਹਸਪਤਾਲ ਦੇ ਵਿਹੜੇ ਵਿੱਚ ਵੱਡੀ ਭੀੜ ਲੱਗੀ ਹੋਣ ਕਰਕੇ ਆਮ ਲੋਕ ਇਹ ਦੇਖਣ ਲਈ ਉਧਰ ਚਲੇ ਜਾਂਦੇ ਕਿ ਦੇਖੀਏ ਕੀ ਗੱਲ ਹੈ? ਸੁਰਿੰਦਰ ਵੀ ਉਧਰ ਹੀ ਚਲਾ ਗਿਆ। ਬਹੁਤ ਸਾਰੇ ਦਿਵਿਆਂਗ ਲੋਕ ਉੱਥੇ ਬੈਠੇ ਪ੍ਰੋਗਰਾਮ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਦੀ ਹਾਲਤ ਦੇਖ ਕੇ ਸੁਰਿੰਦਰ ਦਾ ਮਨ ਬਹੁਤ ਦੁਖੀ ਹੋਇਆ। ਉਹ ਮਨ ਹੀ ਮਨ ਸੋਚਣ ਲੱਗਾ ਕਿ ਪਰਮਾਤਮਾ ਨੇ ਇਨ੍ਹਾਂ ਨਾਲ ਕਿੰਨਾ ਵੱਡਾ ਧੱਕਾ ਕੀਤਾ ਹੈ। ਇਹ ਵਿਚਾਰੇ ਪਰਾਏ ਆਸਰੇ 'ਤੇ ਕਿਵੇਂ ਗੁਜ਼ਾਰਾ ਕਰਦੇ ਹੋਣਗੇ। ਉਹ ਸੋਚਣ ਲੱਗਾ। ਇੰਨੇ ਵਿੱਚ ਹੀ ਉਸ ਦੀ ਨਜ਼ਰ ਮਨਿੰਦਰ 'ਤੇ ਪਈ ਜੋ ਕਿ ਉਨ੍ਹਾਂ ਵਿੱਚ ਬੈਠਾ ਸੀ।

ਮਨਿੰਦਰ, ਸੁਰਿੰਦਰ ਦਾ ਜਮਾਤੀ ਸੀ। ਉਹ ਹਮੇਸ਼ਾ ਜਮਾਤ ਵਿੱਚ ਕੋਈ ਨਾ ਕੋਈ ਪੁਜ਼ੀਸ਼ਨ ਹਾਸਲ ਕਰਦਾ, ਪਰ ਘਰ ਦੀ ਗ਼ਰੀਬੀ ਤੇ ਸਾਧਨਾਂ ਦੀ ਕਮੀ ਕਾਰਨ ਉਚੇਰੀ ਪੜ੍ਹਾਈ ਨਾ ਕਰ ਸਕਿਆ ਤੇ ਬਾਰ੍ਹਵੀਂ ਕਰਨ ਪਿੱਛੋਂ ਹੇਅਰ ਡਰੈਸਰ ਵਜੋਂ ਕੰਮ 'ਤੇ ਲੱਗ ਗਿਆ। ਭਾਵੇਂ ਉਸ ਦੀ ਕਾਬਲੀਅਤ ਦਾ ਮੁੱਲ ਤਾਂ ਨਹੀਂ ਪਿਆ ਸੀ, ਪਰ ਫਿਰ ਵੀ ਉਸ ਦਾ ਗੁਜ਼ਾਰਾ ਵਧੀਆ ਚੱਲੀ ਜਾਂਦਾ ਸੀ। ਉਸ ਦੀ ਸੱਜੀ ਲੱਤ ਪੋਲੀਓ ਕਾਰਨ ਮਰੀ ਹੋਣ ਕਾਰਨ ਕਈ ਵਾਰ ਨਾਲ ਦੇ ਜਮਾਤੀ ਉਸ ਨੂੰ ਪੁੱਠਾ ਵੀ ਬੋਲਦੇ ਪਰ ਉਹ ਹਸਮੁੱਖ ਹੋਣ ਕਾਰਨ, ਹੱਸ ਕੇ ਗੱਲ ਟਾਲ ਦਿੰਦਾ। ਕਈ ਵਾਰ ਨਾਲ ਦੇ ਸਾਥੀ ਉਸ ਨੂੰ ਅਧਿਆਪਕ ਕੋਲ ਸ਼ਿਕਾਇਤ ਕਰਨ ਲਈ ਕਹਿੰਦੇ ਤਾਂ ਉਹ ਕਹਿੰਦਾ,

''ਛੱਡ ਯਾਰ, ਇਹ ਤਾਂ ਹੈ ਹੀ ਇਹੋ ਜਿਹੇ।''

''ਮਨਿੰਦਰ ਐਵੇਂ ਤੰਗ ਕਰੀ ਜਾਂਦੇ ਨੇ।''

''ਕੋਈ ਨਹੀਂ ਇਨ੍ਹਾਂ ਦੇ ਦਿਨ ਨੇ।''

ਇਸ ਤਰ੍ਹਾਂ ਉਸ ਨੂੰ ਹੱਸਦਾ ਦੇਖ ਕੇ ਤੰਗ ਕਰਨ ਵਾਲੇ ਬੱਚੇ ਵੀ ਚੁੱਪ ਕਰ ਜਾਂਦੇ। ਸੁਰਿੰਦਰ, ਮਨਿੰਦਰ ਕੋਲ ਚਲਾ ਗਿਆ। ਮਨਿੰਦਰ ਬੈਠਾ ਸੀ। ਸੋ ਸੁਰਿੰਦਰ ਨੇ ਝੁਕ ਕੇ ਉਸ ਨਾਲ ਹੱਥ ਮਿਲਾਇਆ ਤੇ ਪੁੱਛਿਆ, ''ਕਿਵੇਂ ਆਉਣੇ ਹੋਏ ਇੱਥੇ?''

''ਪਤਾ ਨਹੀਂ ਯਾਰ, ਕੱਲ੍ਹ ਸੁਨੇਹਾ ਆਇਆ ਸੀ ਬਈ ਸਾਰਿਆਂ ਨੂੰ ਬੁਲਾਇਐ।''

''ਕੁਝ ਦੇਣਗੇ?'' ''ਕੀ ਪਤੈ?''

''ਕੁਝ ਤਾਂ ਦੱਸਿਆ ਹੋਊ?'' ''ਹਾਂ ਕਹਿੰਦੇ ਨੇ ਕੋਈ ਟ੍ਰਾਈਸਾਈਕਲ ਦੇਣਗੇ।'' ''ਅੱਛਾ, ਅੱਛਾ।''

''ਤੂੰ ਕਿਵੇਂ ਫਿਰਦੈਂ?''

''ਮੈਂ ਤਾਂ ਯਾਰ ਖੰਘ ਜ਼ੁਕਾਮ ਦੀ ਦਵਾਈ ਲੈਣ ਆਇਆਂ।'' ''ਅੱਛਾ ਅੱਛਾ।''

''ਫਿਰ ਬਣਿਆ ਨਹੀਂ ਕੋਈ ਨੌਕਰੀ ਵਗੈਰਾ ਦਾ।''

''ਸਾਡਾ ਕਿੱਥੇ ਬਣਨੈ ਭਰਾਵਾ।'' ''ਕਿਉਂ?''

''ਸਾਨੂੰ ਤਾਂ ਭਾਈ ਨਕਲੀ ਲੈ ਕੇ ਬਹਿ ਗਏ।''

''ਨਕਲੀ?'' ''ਮੈਂ ਸਮਝਿਆ ਨਹੀਂ?''

''ਸੁਰਿੰਦਰ, ਹੁਣ ਕੁਝ ਸਾਲਾਂ ਤੋਂ ਨਵਾਂ ਰਿਵਾਜ਼ ਚੱਲ ਰਿਹਾ ਹੈ।'' ''ਕੀ?'' ''ਬਈ ਨਕਲੀ ਦਿਵਿਆਂਗਜਨ ਸਰਟੀਫਿਕੇਟ ਬਣਾਓ ਤੇ ਨੌਕਰੀ ਪ੍ਰਾਪਤ ਕਰੋ।'' ''ਨਹੀਂ ਨਹੀਂ ਯਾਰ, ਜੇ ਤੈਨੂੰ ਨਹੀਂ ਮਿਲੀ ਤਾਂ ਇਹ ਦੂਸ਼ਣ ਨਾ ਲਾ।'' ''ਦੇਖ ਸੁਰਿੰਦਰ, ਮੈਨੂੰ ਨੌਕਰੀ ਨਾ ਮਿਲਣ ਦਾ ਦੁੱਖ ਨਹੀਂ ਪਰ ਮੇਰੇ ਕੋਲ ਬਹੁਤ ਉਦਾਹਰਨਾਂ ਹਨ, ਜਿਸ ਕਰਕੇ ਮੈਂ ਇਹ ਕਹਿ ਰਿਹਾ ਹਾਂ।'' ''ਕਿਹੜੀਆਂ ਉਦਾਹਰਨਾਂ?''

''ਦੇਖ ਜਿੰਨੇ ਵੀ ਬੋਲੇਪਣ ਦਾ ਸਰਟੀਫਿਕੇਟ ਲੈ ਕੇ ਭਰਤੀ ਹੋਏ ਹਨ, ਉਨ੍ਹਾਂ ਦੀ ਜਾਂਚ ਕਰਵਾ ਲੈਣ, ਬਹੁਤੇ ਨਕਲੀ ਹਨ।'' ''ਅੱਛਾ ਯਾਰ?'' ''ਹਾਂ।''

ਸੁਰਿੰਦਰ ਨਕਲੀ ਦਿਵਿਆਂਗਜਨਾਂ ਦੀ ਗੱਲ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਸ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ ਕਿ ਉਹ ਮਨਿੰਦਰ ਨੂੰ ਕੀ ਜਵਾਬ ਦੇਵੇ।

# ਦੇਸੀ ਤੜਕਾ

## ਟੇਸਟੀ ਅਤੇ ਸਪਾਇਸੀ ਇੰਡੀਅਨ ਪਨੀਰ ਸੈਂਡਵਿਚ ਰੈਪ

**ਸਮੱਗਰੀ**

- 1/2 ਚਮਚ ਤੇਲ ਦੋ ਭਾਗਾਂ 'ਚ
- 160 ਗ੍ਰਾਮ ਸ਼ਿਮਲਾ ਮਿਰਚ
- 100 ਗ੍ਰਾਮ ਪਿਆਜ਼
- ਸਲਾਦ

(ਪੇਸਟ ਦੇ ਲਈ)

- 25 ਗ੍ਰਾਮ ਧਨੀਆ
- 1 ਹਰੀ ਮਿਰਚ
- 1/2 ਚਮਚ ਨਮਕ
- 1 ਚਮਚ ਨਿੰਬੂ ਦਾ ਰਸ
- 280 ਗ੍ਰਾਮ ਕਰੀਮ
- 1/2 ਚਮਚ ਕਾਲੀ ਮਿਰਚ
- 1/2 ਚਮਚ ਚਿੱਲੀ ਫਲੇਕਸ
- 1 ਚਮਚ ਅਜਵਾਇਨ ਦੀ ਪੱਤੀ
- 3/4 ਚਮਚ ਨਮਕ
- 2 ਲਸਣ ਦੀਆਂ ਕਲੀਆਂ
- 2 ਹਰੀ ਮਿਰਚ
- 35 ਗ੍ਰਾਮ ਧਨੀਆ
- 1/2 ਚਮਚ ਨਿੰਬੂ ਦਾ ਰਸ
- 1/2 ਚਮਚ ਤੇਲ
- 350 ਗ੍ਰਾਮ ਪਨੀਰ



ਬਣਾਉਣ ਦੀ ਵਿਧੀ

1. ਬਲੈਂਡਰ 'ਚ 1/2 ਚਮਚ ਕਾਲੀ ਮਿਰਚ, 1/2 ਚਮਚ ਚਿੱਲੀ ਫਲੇਕਸ, 1 ਚਮਚ ਅਜਵਾਇਨ ਦੀ ਪੱਤੀ, 3/4 ਚਮਚ ਨਮਕ, 2 ਲਸਣ ਦੀਆਂ ਕਲੀਆਂ, 2 ਹਰੀ ਮਿਰਚ, 35 ਗ੍ਰਾਮ ਧਨੀਆ, 1/2 ਚਮਚ ਨਿੰਬੂ ਦਾ ਰਸ ਅਤੇ 1/2 ਚਮਚ ਤੇਲ ਪਾ ਕੇ ਪੇਸਟ ਤਿਆਰ ਕਰ ਲਓ।
2. ਇਕ ਬਾਊਲ 'ਚ ਪਨੀਰ ਅਤੇ ਤਿਆਰ ਕੀਤਾ ਪੇਸਟ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਫਿਰ ਬਲੈਂਡਰ 'ਚ 25 ਗ੍ਰਾਮ ਧਨੀਆਂ, 1 ਹਰੀ ਮਿਰਚ, 1/2 ਚਮਚ ਨਮਕ ਅਤੇ 1 ਨਿੰਬੂ ਦਾ ਰਸ ਪਾ ਕੇ ਪੀਸ ਲਓ।
3. ਹੁਣ ਇਸ ਮਿਸ਼ਰਣ ਨੂੰ ਸਾਓਸ 'ਚ ਪਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
4. ਇਕ ਪੈਨ 'ਚ ਤੇਲ ਗਰਮ ਕਰਕੇ ਸ਼ਿਮਲਾ ਮਿਰਚ ਅਤੇ ਪਿਆਜ਼ ਪਾ ਕੇ ਚੰਗੀ ਤਰ੍ਹਾਂ ਭੁੰਨ ਲਓ ਅਤੇ 3-5 ਮਿੰਟ ਲਈ ਪਕਾਓ।
5. ਇਕ ਹੋਰ ਪੈਨ 'ਚ ਤੇਲ ਗਰਮ ਕਰਕੇ ਤਿਆਰ ਕੀਤੇ ਪਨੀਰ ਦੇ ਪੇਸਟ ਨੂੰ 3-5 ਮਿੰਟ ਲਈ ਫ੍ਰਾਈ ਕਰੋ।
6. ਇਸ ਤੋਂ ਬਾਅਦ ਰੋਟੀ ਲਓ ਅਤੇ ਉਸ ਦੇ ਉੱਪਰ ਤਿਆਰ ਕੀਤੀ ਕਰੀਮ ਪਾ ਕੇ ਚੰਗੀ ਤਰ੍ਹਾਂ ਫੈਲਾਓ। ਫਿਰ ਇਸ ਦੇ ਉੱਪਰ ਸਲਾਦ, ਪਿਆਜ਼ ਦਾ ਪੇਸਟ ਅਤੇ ਪਨੀਰ ਪਾ ਕੇ ਰੋਲ ਕਰੋ।
7. ਸਪਾਇਸੀ ਇੰਡੀਅਨ ਪਨੀਰ ਸੈਂਡਵਿਚ ਰੈਪ ਤਿਆਰ ਹੈ। ਸਰਵ ਕਰੋ।

## ਮੈਗੀ ਸੈਂਡਵਿਚ

*ਜੇ ਤੁਸੀਂ ਵੀ ਮੈਗੀ ਖਾਣ ਦੇ ਸ਼ੌਕੀਨ ਹੋ ਪਰ ਵਾਰ-ਵਾਰ ਉਹੀ ਬੋਰਿੰਗ ਤਰੀਕੇ ਨਾਲ ਮੈਗੀ ਖਾ ਕੇ ਬੋਰ ਹੋ ਗਏ ਹੋ ਤਾਂ ਇਸ ਵਾਰ ਤੁਸੀਂ ਘਰ 'ਚ ਮੈਗੀ ਸੈਂਡਵਿਚ ਬਣਾ ਸਕਦੇ ਹੋ। ਇਹ ਬਣਾਉਣ 'ਚ ਆਸਾਨ ਅਤੇ ਖਾਣ 'ਚ ਬੇਹੱਦ ਟੇਸਟੀ ਹੋਵੇਗਾ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ...*

**ਸਮੱਗਰੀ**

- 2 ਵੱਡੇ ਚੱਮਚ ਤੇਲ
- 1 ਵੱਡਾ ਚੱਮਚ ਜੀਰਾ
- 60 ਗ੍ਰਾਮ ਪਿਆਜ਼
- 1/4 ਚੱਮਚ ਹਲਦੀ
- 1/4 ਚੱਮਚ ਕਾਲੀ ਮਿਰਚ ਪਾਊਡਰ
- 60 ਗ੍ਰਾਮ ਸ਼ਿਮਲਾ ਮਿਰਚ
- 60 ਗ੍ਰਾਮ ਗਾਜਰ
- 350 ਮਿਲੀਲੀਟਰ ਪਾਣੀ
- 2 ਵੱਡੇ ਚੱਮਚ ਮੈਗੀ ਮਸਾਲਾ
- 120 ਗ੍ਰਾਮ ਮੈਗੀ
- 1/2 ਚੱਮਚ ਨਮਕ
- ਬ੍ਰੈੱਡ ਸਲਾਈਸ
- ਕੈਚੱਪ ਸੁਆਦ ਮੁਤਾਬਕ
- ਤੇਲ



ਬਣਾਉਣ ਦੀ ਵਿਧੀ

1. ਇਕ ਪੈਨ 'ਚ 2 ਵੱਡੇ ਚੱਮਚ ਤੇਲ ਪਾ ਕੇ ਗਰਮ ਕਰੋ। ਇਸ 'ਚ ਵੱਡਾ ਚੱਮਚ ਜੀਰਾ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ।
2. ਇਸ ਤੋਂ ਬਾਅਦ ਇਸ 'ਚ 60 ਗ੍ਰਾਮ ਪਿਆਜ਼ ਪਾ ਕੇ ਭੁੰਨ ਲਓ। ਬਾਅਦ 'ਚ ਹਲਦੀ, ਕਾਲੀ ਮਿਰਚ ਪਾਊਡਰ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ।
3. ਫਿਰ 60 ਗ੍ਰਾਮ ਸ਼ਿਮਲਾ ਮਿਰਚ, 60 ਗ੍ਰਾਮ ਗਾਜਰ ਪਾ ਕੇ ਮਿਕਸ ਕਰ ਲਓ। ਇਸ ਨੂੰ 3 ਤੋਂ 5 ਮਿੰਟ ਤੱਕ ਪਕਾਓ।
4. ਇਸ ਮਿਸ਼ਰਣ 'ਚ 350 ਮਿਲੀਲੀਟਰ ਪਾਣੀ , 2 ਵੱਡੇ ਚੱਮਚ ਮੈਗੀ ਮਸਾਲਾ ਪਾਉਣ ਦੇ ਬਾਅਦ 120 ਗ੍ਰਾਮ ਮੈਗੀ ਪਾ ਕੇ ਚੰਗੀ ਤਰ੍ਹਾਂ ਨਾਲ ਪਾ ਲਓ।
5. ਇਸ 'ਚ 1/2 ਚੱਮਚ ਨਮਕ ਮਿਲਾ ਕੇ ਇਕ ਸਾਈਡ ਰੱਖ ਦਿਓ।
6. ਇਕ ਬਰੈੱਡ ਸਲਾਈਸ ਲਓ ਅਤੇ ਉਸ 'ਤੇ ਥੋੜ੍ਹਾ ਕੈਚੱਪ ਲਗਾਓ। ਇਸ ਦੇ ਉੱਪਰ ਥੋੜ੍ਹੀ ਜਿਹੀ ਮੈਗੀ ਪਾ ਕੇ ਚੰਗੀ ਤਰ੍ਹਾਂ ਨਾਲ ਫੈਲਾਓ।
7. ਇਸ ਤੋਂ ਬਾਅਦ ਇਸ 'ਤੇ ਕਦੂਕਸ ਕੀਤਾ ਹੋਇਆ ਪਨੀਰ ਪਾ ਕੇ ਉੱਪਰੋਂ ਦੂਜੀ ਬਰੈੱਡ ਸਲਾਈਸ ਲਗਾ ਦਿਓ।
8. ਇਸ ਤੋਂ ਬਾਅਦ ਸੈਂਡਵਿਚ ਨੂੰ ਗ੍ਰਿਲਰ 'ਚ ਰੱਖ ਦਿਓ ਅਤੇ ਬਰੱਸ਼ ਦੀ ਮਦਦ ਨਾਲ ਤੇਲ ਲਗਾਓ।
9. ਫਿਰ ਇਸ ਨੂੰ ਸੁਨਿਹਰਾ ਭੂਰਾ ਹੋਣ ਤੱਕ ਟੋਸਟ ਕਰ ਲਓ। ਇਸ ਨੂੰ ਗ੍ਰਿਲਰ 'ਚੋਂ ਕੱਢ ਕੇ ਅੱਧਾ ਕੱਟ ਲਓ।
10. ਤੁਹਾਡਾ ਮੈਗੀ ਸੈਂਡਵਿਚ ਤਿਆਰ ਹੈ ਇਸ ਨੂੰ ਸਰਵ ਕਰੋ।

# ਤਕਨਾਲੋਜੀ ਟਾਈਮਜ਼

## ਮਾਈਕ੍ਰੋਬਲਾਗਿੰਗ ਸਾਈਟ 'ਐਕਸ' ਦੀਆਂ ਸੇਵਾਵਾਂ ਹੋਈਆਂ ਠੱਪ

ਮਾਈਕ੍ਰੋਬਲਾਗਿੰਗ ਸਾਈਟ 'X' ਦਾ ਸਰਵਰ ਸੋਮਵਾਰ ਸ਼ਾਮ ਨੂੰ ਦੂਜੀ ਵਾਰ ਠੱਪ ਪੈ ਗਿਆ। ਸ਼ਾਮ 7 ਵਜੇ ਦੇ ਕਰੀਬ ਉਪਭੋਗਤਾਵਾਂ ਨੂੰ 'X' ਵਿੱਚ ਪੋਸਟ ਕਰਨ ਅਤੇ ਲੌਗਇਨ ਕਰਨ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਹਿਲਾਂ ਦੁਪਹਿਰ ਵੇਲੇ 'X' 'ਤੇ ਵੀ ਇਹ ਸਮੱਸਿਆ ਆਈ ਸੀ।

ਸ਼ਾਮ ਦੀ ਆਊਟੇਜ ਕਾਰਨ ਉਪਭੋਗਤਾ 'X' 'ਤੇ ਕੁਝ ਵੀ ਪੋਸਟ ਨਹੀਂ ਕਰ ਪਾ ਰਹੇ ਅਤੇ ਨਾਲ ਹੀ ਕਿਸੇ ਦੀਆਂ ਪੋਸਟਾਂ ਵੀ ਨਹੀਂ ਦੇਖ ਪਾ ਰਹੇ ਹਨ। ਯੂਜ਼ਰਜ਼ ਦਾ ਕਹਿਣਾ ਹੈ ਕਿ ਉਹ ਫੀਡ ਵਿੱਚ 'Retry' ਲਿਖਿਆ ਦੇਖ ਰਹੇ ਹਨ। ਬਹੁਤ ਸਾਰੇ ਉਪਭੋਗਤਾ ਸ਼ਿਕਾਇਤ ਕਰ ਰਹੇ ਹਨ ਕਿ ਉਹ 'ਯ' 'ਤੇ 'ਰੀਲੋਡ ਕਰੋ' ਜਾਂ 'ਦੁਬਾਰਾ ਕੋਸ਼ਿਸ਼ ਕਰੋ' ਵਾਲਾ ਮੈਸੇਜ ਦਿਖਾਈ ਦੇ ਰਿਹਾ ਹੈ।

ਇਸ ਤੋਂ ਪਹਿਲਾਂ ਦੁਪਹਿਰ ਦੇ ਸਮੇਂ ਵੀ 'X' ਦੁਨੀਆ ਭਰ 'ਚ ਡਾਊਨ ਹੋ ਗਿਆ ਸੀ। ਤਕਨੀਕੀ ਕਾਰਨਾਂ ਕਰਕੇ ਦੁਨੀਆ ਭਰ 'ਚ ਕਈ ਯੂਜ਼ਰਜ਼ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਹਾਲਾਂਕਿ, ਥੋੜ੍ਹੀ ਦੇਰ ਬਾਅਦ ਹੀ 'ਯ' ਦੀਆਂ ਸੇਵਾਵਾਂ ਮੁੜ ਬਹਾਲ ਹੋ ਗਈਆਂ ਸਨ।

ਡਾਊਨ ਡਿਟੈਕਟਰ ਮੁਤਾਬਕ, ਦੁਪਹਿਰ ਕਰੀਬ 3 ਵਜੇ ਯੂਜ਼ਰਜ਼ ਨੇ 'X' ਦੀਆਂ ਸੇਵਾਵਾਂ ਠੱਪ ਹੋਣ ਦੀ ਸ਼ਿਕਾਇਤ ਕੀਤੀ। ਦੁਪਹਿਰ 3.22 ਵਜੇ ਸਭ ਤੋਂ ਜ਼ਿਆਦਾ ਯੂਜ਼ਰਜ਼ ਨੇ 'X' ਦੇ ਸਰਵਰ ਡਾਊਨ ਹੋਣ ਦੀ ਸ਼ਿਕਾਇਤ ਦਰਜ ਕਰਾਈ। ਵੈੱਬ 'ਤੇ 54 ਫੀਸਦੀ ਅਤੇ ਐਪ 'ਤੇ 42 ਫੀਸਦੀ ਸ਼ਿਕਾਇਤਾਂ ਰਿਪੋਰਟ ਕੀਤੀਆਂ ਗਈਆਂ।

ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ 'ਚ ਇਸ ਆਊਟੇਜ ਦਾ ਅਸਰ ਕਾਫੀ ਹੱਦ ਤਕ ਘੱਟ ਰਿਹਾ। ਇਥੇ 2600 ਤੋਂ ਵੱਧ ਸ਼ਿਕਾਇਤਾਂ ਰਿਪੋਰਟਾਂ ਕੀਤੀਆਂ ਗਈਆਂ। 80 ਫੀਸਦੀ ਯੂਜ਼ਰਜ਼ ਵੈੱਬਸਾਈਟ ਐਕਸੈਸ ਨਹੀਂ ਕਰ ਪਾ ਰਹੇ ਸਨ, ਜਦੋਂਕਿ 11 ਫੀਸਦੀ ਨੂੰ ਲਾਗਇਨ 'ਚ ਪਰੇਸ਼ਾਨੀ ਆਈ। ਇਸ ਤੋਂ ਇਲਾਵਾ ਕਰੀਬ 9 ਫੀਸਦੀ ਯੂਜ਼ਰਜ਼ ਨੂੰ ਮੋਬਾਇਲ ਐਪ 'ਤੇ ਪਰੇਸ਼ਾਨੀ ਆਈ।

ਮਾਈਕ੍ਰੋਬਲਾਗਿੰਗ ਸਾਈਟ 'X' ਦਾ ਸਰਵਰ ਸੋਮਵਾਰ ਸ਼ਾਮ ਨੂੰ ਦੂਜੀ ਵਾਰ ਠੱਪ ਪੈ ਗਿਆ। ਸ਼ਾਮ 7 ਵਜੇ ਦੇ ਕਰੀਬ ਉਪਭੋਗਤਾਵਾਂ ਨੂੰ 'X' ਵਿੱਚ ਪੋਸਟ ਕਰਨ ਅਤੇ ਲੌਗਇਨ ਕਰਨ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਹਿਲਾਂ ਦੁਪਹਿਰ ਵੇਲੇ 'X' 'ਤੇ ਵੀ ਇਹ ਸਮੱਸਿਆ ਆਈ ਸੀ।

ਸ਼ਾਮ ਦੀ ਆਊਟੇਜ ਕਾਰਨ ਉਪਭੋਗਤਾ 'X' 'ਤੇ ਕੁਝ ਵੀ ਪੋਸਟ ਨਹੀਂ ਕਰ ਪਾ ਰਹੇ ਅਤੇ ਨਾਲ ਹੀ ਕਿਸੇ ਦੀਆਂ ਪੋਸਟਾਂ ਵੀ ਨਹੀਂ ਦੇਖ ਪਾ ਰਹੇ ਹਨ।



ਯੂਜ਼ਰਜ਼ ਦਾ ਕਹਿਣਾ ਹੈ ਕਿ ਉਹ ਫੀਡ ਵਿੱਚ 'Retry' ਲਿਖਿਆ ਦੇਖ ਰਹੇ ਹਨ। ਬਹੁਤ ਸਾਰੇ ਉਪਭੋਗਤਾ ਸ਼ਿਕਾਇਤ ਕਰ ਰਹੇ ਹਨ ਕਿ ਉਹ 'ਯ' 'ਤੇ 'ਰੀਲੋਡ ਕਰੋ' ਜਾਂ 'ਦੁਬਾਰਾ ਕੋਸ਼ਿਸ਼ ਕਰੋ' ਵਾਲਾ ਮੈਸੇਜ ਦਿਖਾਈ ਦੇ ਰਿਹਾ ਹੈ।

ਇਸ ਤੋਂ ਪਹਿਲਾਂ ਦੁਪਹਿਰ ਦੇ ਸਮੇਂ ਵੀ 'ਯ' ਦੁਨੀਆ ਭਰ 'ਚ ਡਾਊਨ ਹੋ ਗਿਆ ਸੀ। ਤਕਨੀਕੀ ਕਾਰਨਾਂ ਕਰਕੇ ਦੁਨੀਆ ਭਰ 'ਚ ਕਈ ਯੂਜ਼ਰਜ਼ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਹਾਲਾਂਕਿ, ਥੋੜ੍ਹੀ ਦੇਰ ਬਾਅਦ ਹੀ 'X' ਦੀਆਂ ਸੇਵਾਵਾਂ ਮੁੜ ਬਹਾਲ ਹੋ ਗਈਆਂ ਸਨ।

ਡਾਊਨ ਡਿਟੈਕਟਰ ਮੁਤਾਬਕ, ਦੁਪਹਿਰ ਕਰੀਬ 3 ਵਜੇ ਯੂਜ਼ਰਜ਼ ਨੇ 'X' ਦੀਆਂ ਸੇਵਾਵਾਂ ਠੱਪ ਹੋਣ ਦੀ ਸ਼ਿਕਾਇਤ ਕੀਤੀ। ਦੁਪਹਿਰ 3.22 ਵਜੇ ਸਭ ਤੋਂ ਜ਼ਿਆਦਾ ਯੂਜ਼ਰਜ਼ ਨੇ 'X' ਦੇ ਸਰਵਰ ਡਾਊਨ ਹੋਣ ਦੀ ਸ਼ਿਕਾਇਤ ਦਰਜ ਕਰਾਈ। ਵੈੱਬ 'ਤੇ 54 ਫੀਸਦੀ ਅਤੇ ਐਪ 'ਤੇ 42 ਫੀਸਦੀ ਸ਼ਿਕਾਇਤਾਂ ਰਿਪੋਰਟ ਕੀਤੀਆਂ ਗਈਆਂ।

ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ 'ਚ ਇਸ ਆਊਟੇਜ ਦਾ ਅਸਰ ਕਾਫੀ ਹੱਦ ਤਕ ਘੱਟ ਰਿਹਾ। ਇਥੇ 2600 ਤੋਂ ਵੱਧ ਸ਼ਿਕਾਇਤਾਂ ਰਿਪੋਰਟਾਂ ਕੀਤੀਆਂ ਗਈਆਂ। 80 ਫੀਸਦੀ ਯੂਜ਼ਰਜ਼ ਵੈੱਬਸਾਈਟ ਐਕਸੈਸ ਨਹੀਂ ਕਰ ਪਾ ਰਹੇ ਸਨ, ਜਦੋਂਕਿ 11 ਫੀਸਦੀ ਨੂੰ ਲਾਗਇਨ 'ਚ ਪਰੇਸ਼ਾਨੀ ਆਈ। ਇਸ ਤੋਂ ਇਲਾਵਾ ਕਰੀਬ 9 ਫੀਸਦੀ ਯੂਜ਼ਰਜ਼ ਨੂੰ ਮੋਬਾਇਲ ਐਪ 'ਤੇ ਪਰੇਸ਼ਾਨੀ ਆਈ।

## ਜਲਦ ਆਵੇਗਾ ਏ.ਆਈ. ਦਾ ਨਵਾਂ ਅਵਤਾਰ ਏ.ਜੀ.ਆਈ.

ਏ. ਆਈ. ਦਾ ਇਕ ਨਵਾਂ ਅਵਤਾਰ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ (AGI) ਆ ਰਿਹਾ ਹੈ, ਜੋ ਹਰ ਕੰਮ 'ਚ ਮਨੁੱਖਾਂ ਨੂੰ ਪਿੱਛੇ ਛੱਡ ਦੇਵੇਗਾ। ਖਾਸ ਕਰ ਕੇ ਇਹ ਆਰਥਿਕ ਮਹੱਤਵ ਦੇ ਸਾਰੇ ਕੰਮ ਮਨੁੱਖਾਂ ਨਾਲੋਂ ਬਿਹਤਰ ਢੰਗ ਨਾਲ ਕਰੇਗਾ। ਮਾਹਿਰਾਂ ਦਾ ਦਾਅਵਾ ਹੈ ਕਿ ਸਾਲ 2026 'ਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਦਾ ਅਜਿਹਾ ਸੈਸ਼ਨ ਆਵੇਗਾ, ਜੋ ਅਮਰੀਕਾ ਨਾਲੋਂ ਵੀ ਵੱਧ ਸਮਾਰਟ ਹੋਵੇਗਾ। ਇਸ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਪੂਰੀ ਤਰ੍ਹਾਂ ਮਨੁੱਖਾਂ ਨੂੰ ਪਛਾੜ ਦੇਵੇਗਾ।

ਏ. ਆਈ. ਦੇ ਖੋਜਕਾਰ ਡਾਰੀਓ ਅਮੋਡੇਈ, ਜੋ ਏ. ਆਈ. ਕੰਪਨੀ ਐਂਥ੍ਰੋਪਿਕ ਦੇ ਸੀ. ਈ. ਓ. ਹਨ, ਦਾ ਕਹਿਣਾ ਹੈ ਕਿ ਸਭ ਕੁਝ ਬਹੁਤ ਤੇਜ਼ੀ ਨਾਲ ਹੋਣ ਵਾਲਾ ਹੈ। ਪਹਿਲਾਂ ਕੀਤੇ ਗਏ ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਮਨੁੱਖਾਂ ਨਾਲੋਂ ਤੇਜ਼ ਏ. ਆਈ. 2040 ਤੱਕ ਵਿਕਸਿਤ ਹੋਵੇਗਾ, ਹੁਣ ਸਥਿਤੀ ਇਹ ਹੈ ਕਿ ਇਹ ਉਸ ਤੋਂ ਬਹੁਤ ਪਹਿਲਾਂ 2026 'ਚ ਹੀ ਹੋਣ ਵਾਲਾ ਹੈ। ਏ. ਜੀ. ਆਈ. ਦਾ ਆਗਮਨ ਵੱਡੀ ਭਾਸ਼ਾ ਮਾਡਲ 'ਚ ਇਕ ਤੇਜ਼ ਤਬਦੀਲੀ ਦਾ ਪ੍ਰਤੀਕ ਹੈ।




ਏ. ਆਈ. ਦੀ ਇਸ ਅਗਲੀ ਪੀੜ੍ਹੀ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਇਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਇਸ ਨੂੰ ਨਵਾਂ ਨਾਂ ਵੀ ਦਿੱਤਾ ਗਿਆ ਹੈ। ਇਸ ਨੂੰ ਏ. ਆਈ. ਨਹੀਂ ਏ. ਜੀ. ਆਈ.-2026 ਕਿਹਾ ਜਾ ਰਿਹਾ ਹੈ। ਏ. ਜੀ. ਆਈ. ਦਾ ਅਰਥ ਹੈ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ।

ਓਪਨ ਏ. ਆਈ. ਦੇ ਮੁੱਖ ਕਾਰਜਕਾਰੀ ਸੈਮ ਆਲਟਮੈਨ ਦੇ ਸਮਰਥਨ ਨਾਲ ਇਸ ਨਵੇਂ ਅਵਤਾਰ ਦਾ ਵਿਕਾਸ ਹੋ ਰਿਹਾ ਹੈ। ਏ. ਆਈ. ਮੌਜੂਦਾ ਸਮੇਂ 'ਚ ਸਿਰਫ਼ ਸ਼ਤਰੰਜ ਵਰਗੀਆਂ ਖੇਡਾਂ 'ਚ ਹੀ ਮਨੁੱਖਾਂ ਨੂੰ ਹਰਾਉਣ ਦੇ ਯੋਗ ਹੈ ਪਰ ਏ. ਜੀ. ਆਈ. ਹਰ ਖੇਤਰ 'ਚ ਮਨੁੱਖਾਂ ਨੂੰ ਹਰਾਉਣ ਵਾਲਾ ਹੈ।

# ਕਾਵਿ ਕਿਆਰੀ

## ਦੁਨੀਆਦਾਰੀ

ਦੁਨੀਆ ਵਿੱਚ ਜੇ ਰਹਿਣਾ ਐ
ਤਾਂ ਦੁਨੀਆ ਵਰਗਾ ਹੋਣਾ ਸਿੱਖ

ਹੱਸਦਾ ਚਿਹਰਾ ਸਾਹਮਣੇ ਰੱਖ
ਅੰਦਰ ਦਰਦ ਲੁਕਾਉਣਾ ਸਿੱਖ।

ਜੇ ਆਪਣੀ ਗੱਲ ਸੁਣਾਵੇਂਗਾ
ਕੋਈ ਨਹੀਂ ਏਥੇ ਸੁਣਨ ਵਾਲਾ

ਜੋ ਅਗਲੇ ਸੁਣਨੀ ਚਾਹੁੰਦੇ ਨੇ
ਬਸ ਉਹੀ ਗੱਲ ਸੁਣਾਉਣਾ ਸਿੱਖ।

ਮਿੱਟੀ ਨੂੰ ਕਹਿਕੇ ਸੋਨਾ ਵੇਚ
ਤੇ ਸੋਨੇ ਦੇ ਮੁੱਲ ਮਿੱਟੀ ਪਾ

ਹੱਥਾਂ ਤੇ ਸਰ੍ਹੋਂ ਜਮਾ ਦਿਆ ਕਰ
ਅੰਬਰਾਂ ਨੂੰ ਟਾਕੀ ਲਾਉਣਾ ਸਿੱਖ।

ਧਰਮੀ ਬਣ ਜਾ ਕਰਮੀ ਬਣ ਜਾ
ਤੇ ਕੋਈ ਧੰਦਾ ਤੋਰ ਪਾਖੰਡਾਂ ਦਾ

ਤੇਰੇ ਹੱਕ 'ਚ ਨਾਅਰੇ ਲੱਗਣਗੇ
ਧਰਮਾਂ ਦੇ ਨਾਂ ਭੜਕਾਉਣਾ ਸਿੱਖ।

ਹੱਕ ਨਾ ਮੰਗੀਂ ਸੱਚ ਨਾ ਬੋਲੀਂ
ਕਦੇ ਉਲਟ ਹਵਾਵਾਂ ਦੇ ਨਾ ਚੱਲੀਂ

ਜਾਗਦਿਆਂ ਰਹਿ ਸੁਪਨੇ ਨਾ ਵੇਖੀਂ
ਜੇ ਸੁਪਨੇ ਵੇਖਣੇ ਆ ਸੌਣਾ ਸਿੱਖ।

ਸ਼ਾਇਰਾ ਕਾਇਰਾਂ ਵਰਗਾ ਹੋਜਾ
ਕਲਮ ਨੂੰ ਕਾਬੂ ਦੇ ਵਿੱਚ ਰੱਖੀਂ

ਗੁਲਾਮੀ ਦੀ ਜੰਜੀਰਾਂ ਵਿੱਚ ਬਹਿਕੇ
'ਜੱਸੀ' ਜ਼ਸ਼ਨ ਮਨਾਉਣਾ ਸਿੱਖ।

**ਲੇਖਕ : ਜਗਤਾਰ ਗਰੇਵਾਲ 'ਸਕਰੌਦੀ'**
**ਸੰਪਰਕ: 94630-36033**

## ਮੇਰਾ ਜ਼ਖਮ

ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਕੁੱਝ ਹੁਣ ਦਾ ਏ, ਕੁੱਝ ਪਹਿਲਾਂ ਦਾ ਏ,
ਕੁੱਝ ਹਿਜ਼ਰ ਦਾ ਏ, ਕੁੱਝ ਵਸਲ ਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਇਹਦਾ ਅੰਗਾਂ ਉੱਤੇ ਨਿਸ਼ਾਨ ਨਹੀ,
ਮੇਰੀਆਂ ਅੱਖਾਂ ਵਿੱਚੋਂ ਦਿਖਦਾ ਏ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਪਲ ਭਰ ਵੀ ਸੌਣ ਨਾ ਦਿੰਦਾ ਏ,
ਬੇਹੋਸ਼ੀ, 'ਚ ਹੋਸ਼ ਨਾ ਦਿੰਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਰੱਬ ਅੱਗੇ ਤਰਲੇ ਕਰਦਾ ਹਾਂ,
ਬਸ ਉਹੀ ਜਾਣੇ ਇਹ ਮੇਰਾ ਜਖਮ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

ਸੱਟਾਂ ਤੇ ਸੱਟਾਂ ਖਾਂਦਾ ਹਾਂ,
ਹੈ ਇਕੋ ਹੀ ਸੱਟ ਮੇਰਾ ਜਖਮ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।
ਉਹ ਆ ਜਾਵੇ ਤਾ ਸੁਕ ਜਾਵੇ,
ਹੈ ਜਿਸਦਾ ਦਿੱਤਾ ਇਹ ਮੇਰਾ ਜਖਮ,
ਕਦੇ ਭਰਦਾ ਏ, ਕਦੇ ਛਿਲਦਾ ਏ,
ਕੁੱਝ ਹੋਰ ਨਹੀ, ਇਹ ਮੇਰਾ ਜ਼ਖਮ ।

ਇਹਦਾ ਅੰਗਾਂ ਉੱਤੇ ਨਿਸ਼ਾਨ ਨਹੀ,
ਮੇਰੀਆਂ ਅੱਖਾਂ ਵਿੱਚੋਂ ਦਿਖਦਾ ਏ,
ਕੁੱਝ ਹੋਰ ਨਹੀਂ, ਇਹ ਮੇਰਾ ਜ਼ਖਮ ।

**ਲੇਖਕ : ਸੰਦੀਪ ਕੁਮਾਰ**

## ਸੱਜਣ

ਜਦ ਵੀ ਸੱਜਣ ਹੱਸ ਜਾਂਦੇ ਨੇ।
ਸਾਡੇ ਦਿਲ ਵਿੱਚ ਵਸ ਜਾਂਦੇ ਨੇ।
ਬੋਲ ਵੀ ਉਸਦੇ ਸ਼ਹਿਦ ਗੜੁੱਤੇ,
ਕੰਨੀਂ ਘੋਲ ਕੇ ਰਸ ਜਾਂਦੇ ਨੇ।

ਢਿੱਲੀਆਂ ਛੱਡ ਕੇ ਦਿਲ ਦੀਆਂ ਵਾਗਾਂ
ਡੋਰ ਇਸ਼ਕ ਦੀ ਕਸ ਜਾਂਦੇ ਨੇ।
ਚੰਨ ਜਿਹਾ ਮੁੱਖੜਾ ਤੱਕਣ ਖ਼ਾਤਰ
ਇਹ ਦੋ ਨੈਣ ਤਰਸ ਜਾਂਦੇ ਨੇ।

ਭੇਤ ਲੁਕਾਏ ਦਿਲ ਅੰਦਰ ਜੋ,
ਕਦੇ ਕਦੇ ਉਹ ਦੱਸ ਜਾਂਦੇ ਨੇ।
ਜੇ ਕਰੀਏ ਗੱਲ ਪਿਆਰਾਂ ਵਾਲੀ,
ਨੀਵੀਂ ਪਾ ਕੇ ਨੱਸ ਜਾਂਦੇ ਨੇ।

ਸੋਚ ਦੇ ਬੱਦਲ ਉੱਡਕੇ ਉਹਦੀਆਂ
ਜ਼ੁਲਫ਼ਾਂ ਦੇ ਵਿੱਚ ਫਸ ਜਾਂਦੇ ਨੇ।
ਐਸੀਆਂ ਪਾਉਂਦੇ ਪਾਉਂਦੇ ਸਾਡੇ,
ਇਹ ਪੋਟੇ ਸਾਰੇ ਘਸ ਜਾਂਦੇ ਨੇ।

ਇਸ਼ਕ 'ਚ ਕਮਲਾ ਹੋਇਆ 'ਬਾਘਾ'
ਲੋਕ ਇਹ ਤਾਅਨਾ ਕਸ ਜਾਂਦੇ ਨੇ।

**ਲੇਖਕ : ਬਲਵਿੰਦਰ ਬਾਘਾ**
**ਸੰਪਰਕ: 94636-26920**

## ਵੇਖੀਂ...

ਸ਼ੁੱਧ ਹਵਾ ਵਿੱਚ, ਬਾਣੀ ਦੀ ਤਰਾਵਟ ਹੋਵੇ।
ਕਿਤੇ ਵੀ ਨਾ, ਜ਼ਹਿਰਾਂ ਦੀ ਮਿਲਾਵਟ ਹੋਵੇ।

ਖੁੱਲ੍ਹ ਜਾਣ ਸਾਰੇ, ਲਾਂਘੇ ਮੁਹੱਬਤਾਂ ਵਾਲੇ,
ਨਫ਼ਰਤ ਜਿਹੀ ਕੋਈ, ਨਾ ਰੁਕਾਵਟ ਹੋਵੇ।

ਕਰਦੇ ਰਹੀਏ ਉੱਦਮ, ਤਰੱਕੀਆਂ ਲਈ,
ਨਾ ਮੱਥੇ ਵੱਟ, ਨਾ ਕੋਈ ਥਕਾਵਟ ਹੋਵੇ।

ਉਹੀ ਬਣੀਏ ਅੰਦਰੋਂ, ਜੋ ਵੀ ਬਾਹਰੋਂ ਹਾਂ,
ਮਨਾਂ 'ਚ ਅਹੰ ਦੀ, ਨਾ ਫੁਲਾਵਟ ਹੋਵੇ।

ਉੱਚੇ ਸੁੱਚੇ ਹੋਵਣ, ਰਾਜਸੀ ਕਿਰਦਾਰ ਜੋ,
ਨਾ ਅਡੰਬਰ, ਨਾ ਬਾਹਰੀ ਦਿਖਾਵਟ ਹੋਵੇ।

ਸੱਚੀਂ ਜੇ ਨਾਨਕ ਰਾਹ ਦੇ ਪਾਂਧੀ ਬਣੀਏ,
ਕਤਈ ਨਾ ਸੋਚਾਂ ਵਿੱਚ ਗਿਰਾਵਟ ਹੋਵੇ।

ਸਜਾ ਤੂੰ ਵੀ, ਦਿਲ ਦੇ ਘਰ ਨੂੰ 'ਨੌਹਰੇ',
ਵੇਖੀਂ! ਨਾ ਉੱਤੋਂ ਉੱਤੋਂ ਹੀ ਸਜਾਵਟ ਹੋਵੇ।

**ਲੇਖਕ : ਚਰਨਜੀਤ ਨੌਹਰਾ**
**ਸੰਪਰਕ: 81466-46477**

## ਦਿਲ ਦਾ ਕਾਅਬਾ

ਢਾਅ ਕੇ ਦਿਲ ਦਾ ਕਾਅਬਾ ਤੈਨੂੰ ।
ਮਿਲਿਆ ਕਿਹੜਾ ਤਮਗ਼ਾ ਤੈਨੂੰ ।

ਨੀਵਾਂ ਹੋ ਕੇ ਉਚਾ ਕਰ ਲੈ,
ਇਹ ਗੱਲ ਆਖੇ ਰੁਤਬਾ ਤੈਨੂੰ ।

ਉਲਫ਼ਤ ਦਾ ਈ ਠੁਮਕਾ ਲਾਵੀਂ,
ਆਖੇ ਦਿਲ ਦਾ ਤਬਲਾ ਤੈਨੂੰ ।

ਮੈਂ ਦੇ ਵਿਚ ਜਦ ਮੈਂ ਤੂੰ ਹੋਇਐ,
ਹੁਣ ਕਾਹਦਾ ਏ ਪਰਦਾ ਤੈਨੂੰ ।

ਆਖੇ ਤੇਰੇ ਲਈ ਆਂ 'ਆਸੀ'
ਖ਼ਾਲੀ ਕਬਰ ਦਾ ਕੁਤਬਾ ਤੈਨੂੰ ।

**ਲੇਖਕ : ਆਸਿਫ਼ 'ਆਸੀ'**

## ਪੰਗਾ

ਆਹ ਕਿਹੜਾ ਕਜੀਆ ਛੇੜ ਨਵਾਂ,
ਕਿਉਂ ਬੈਠਾਂ ਅਕਲ ਗਿਆ ਬਾਬਾ।
ਕਿਹੜੀ ਗੱਲ ਤੋਂ ਪੰਗਾ ਲੈ ਬੈਠਾਂ,
ਹੱਥ ਭੂਮਣੇ ਖੱਖਰ 'ਚ ਪਾ ਬਾਬਾ।

ਕੱਢ ਗਾਲ੍ਹਾਂ ਪਰਖ ਜਾਤ ਕੋਈ,
ਉੱਚਾ ਹੋ ਨਾ ਆਪ ਵਿਖਾ ਬਾਬਾ।
ਛਾਂ ਢਲਦੇ ਤੂੰ ਪ੍ਰਛਾਵਿਆਂ ਦੀ,
ਪੰਡ ਹੰਕਾਰ ਦੀ ਸਿਰੋਂ ਲਾਹ ਬਾਬਾ।

ਕਰ ਨਿੰਦਿਆਂ ਜਣਨੀਜਨ ਤਾਈਂ,
ਹੱਥ ਪੱਗ ਨੂੰ ਰਿਹਾਂ ਪਾ ਬਾਬਾ।
ਮੂੰਹ ਚੁੱਕ ਤਾਂਹਾਂ ਨੂੰ ਮਾਰ ਫੂਕਾਂ,
ਸੂਰਜ ਸਕਦਾ ਨਹੀਂ ਬੁਝਾ ਬਾਬਾ।

ਹੁਣ ਕਾਤਕ ਹੋ ਜਦ ਰੱਦ ਗਏ,
ਤੇਰਾ ਲਹਿ ਹੰਕਾਰ ਗਿਆ ਬਾਬਾ।
ਐਸਾ ਛੇੜ ਨਾ ਛੇੜੀਂ ਮੁੜ 'ਭਗਤਾ',
ਹੁੰਦੇ ਲੋਕ ਨੇ ਬੁਰੀ ਬਲਾਅ ਬਾਬਾ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : +1-604-751-1113**

## ਗ਼ਜ਼ਲ

ਫ਼ਕੀਰਾ ਕੁਝ ਤਾਂ ਬੋਲ, ਦਿਲਾਂ ਵਿੱਚ ਦਹਿਸ਼ਤ ਕਿਉਂ ਹੈ।
ਚੁੱਪ ਕਿਉਂ ਕਾਇਨਾਤ, ਸਹਿਮੀ ਧਰਤ ਕਿਉਂ ਹੈ॥
ਉਹ ਮੁੱਠੀ ਭਰ ਨੇ ਜੋ, ਨਿੱਤ ਲੁੱਟੀ ਕੁੱਟੀ ਜਾਂਦੇ ਨੇ।
ਮਿੱਟੀ ਦੇ ਜਾਇਆਂ ਦੀ, ਬੇਬੱਸ ਹਾਲਤ ਕਿਉਂ ਹੈ॥

ਮਹਿਲਾਂ ਤੋਂ ਬਾਹਰ ਵੀ, ਇੱਕ ਹੋਰ ਦੁਨੀਆ ਵਸਦੀ ਹੈ।
ਫਿਰ ਕੇਵਲ, ਮਹਿਲਾਂ ਦੀ ਹਿਫ਼ਾਜ਼ਤ ਕਿਉਂ ਹੈ॥
ਲੋੜਾਂ ਥੋੜਾਂ ਖ਼ਾਹਿਸ਼ਾਂ, ਆਪਣੀਆਂ ਸਾਂਝੀਆਂ ਨੇ।
ਸੋਚੋ! ਕਿਹੜੀ ਗੱਲੋਂ, ਖਿਲਰੀ ਅੱਜ ਤਾਕਤ ਕਿਉਂ ਹੈ॥

ਮਸਲਾ ਰੋਟੀ ਰੋਜ਼ੀ ਦਾ, ਅਸੀਂ ਪਿੱਛੇ ਛੱਡ ਆਏ।
ਧਰਮਾਂ ਕਰਮਾਂ ਵਿੱਚ, ਪਿਸ ਰਹੀ ਖਲਕਤ ਕਿਉਂ ਹੈ॥
ਫੁੱਲ ਭੌਰੇ ਕਲੀਆਂ, ਇੱਕ ਜਿੰਦ ਇੱਕ ਜਾਨ ਸੱਭੇ।
ਦਿਲ ਦਾ ਕਾਲਾ ਮਾਲੀ, ਬੀਜਦਾ ਨਫ਼ਰਤ ਕਿਉਂ ਹੈ॥

ਆਉ ਕਲਮਾਂ ਵਾਲਿਓ, ਵਕਤ ਦੇ ਸਫ਼ੇ ਨੂੰ ਪੜ੍ਹੀਏ।
ਅੱਜ ਬਾਗੀ ਕਲਮਾਂ ਦੀ, ਹੁੰਦੀ ਸ਼ਨਾਖਤ ਕਿਉਂ ਹੈ॥
ਕੀ ਚਾਲ ਹੈ ਪੈਸੇ ਦੀ, ਜਾਂ ਕਿਰਦਾਰ ਜਮਾਤੀ ਹੈ।
ਚਿੱਟੇ ਭਗਵੇਂ ਦੇ ਸੰਗ, ਜੁੜਦੀ ਸ਼ਰਾਫ਼ਤ ਕਿਉਂ ਹੈ॥

ਬੰਨ੍ਹ ਮੰਡਾਸਾ ਔਲਖ, ਦਰਿਆ ਦੁੱਖਾਂ ਦੇ ਤਰੀਏ।
ਅੱਖਾਂ ਮੀਟ ਕਿਸੇ ਦੀ ਤੂੰ, ਕਰਨੀ ਇਬਾਦਤ ਕਿਉਂ ਹੈ॥

**ਲੇਖਕ : ਸੁਖਦੇਵ ਸਿੰਘ ਔਲਖ**
**ਸੰਪਰਕ: 094647-70121**

## ਮੇਰੀ ਕਿਤਾਬ

ਮੇਰੇ ਕਹਿਣ ਤੋਂ ਕੁਝ ਪਹਿਲਾਂ ਹੀ
ਮੇਰੀ ਲਿਖੀ ਕਿਤਾਬ ਬਣਕੇ ਆ
ਮੈਂ ਸੁਣਨੇ ਗੀਤ ਬਹਾਰ ਦੇ
ਤੂੰ ਮੇਰੀ ਰਬਾਬ ਬਣਕੇ ਆ
ਕੋਹਾਂ ਦੂਰ ਵੱਜੀ ਛੱਲ ਦਾ
ਅਹਿਸਾਸ ਬਣਕੇ ਆ
ਮੈਂ ਜਿਵੇਂ ਸ਼ਾਹਜਹਾਂ ਅੱਜ ਦਾ
ਤੂੰ ਮੇਰੀ ਮੁਮਤਾਜ ਬਣਕੇ ਆ
ਹੋਵੇ ਉਰਦੂ ਦਾ ਲੇਖਕ
ਗੁਲਾਮ ਅੱਬਾਸ ਬਣਕੇ ਆ
ਬਿਰਹੋਂ ਦੇ ਜੋ ਗੀਤ ਗਉਣ
ਤੂੰ ਸ਼ਿਵ ਕੁਮਾਰ ਬਣਕੇ ਆ।

**ਲੇਖਕ : ਸੋਨੀ ਧੀਮਾਨ**

## ਖ਼ੁਦਗਰਜ਼ੀ

ਹੇ ਖ਼ੁਦਾ ਮੈਂ ਪ੍ਰੀਤ ਤੇਰੇ ਨਾਲ ਲਾ ਬੈਠੀ ,
ਤੂੰ ਅਪਣਾਉਣਾ ਜਾਂ ਠੁਕਰਾਉਣਾ ਇਹੋ
ਤੇਰੀ ਮਰਜ਼ੀ ਏ।
ਤੈਨੂੰ ਵਿਸਾਰ ਕੇ ਸਭ ਨੂੰ
ਆਪਣਾ ਸਮਝ ਲੈ ਮੈ,
ਬੇਗਾਨਿਆਂ ਲਈ ਤੈਨੂੰ ਭੁੱਲਣਾ
ਇਹ ਮੇਰੀ ਖ਼ੁਦਗਰਜ਼ੀ ਏ।
ਤੂੰ ਦੇਖ ਤਾਂ ਸਹੀ ਕਿੰਝ
ਮੀਨ ਵਾਂਗ ਤੜਪਾ ਮੈ,
ਮੈਂ ਸੁਣਿਆ ਤੇਰੀ ਨਿਗਾਹ ਤਾਂ
ਪਾਰਦਰਸ਼ੀ ਏ।
ਲਾਇਆ ਨਾ ਕਿਨਾਰੇ ਕਿਸੇ
ਜਿੰਦਗੀ ਦੀ ਬੇੜੀ ਨੂੰ,
ਤੇਰੇ ਬਿਨਾਂ ਜੱਗ ਝੂਠਾ ਫਰੇਬੀ
ਤੇ ਫਰਜੀ ਏ।
ਲੱਖਾਂ ਚੋਟਾਂ ਦੀ ਮਰਹਮ
ਤੇਰੀ ਨਿਗਾਂਹ ਮੇਹਰ ਦੀ ਏ ,
ਤੇਰੇ ਤੋਂ ਵੱਡਾ ਦੱਸ ਕੌਣ ਹਮਦਰਦੀ ਏ।
ਸਭ ਦੁੱਖ ਭੁੱਲ ਜਾਂਦੀ ਤੇਰੇ
ਦਰ ਤੇ ਆ ਕੇ ਮੈ,
ਪਰ ਜਿੰਦ ਤੈਨੂੰ ਦੁਬਾਰਾ
ਖੋਹਣ ਤੋਂ ਡਰਦੀ ਏ।
ਕਈ ਜਨਮਾਂ ਦੇ ਪਾਪ ਇਕ
ਛਿਨ 'ਚ ਧੋ ਦਿੰਦੀ
ਜਦ ਨਾਮ ਤੇਰੇ ਦੀ ਅੰਮ੍ਰਿਤ
ਵਰਖਾ ਵਰਦੀ ਏ।

**ਲੇਖਕ : ਨਵਦੀਪ ਕੌਰ**
**001-672-272-3164**

## ਮਿੰਨਤਾਂ ਕਰ ਕਰ ਥੱਕੀ

ਮਿੰਨਤਾਂ ਕਰ ਕਰ ਥੱਕੀ
ਨੀ ਮੈਂ ਅੱਡੀਆਂ ਚੁੱਕ ਚੁੱਕ ਥੱਕੀ
ਇੱਕ ਵੀ ਪੂਰੇ ਮੈਨੂੰ ਪਾਰ ਨਾ ਲਾਇਆ
ਗੋਲ ਚੱਕਰ ਵਿੱਚ ਘੁੰਮੀ
ਜਿੰਦ ਨਿਮਾਣੀ ਹੁਣ ਕੂਕਾਂ ਮਾਰੇ
ਚੀਰ ਹੁੰਦੀ ਜਿਉਂ ਤਿੱਖੇ ਆਰੇ
ਆ ਮਿਲ ਯਾਰ ਨਿਮਾਣੜੀ
ਨਿੱਤ ਵਾਜਾਂ ਮਾਰੇ
ਹਉਕੇ ਹਾਵਾ ਹੂਕ ਛਡਾ ਦੇ
ਲਾ ਦੇ ਯਾਰ ਕਿਨਾਰੇ
ਮਾਧੋ ਹੁਸੈਨ ਤੇਰਾ ਪੱਲਾ ਫੜਿਆ
ਤਨ ਮਨ ਸਭ ਰੁਸ਼ਨਾ ਦੇ
ਮਿਲ ਜਾਵੇ ਕੋਈ ਸੋਹਣਾ ਮਾਧੋ
ਗੁੜ੍ਹੀਆਂ ਪ੍ਰੀਤਾਂ ਪਾਂਵਾਂ
ਮੈਂ ਵੀ ਘਰ ਦੇ ਵਿਹੜੇ ਦੇ ਵਿੱਚ
ਕੋਈ ਅੱਡਾ ਤਾਣੀਏ ਤਾਂਣਾਂ
ਹਿਜਰ ਦੀ ਰੇਸ਼ਮੀ ਤੰਦ ਪਾ ਕੇ
ਸੂਹੀ ਫੁਲਕਾਰੀ ਬਣਾਂਵਾਂ
ਸਿਰ ਤੇ ਲੈ ਕੇ ਮੈਂ ਵੀ ਆਖਾਂ
"ਮੈਂ ਨਾਂਹੀਂ ਸਭ ਤੂੰ".

**ਲੇਖਕ : ਸੰਤੋਸ਼ ਰਾਮ**

## ਕਲਮ

ਐ ਬੁਰਜੂਆ
ਤੂੰ ਖ਼ੌਫ ਦੀਆਂ ਲਕੀਰਾਂ ਖਿੱਚ ਕੇ
ਚੁੱਪ 'ਤੇ ਪੈਂਤੜੇ ਨਾ ਅਜ਼ਮਾ
ਤੂੰ ਨਹੀਂ ਜਾਣਦਾ
ਹਨ੍ਹੇਰਾ ਹੋਰ ਡੂੰਘਾ ਹੋ ਜਾਂਦਾ
ਤੇ ਚੁੱਪ ਦਾ ਸ਼ੋਰ
ਵੀ ਬੜਾ ਖ਼ੌਫ਼ਨਾਕ ਹੁੰਦਾ
ਦਿਲ-ਓ ਦਿਮਾਗ ਦੀ ਲੋਅ
ਲਟ ਲਟ ਬਲਦੀ ਆ
ਕਦਰਾਂ ਕੀਮਤਾਂ ਦੀ ਹਿਫਾਜ਼ਤ
ਕਰਨ ਦਾ ਜਜ਼ਬਾ
ਮੁੱਢ ਕਦੀਮਾਂ ਤੋਂ ਹੀ
ਹੈ ਸਾਡੇ ਖ਼ੂਨ ਅੰਦਰ
ਤੇ ਸਮਰੱਥ ਕਲਮ ਸਦਾ
ਉਮੀਦ ਨੂੰ ਰੱਖਦੀ ਏ ਜ਼ਿੰਦਾ
ਤੇ ਲਗਾਤਾਰ ਸੰਘਰਸ਼ ਦੇ
ਰਾਹੇ ਤੋਰਦੀ ਆ।

**ਲੇਖਕ : ਅਮਨਦੀਪ ਕੌਰ ਜੋਗਾ**

## ਅਜੇ ਤੀਕਰ

ਅਜੇ ਅੰਗੂਰਾਂ ਤੀਕਰ ਹੱਥ ਨਾ ਉੱਪੜਦੇ।
ਅੰਗੂਰ ਅਜੇ ਤਾਂ ਜ਼ਖ਼ਮਾਂ ਦੇ ਹੀ ਉੱਚੜਦੇ।

ਦਰਦ ਗਲੋਟੇ ਤ੍ਰਿੰਝਣ ਵਿੱਚ ਜੇ ਉੱਧੜਦੇ।
ਬੇਦਰਦਾਂ ਦੇ ਤੰਬੂ ਹੁਣ ਤੱਕ ਉੱਜੜਦੇ।

ਉਨ੍ਹਾਂ ਤੀਕਰ ਕਦ ਇਹ ਅੱਖਰ ਉੱਪੜਦੇ।
ਕਾਗਜ਼ 'ਤੇ ਹਨ ਜ਼ਖ਼ਮ ਜਿਨ੍ਹਾਂ ਦੇ ਨੁੱਚੜਦੇ।

ਕੈਨਵਸ ਉੱਤੇ ਰੰਗ ਤਦੋਂ ਹੀ ਉੱਘੜਦੇ।
ਬੁਰਸ਼ਾਂ ਨੂੰ ਹੱਥ ਛੋਹਣ ਮੁਸੱਵਰ ਸੁੱਘੜ ਦੇ।

ਰੁੱਖਾਂ ਨਾਲ ਹੀ ਪੱਤਿਆਂ ਮੌਜ ਬਹਾਰ ਲਈ,
ਟੁੱਟ ਕੇ ਬਣਨ ਭੰਬੀਰੀ ਮੂਹਰੇ ਝੱਖੜ ਦੇ।

ਜੰਗਬਾਜ਼ਾਂ ਦੇ ਨਾਸੀਂ ਧੂੰਆਂ ਆਇਆ ਹੈ,
ਪੈਰ ਪੈਰ 'ਤੇ ਪੈਰ ਉਨ੍ਹਾਂ ਦੇ ਉੱਖੜਦੇ।

**ਹਰਮਿੰਦਰ ਸਿੰਘ ਕੋਹਾਰਵਾਲਾ**
**ਸੰਪਰਕ: 98768-73735**

## ਗ਼ਜ਼ਲ

ਕੋਰੇ ਵਰਕਿਆਂ ਉੱਪਰ ਜੇਕਰ ਸੱਚ ਲਿਖਾਂ।
ਅੱਖਾਂ ਦੇ ਵਿੱਚ ਅੱਥਰੂ ਭਰਕੇ ਗੱਚ ਲਿਖਾਂ।
ਹਰ ਰਿਸ਼ਤੇ ਦੀ ਮੌਤ ਦਾ ਕਾਰਨ ਪੈਸਾ ਹੀ,
ਸੱਚ ਲਿਖਾਂ ਤੇ ਚੜ੍ਹ ਕੇ ਕੋਠੇ ਨੱਚ ਲਿਖਾਂ।

ਮੇਰੀ ਤੇਰੀ ਸਭ ਦੀ ਇੱਕ ਹਕੀਕਤ ਇਹ,
ਕਰਕੇ ਨਾ ਮੈਂ ਇੱਕ ਫ਼ਿਰਕੇ ਨੂੰ ਟੱਚ ਲਿਖਾਂ।
ਵਿੱਚ ਹਵਾ ਦੇ ਉੱਡਦੀ ਨਾ ਮੈਂ ਗੱਲ ਲਿਖਾਂ,
ਹਰ ਰਿਸ਼ਤੇ ਦੀ ਰੂਹ ਦੇ ਵਿੱਚ ਮੈਂ ਰਚ ਲਿਖਾਂ।

ਹਰ ਰਿਸ਼ਤੇ ਦੀ ਉਮਰ ਹੈ ਇੱਥੇ ਗਰਜ਼ਾਂ ਨਾਲ,
ਕਿਉਂ ਨਾ ਇਸਨੂੰ ਕੂੜ-ਕਬਾੜ ਤੇ ਕੱਚ ਲਿਖਾਂ।
'ਪਾਰਸ' ਵੀ ਮੁਹਤਾਜ ਕਿਸੇ ਦੀ ਛੋਹ ਦਾ ਹੀ,
ਕਿੱਦਾਂ ਮੈਂ ਅਸਲੀਅਤ ਤੋਂ ਇਹ ਬਚ ਲਿਖਾਂ।

**ਲੇਖਕ : ਪ੍ਰਤਾਪ 'ਪਾਰਸ' ਗੁਰਦਾਸਪੁਰੀ**
**ਸੰਪਰਕ: 99888-11681**

## ਪੰਜਆਬ

ਕਦੇ-ਕਦੇ ਦਿਲ ਕਰਦਾ ਐ ।
ਕਿ ਮੈਂ ਰਾਵੀ ਹੋ ਜਾਵਾਂ ।

ਕੁੱਝ ਕੁ ਇਸ ਪਾਸੇ ਮੈਂ ਵੱਸ 'ਜਾਂ ।
ਕੁੱਝ ਕੁ ਉਸ ਪਾਸੜ ਖੋ ਜਾਵਾਂ ।

ਬਣ ਜਾਵਾਂ ਮੈਂ ਪਾਣੀ ।
ਹਰਿਮੰਦਰ ਤੇ ਮੈਂ ਬਰਸਾਂ ।

ਤੇ ਆਪਣਾ ਅੱਧਾ ਹਿੱਸਾ ਕਰ ।
ਨਨਕਾਣਾ ਵੀ ਧੋ ਆਵਾਂ ।

ਹੋ ਜਾਵਾਂ ਮੈਂ ਮਿੱਟੀ ।
ਤੇ ਮਿੱਟੀ ਨਾਲ ਮਿਲ ਜਾਵਾਂ ।

ਆਨੰਦ ਲਵਾਂ ਗੁਰਬਾਣੀ ਦਾ ।
ਅਜ਼ਾਨ ਦਾ ਲੁਤਫ਼ ਉਠਾਵਾਂ ।

ਰੂਪ ਧਾਰ ਲਵਾਂ ਪੰਛੀ ਦਾ ।
ਤੇ ਖ਼ੂਬ ਉਡਾਰੀਆਂ ਲਾਵਾਂ ।

ਉਸ ਮੁਲਕ 'ਚ ਵੜ ਕੇ ਮੈਂ ।
ਗੀਤ ਪਿਆਰ ਦਾ ਗਾਵਾਂ ।

ਸ਼ੁਰੂ ਕਰਾਂ ਮੈਂ ਐਧਰ ਲਿਖਣਾ ।
ਉੱਧਰ ਜਾਣ ਮੁਕਾਵਾਂ ।

ਦੋਵੇਂ ਹੱਸਦੇ ਵੱਸਦੇ ਵੱਸਣ ।
ਦਿਲ ਤੋਂ ਇਹੀ ਦੁਆਵਾਂ ।

**ਲੇਖਕ : ਅਰਜ਼ਪ੍ਰੀਤ**

# ਨਾਰੀ ਸੰਸਾਰ



## ਪਤੀ-ਪਤਨੀ ਤਕਰਾਰਾਂ ਨੂੰ ਵੱਡਾ ਮਸਲਾ ਨਾ ਬਨਣ ਦਿਓ

ਲੇਖਕ : ਅਵਨੀਤ ਕੌਰ ਮਾਂਹਪੁਰ
ਮੋਬਾਈਲ : 98150-99098

ਅਜੋਕੇ ਸਮੇਂ 'ਚ ਜਿਥੇ ਅਸੀਂ ਹੋਰਨਾਂ ਰਿਸ਼ਤਿਆਂ ਨੂੰ ਫਿੱਕਾ ਪੈਂਦਾ ਸੁਣਦੇ ਹਾਂ ਉਥੇ ਹੀ ਪਤੀ-ਪਤਨੀ ਦੇ ਰਿਸ਼ਤੇ ਵਿਚ ਵੀ ਦਰਾੜ ਪੈਦਾ ਹੁੰਦੀ ਜਾ ਰਹੀ ਹੈ। ਇਸ ਰਿਸ਼ਤੇ ਵਿਚ ਕਈ ਛੋਟੀਆਂ-ਮੋਟੀਆਂ ਗੱਲਾਂ ਹਨ ਜੋ ਇਸ ਰਿਸ਼ਤੇ ਵਿਚ ਤਕਰਾਰ ਪੈਦਾ ਕਰ ਦਿੰਦੀਆਂ ਹਨ। ਅਸੀਂ ਨਾ ਚਾਹੁੰਦੇ ਹੋਏ ਵੀ ਇਹੋ ਜਿਹਾ ਕਦਮ ਚੁੱਕ ਲੈਂਦੇ ਹਾਂ ਜਿਸ ਕਾਰਨ ਸਾਨੂੰ ਜ਼ਿੰਦਗੀ ਭਰ ਪਛਤਾਉਣਾ ਪੈਂਦਾ ਹੈ। ਇਸ ਰਿਸ਼ਤੇ ਵਿਚ ਲੜਾਈ ਝਗੜੇ ਜਾਂ ਮਨ ਮੁਟਾਵ ਅਕਸਰ ਹੁੰਦਾ ਹੀ ਰਹਿੰਦਾ ਹੈ, ਪਰ ਜੇਕਰ ਅਸੀਂ ਉਨ੍ਹਾਂ ਨੂੰ ਬੈਠ ਕੇ ਸੁਲਝਾ ਲਈਏ ਤਾਂ ਸਾਡੀ ਸਾਰੀ ਜ਼ਿੰਦਗੀ ਸੁਖਾਵੀਂ ਬਣ ਸਕਦੀ ਹੈ। ਜੇ ਸਾਡੇ ਮਨਾਂ ਵਿਚ ਇਕ ਵਾਰ ਦਰਾੜ ਪੈਦਾ ਹੋ ਜਾਵੇ ਤਾਂ ਸਾਡੀ ਸਾਰੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਪਤੀ-ਪਤਨੀ ਨੂੰ ਚਾਹੀਦਾ ਹੈ ਕਿ ਉਹ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਜੇਕਰ ਪਤੀ ਸ਼ਰਾਬ ਆਦਿ ਦਾ ਨਸ਼ਾ ਕਰਦਾ ਹੈ ਤਾਂ ਪਤਨੀ ਉਸ ਨੂੰ ਅਜਿਹਾ ਕਰਨ ਤੋਂ ਪਿਆਰ ਨਾਲ ਰੋਕੇ ਨਾ ਕਿ ਉਸ ਨਾਲ ਰੋਜ਼ਾਨਾ ਕਲੇਸ਼ ਕਰੇ। ਪਤੀ ਜੇਕਰ ਰਾਤ ਨੂੰ ਦੇਰ ਨਾਲ ਘਰ ਆਉਂਦਾ ਹੈ ਤਾਂ ਪਤਨੀ ਉਸ ਨੂੰ ਦੇਰ ਨਾਲ ਆਉਣ ਦਾ ਕਾਰਨ ਪੁੱਛਦੀ ਹੈ ਤਾਂ ਉਸ ਦਾ ਜਵਾਬ ਪਤੀ ਖਿੱਝ ਕੇ ਨਾ ਦੇਵੇ। ਜੇਕਰ ਪਤੀ ਨੂੰ ਬਿਨਾਂ ਕਿਸੇ ਕੰਮ ਤੋਂ ਕਿਸੇ ਦੋਸਤ ਦਾ ਰੋਜ਼ਾਨਾ ਫ਼ੋਨ ਆਉਂਦਾ ਹੈ ਜਾਂ ਪਤੀ ਦਾ ਦੋਸਤ ਰੋਜ਼ਾਨਾ ਘਰ ਆਉਂਦਾ ਹੈ ਤੇ ਪਤਨੀ ਨੂੰ ਉਸ ਦੇ ਦੋਸਤ ਦਾ ਰੋਜ਼ਾਨਾ ਫ਼ੋਨ ਆਉਣਾ ਜਾਂ ਘਰ ਆਉਣਾ ਪਸੰਦ ਨਹੀਂ ਤਾਂ ਪਤੀ ਆਪਣੇ ਦੋਸਤ ਨੂੰ ਕਿਸੇ ਤਰੀਕੇ ਨਾਲ ਸਮਝਾ ਕੇ ਅਜਿਹਾ ਕਰਨ ਤੋਂ ਵਰਜ ਦੇਵੇ। ਪਤੀ ਜਾਂ ਪਤਨੀ ਇਕ ਦੂਜੇ ਦੀਆਂ ਆਦਤਾਂ ਨੂੰ ਕੋਸਣ ਦੀ ਬਜਾਏ ਉਸ ਨੂੰ ਪਿਆਰ ਨਾਲ ਆਪਣੀ ਆਦਤ 'ਚ ਸੁਧਾਰ ਕਰਨ ਬਾਰੇ ਕਹਿਣਾ ਚਾਹੀਦਾ ਹੈ।

ਪਤੀ-ਪਤਨੀ ਦਾ ਰਿਸ਼ਤਾ ਇਕ ਅਜਿਹਾ ਰਿਸ਼ਤਾ ਹੈ ਜਿਸ ਵਿਚ ਪਿਆਰ ਤੇ ਵਿਸ਼ਵਾਸ ਬੇਹੱਦ ਜ਼ਰੂਰੀ ਹੁੰਦਾ ਹੈ ਤੇ ਦੋਵਾਂ ਨੂੰ ਕੋਈ ਵੀ ਗੱਲ ਇਕ ਦੂਜੇ ਤੋਂ ਲੁਕਾਉਣੀ ਨਹੀਂ ਚਾਹੀਦੀ। ਜੇਕਰ ਕੋਈ ਫ਼ਜ਼ੂਲ ਖ਼ਰਚ ਕਰ ਰਿਹਾ ਹੈ ਤਾਂ ਉਸ ਨੂੰ ਉਸ ਦੇ ਫ਼ਜ਼ੂਲ ਖ਼ਰਚੇ ਤੋਂ ਜਾਣੂ ਕਰਵਾਓ। ਜੇਕਰ ਪਤਨੀ ਪੇਕੇ ਘਰ ਜ਼ਿਆਦਾ ਜਾਵੇ ਜਾਂ ਆਪਣੇ ਸੱਸ ਸਹੁਰੇ ਦੀ ਇੱਜ਼ਤ ਨਾ ਕਰੇ ਜਾਂ ਘਰ ਆਏ ਮਹਿਮਾਨਾਂ ਨੂੰ ਦੇਖ ਕੇ ਆਪਣੇ ਕਮਰੇ ਵਿਚ ਵੜਦੀ ਹੋਵੇ ਤਾਂ ਉਸ ਨਾਲ ਲੜਾਈ ਨਾ ਕਰੋ, ਬਲਕਿ ਪਿਆਰ ਨਾਲ ਉਸ ਨੂੰ ਅੱਗੇ ਤੋਂ ਅਜਿਹਾ ਨਾ ਕਰਨ ਬਾਰੇ ਸਮਝਾਓ। ਪਤਨੀ ਉੱਪਰ ਜ਼ਿਆਦਾ ਬੋਝ ਵੀ ਨਾ ਪਾਓ, ਜੋ ਕੰਮ ਤੁਸੀਂ ਖ਼ੁਦ ਕਰ ਸਕਦੇ ਹੋ ਉਹ ਜ਼ਰੂਰ ਕਰੋ। ਪਤਨੀ ਦੇ ਸੁਪਨਿਆਂ ਨੂੰ ਮਰਨ ਨਾ ਦਿਓ। ਉਸ ਦੀਆਂ ਵੀ ਸਹੁਰੇ ਘਰ ਪ੍ਰਤੀ ਕੁਝ ਭਾਵਨਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਉਜਾਗਰ ਕਰਨਾ ਚਾਹੁੰਦੀ ਹੈ, ਉਸ ਨੂੰ ਵੀ ਉਸ ਦੇ ਸੁਪਨੇ ਪੂਰੇ ਕਰਨ ਦਿਓ। ਪਤਨੀ ਨੂੰ ਹਰ ਸਮੇਂ ਗੁੱਸੇ ਨਾਲ ਜਾਂ ਖਿਝ ਕੇ ਨਾ ਪੈਂਦੇ ਰਹੋ, ਇਸ ਤਰ੍ਹਾਂ ਕਰਨ ਨਾਲ ਉਸ ਦੇ ਮਨ ਵਿਚ ਤੁਹਾਡੇ ਪਤੀ ਨਫ਼ਰਤ ਪੈਦਾ ਹੁੰਦੀ ਹੈ। ਉਹ ਆਪਣੇ ਮਨ ਦੀ ਕੋਈ ਵੀ ਗੱਲ ਤੁਹਾਡੇ ਨਾਲ ਨਹੀਂ ਕਰ ਸਕਦੀ। ਜੇਕਰ ਪਤੀ ਕਾਰੋਬਾਰੀ ਹੈ ਜਾਂ ਕਿਤੇ ਨੌਕਰੀ ਕਰਦਾ ਹੈ ਤੇ ਉਹ ਸਵੇਰੇ ਘਰੋਂ ਜਾ ਕੇ ਸ਼ਾਮ ਨੂੰ ਵਾਪਸ ਆਉਂਦਾ ਹੈ ਤਾਂ ਉਹ ਆਪਣਾ ਕੁਝ ਸਮਾਂ ਆਪਣੀ ਪਤਨੀ ਨਾਲ ਗੁਜ਼ਾਰੇ, ਕਿਉਂਕਿ ਪਤਨੀ ਵੀ ਸਵੇਰੇ ਤੋਂ ਕੰਮ-ਕਾਜ ਕਰ ਕੇ ਥੱਕੀ ਹੁੰਦੀ ਹੈ, ਉਸ ਦੇ ਮਨ ਵਿਚ ਵੀ ਕਈ ਸਵਾਲ-ਜਵਾਬ ਹੁੰਦੇ ਹਨ ਜੋ ਉਹ ਆਪਣੇ ਪਤੀ ਨਾਲ ਕਰਨਾ ਚਾਹੁੰਦੀ ਹੈ।

ਪਤਨੀ ਵੀ ਬੂਹੇ ਅੱਗੇ ਖਲੋਤੀ ਪਤੀ ਦਾ ਇੰਤਜ਼ਾਰ ਕਰਦੀ ਹੈ। ਜੇਕਰ ਪਤੀ ਆ ਕੇ ਪਤਨੀ ਨੂੰ ਬੁਲਾਉਂਦਾ ਨਹੀਂ, ਖਾਣਾ ਖਾ ਕੇ ਆਪਣਾ ਸਮਾਂ ਅਖ਼ਬਾਰ ਪੜ੍ਹਨ ਜਾਂ ਟੀ.ਵੀ. ਵਿਚ ਲੰਘਾ ਦਿੰਦਾ ਹੈ ਤਾਂ ਪਤਨੀ ਨੂੰ ਬੜਾ ਦੁੱਖ ਲਗਦਾ ਹੈ। ਦੋਸਤਾਂ-ਮਿੱਤਰਾਂ ਵਿਚ ਸਮਾਂ ਗੁਜ਼ਾਰਨ ਦੀ ਬਜਾਏ ਤੁਸੀਂ ਆਪਣਾ ਸਮਾਂ ਆਪਣੇ ਜੀਵਨ ਸਾਥੀ, ਬੱਚਿਆਂ ਨਾਲ ਗੁਜ਼ਾਰੋ। ਪਤਨੀ ਜੇਕਰ ਕੋਈ ਅਜਿਹੀ ਚੀਜ਼ ਮੰਗਦੀ ਹੈ ਜੋ ਤੁਹਾਡੇ ਬਜਟ 'ਚ ਨਹੀਂ ਹੈ ਤਾਂ ਪਤਨੀ ਨੂੰ ਪਿਆਰ ਨਾਲ ਸਮਝਾ ਦਿਓ। ਪਤਨੀ ਦੀ ਆਖੀ ਹਰ ਇਕ ਗੱਲ ਦਾ ਉਲਟ ਮਤਲਬ ਨਾ ਕੱਢੋ। ਜੇਕਰ ਤੁਹਾਨੂੰ ਆਪਣਾ ਹਮਸਫ਼ਰ ਪਸੰਦ ਨਹੀਂ ਹੈ ਤਾਂ ਉਸ ਦਾ ਦੋਸ਼ ਆਪਣੇ ਹਮਸਫ਼ਰ ਵਿਚ ਨਾ ਕੱਢੋ, ਬਲਕਿ ਉਸ ਨੂੰ ਖ਼ੁਸ਼ੀ-ਖ਼ੁਸ਼ੀ ਕਬੂਲ ਕਰ ਲਵੋ। ਆਪਣੀ ਪਤਨੀ ਨੂੰ ਘਰ ਵਿਚ ਨੀਵੇਂ ਦਰਜੇ ਦੀ ਨਾ ਬਣਾ ਕੇ ਰੱਖੋ ਬਲਕਿ ਉਸ ਨੂੰ ਘਰ ਦੇ ਮੈਂਬਰ ਵਾਂਗ ਉੱਚਾ ਦਰਜਾ ਦੇਵੋ ਕਿਉਂਕਿ ਉਹ ਤੁਹਾਡੇ ਲਈ ਆਪਣਾ ਘਰ-ਬਾਹਰ, ਮਾਂ-ਪਿਓ ਸਭ ਕੁਝ ਛੱਡ ਕੇ ਆਉਂਦੀ ਹੈ, ਉਸ ਨੇ ਸਿਰਫ਼ ਤੁਹਾਨੂੰ ਪਾਉਣ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਹੁੰਦਾ ਹੈ।

ਪਤਨੀ ਕਦੇ ਵੀ ਪਤੀ ਦਾ ਬੁਰਾ ਨਹੀਂ ਚਾਹੁੰਦੀ। ਉਹ ਹਮੇਸ਼ਾ ਚੰਗੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ। ਪਤੀ ਉਸ ਦੀਆਂ ਆਖ਼ੀਆਂ ਗੱਲਾਂ ਦਾ ਬੁਰਾ ਨਾ ਮਨਾਵੇ, ਬਲਕਿ ਉਨ੍ਹਾਂ ਨੂੰ ਹੱਸ ਕੇ ਕਬੂਲ ਕਰ ਲਵੇ। ਪਤੀ ਪਤਨੀ ਨੂੰ ਇਕ ਦੂਜੇ ਦੀ ਪਸੰਦ ਨਾਪਸੰਦ ਨੂੰ ਫਿਟਕਰਾਨਾ ਨਹੀਂ ਚਾਹੀਦਾ ਬਲਕਿ ਤਾਰੀਫ਼ ਕਰਨੀ ਚਾਹੀਦੀ ਹੈ। ਪਤਨੀ ਨੂੰ ਵੀ ਆਪਣਾ ਸਾਰਾ ਪਿਆਰ ਸਹੁਰੇ ਪਰਿਵਾਰ ਵਿਚ ਵੰਡ ਦੇਣਾ ਚਾਹੀਦਾ ਹੈ। ਉਸ ਨੂੰ ਆਪਣਾ ਸਹੁਰਾ ਪਰਿਵਾਰ ਆਪਣੇ ਪੇਕੇ ਪਰਿਵਾਰ ਵਾਂਗ ਹੀ ਸਮਝਣਾ ਚਾਹੀਦਾ ਹੈ।

ਇਕ ਦੂਜੇ ਦੀਆਂ ਛੋਟੀਆਂ-ਮੋਟੀਆਂ ਗੱਲਾਂ ਨੂੰ ਸ਼ੱਕ ਦੀ ਨਜ਼ਰ ਵਿਚ ਲੈ ਕੇ ਆਉਣਾ ਚੰਗੀ ਗੱਲ ਨਹੀਂ, ਕਿਉਂਕਿ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਵਿਚ ਆ ਰਹੀਆਂ ਜ਼ਿਆਦਾਤਰ ਦਰਾੜਾਂ ਸ਼ੱਕ ਦੇ ਆਧਾਰ 'ਤੇ ਹੀ ਪੈਂਦੀਆਂ ਹਨ। ਜੇਕਰ ਅਸੀਂ ਜ਼ਿੰਦਗੀ ਵਿਚ ਪੈ ਰਹੀਆਂ ਇਨ੍ਹਾਂ ਦਰਾੜਾਂ ਨੂੰ ਪੈਣ ਤੋਂ ਪਹਿਲਾਂ ਹੀ ਭਰ ਦਈਏ ਤਾਂ ਅਸੀਂ ਸਾਰੀ ਜ਼ਿੰਦਗੀ ਖ਼ੁਸ਼ੀਆਂ ਭਰੀ ਬਤੀਤ ਕਰ ਸਕਦੇ ਹਾਂ ਕਿਉਂਕਿ ਛੋਟੀਆਂ-ਛੋਟੀਆਂ ਦਰਾੜਾਂ ਕਾਰਨ ਹੀ ਪਤੀ-ਪਤਨੀ ਦੇ ਰਿਸ਼ਤੇ ਤਲਾਕ ਤੱਕ ਜਾ ਪਹੁੰਚਦੇ ਹਨ। ਸੋ ਸਾਨੂੰ ਲੋੜ ਹੈ ਆਪੋ-ਆਪਣੇ ਫ਼ਰਜ਼ਾਂ ਨੂੰ ਪਛਾਨਣ ਦੀ ਫੇਰ ਹੀ ਅਸੀਂ ਸਾਰੀ ਜ਼ਿੰਦਗੀ ਖ਼ੁਸ਼ੀਆਂ ਨਾਲ ਗੁਜ਼ਾਰ ਸਕਦੇ ਹਾਂ।

## ਕਿਸ ਤਰ੍ਹਾਂ ਕਰੀਏ ਪਕਵਾਨਾਂ ਦੀ ਸਹੀ ਪਲੇਟਿੰਗ



ਲੇਖਕ : ਖੁੰਜਰੀ ਦੇਵਾਂਗਨ

ਦਿਨ ਭਰ ਦੀ ਥਕਾਨ ਤੋਂ ਬਾਅਦ ਚੰਗੀ ਤਰ੍ਹਾਂ ਪਰੋਸੀ ਥਾਲੀ ਕਿਸੇ ਦੀ ਵੀ ਭੁੱਖ ਨੂੰ ਹੋਰ ਵਧਾ ਦਿੰਦੀ ਹੈ। ਪਰ ਉਹੀ ਥਾਲੀ ਜੇਕਰ ਬੇਢੰਗੇ ਢੰਗ ਨਾਲ ਪਰੋਸੀ ਜਾਵੇ ਤਾਂ ਖਾਣ ਵਾਲੇ ਦੀ ਭੁੱਖ ਖ਼ਤਮ ਹੋ ਜਾਂਦੀ ਹੈ।

- ਸਹੀ ਤਰ੍ਹਾਂ ਦੀ ਪਲੇਟ ਦੀ ਚੋਣ ਸਭ ਤੋਂ ਜ਼ਰੂਰੀ ਹੈ। ਪਕਵਾਨ ਦੇ ਹਿਸਾਬ ਨਾਲ ਪਲੇਟ ਦੀ ਚੋਣ ਕਰੋ। ਉਹ ਨਾ ਵੱਡੀ ਹੋਵੇ ਅਤੇ ਨਾ ਹੀ ਛੋਟੀ।
- ਖਾਣੇ ਨੂੰ ਕਦੀ ਇਕੱਠਾ ਮਿਲਾ ਕੇ ਨਾ ਰੱਖੋ। ਉਸ ਨੂੰ ਥਾਲੀ ਜਾਂ ਪਲੇਟ ਵਿਚ ਵੱਖ-ਵੱਖ ਥਾਂ 'ਤੇ ਰੱਖੋ। ਇਸ ਨਾਲ ਪਕਵਾਨਾਂ ਦੀ ਸੁੰਦਰਤਾ ਝਲਕਦੀ ਹੈ।
- ਖਾਣੇ ਵਿਚ ਰੰਗਾਂ ਅਤੇ ਬਨਾਵਟ ਦਾ ਸਮਾਵੇਸ਼ ਹੋਣਾ ਜ਼ਰੂਰੀ ਹੁੰਦਾ ਹੈ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਨੂੰ ਸਜਾ ਕੇ ਰੱਖਣ ਨਾਲ ਖਾਣਾ ਆਕਰਸ਼ਕ ਦਿਸਦਾ ਹੈ।
- ਜੋ ਸਜਾਵਟ ਪਲੇਟ 'ਤੇ ਕੀਤੀ ਹੋਵੇ ਉਹ ਨਜ਼ਰ ਆਉਣੀ ਜ਼ਰੂਰੀ ਹੁੰਦੀ ਹੈ। ਇੰਡੀਅਨ ਕਰੀ ਬਣਨ ਤੋਂ ਬਾਅਦ ਸਭ ਇਕੋ ਜਿਹੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਵੱਖ-ਵੱਖ ਢੰਗ ਨਾਲ ਸਜਾਉਣ ਦੀ ਕੋਸ਼ਿਸ਼ ਕਰੋ, ਜਿਵੇਂ ਕਦੀ ਬਟਰ ਜਾਂ ਘਿਓ ਦੇ ਉੱਪਰ ਧਨੀਆ ਪੱਤੇ, ਪੁਦੀਨੇ ਦੇ ਪੱਤੇ ਆਦਿ ਨਾਲ ਗਾਰਨਿਸ਼ਿੰਗ ਭਾਵ ਸਜਾਵਟ ਕਰੋ। ਡਿੱਸ਼ਾਂ ਜਿੰਨੀਆਂ ਰੰਗਦਾਰ ਹੋਣਗੀਆਂ, ਓਨਾ ਹੀ ਜ਼ਿਆਦਾ ਵਿਅਕਤੀ ਉਸ ਨੂੰ ਖਾਣ ਲਈ ਆਕਰਸ਼ਕ ਹੋਵੇਗਾ।
- ਸਲਾਦ ਦੀ ਪਲੇਟ ਨੂੰ ਸਜਾਉਣ ਲਈ ਤਰ੍ਹਾਂ-ਤਰ੍ਹਾਂ ਦੇ ਰੰਗਾਂ ਵਾਲੀਆਂ ਸਬਜ਼ੀਆਂ ਦੀ ਵਰਤੋਂ ਕਰੋ।
- ਤਰੀ ਵਾਲੀਆਂ ਸਬਜ਼ੀਆਂ ਨੂੰ ਸੁੰਦਰ ਅਤੇ ਕਰੀਏਟਿਵ ਢੰਗ ਨਾਲ ਸਜਾਓ।
- ਸਜਾਉਣ ਲਈ ਸਾਡੇ ਇਥੇ ਕਈ ਢੰਗ ਦੇ ਗ੍ਰੀਨ ਹਰਬਲ ਜਿਵੇਂ ਧਨੀਏ ਦੇ ਪੱਤੇ, ਪੁਦੀਨੇ ਦੇ ਪੱਤੇ, ਬੇਸਿਲ ਆਦਿ ਮਿਲਦੇ ਹਨ ਪਰ ਅਸੀਂ ਇਨ੍ਹਾਂ ਨੂੰ ਕੱਟ ਕੇ ਸਿੱਧਾ ਸਬਜ਼ੀ ਵਿਚ ਪਾ ਦਿੰਦੇ ਹਾਂ। ਇਨ੍ਹਾਂ ਨੂੰ ਵੱਖਰੇ ਢੰਗ ਨਾਲ ਉੱਪਰ ਸਜਾਓ।
- ਅੱਜ ਦੀ ਨੌਜਵਾਨ ਪੀੜ੍ਹੀ ਖਾਣਾ ਬਣਾਉਣ ਤੋਂ ਦੂਰ ਭੱਜਦੀ ਹੈ ਇਸ ਲਈ ਜ਼ਿਆਦਾ ਗ਼ਲਤੀਆਂ ਕਰਦੇ ਹਨ। ਨਵੀਂ ਪੀੜ੍ਹੀ ਨੂੰ ਥੋੜ੍ਹਾ ਮਾਰਗਦਰਸ਼ਨ ਦੀ ਜ਼ਰੂਰਤ ਹੁੰਦੀ ਹੈ ਜੋ ਕਿਸੇ ਮਾਹਰ ਤੋਂ ਮਿਲ ਸਕਦੀ ਹੈ। ਕਈ ਵਾਰ ਤਾਂ ਨੌਜਵਾਨਾਂ ਨੂੰ ਇਕੱਲੇ ਵੀ ਰਹਿਣਾ ਪੈਂਦਾ ਹੈ, ਜਿਥੇ ਉਨ੍ਹਾਂ ਨੂੰ ਖਾਣਾ ਬਣਾਉਣਾ ਹੀ ਪੈਂਦਾ ਹੈ। ਉਦੋਂ ਉਹ ਇਹ ਗ਼ਲਤੀਆਂ ਅਕਸਰ ਕਰਦੇ ਹਨ :
- ਖਾਣੇ ਨੂੰ ਜ਼ਿਆਦਾ ਪਕਾਉਂਦੇ ਹਨ, ਜਿਸ ਨਾਲ ਖਾਣੇ ਦਾ ਸਵਾਦ ਪਤਾ ਨਹੀਂ ਲਗਦਾ।
- ਖਾਣੇ ਵਿਚ ਮਸਾਲੇ ਦਾ ਅੰਦਾਜ਼ਾ ਠੀਕ ਨਹੀਂ ਹੁੰਦਾ ਜਦ ਕਿ ਉਸ ਦਾ ਗਿਆਨ ਹੋਣਾ ਜ਼ਰੂਰੀ ਹੈ। ਕਿਹੜੇ ਮਸਾਲੇ ਦੀ ਉਪਯੋਗਿਕਤਾ ਕੀ ਹੈ, ਕਿਸ ਨੂੰ ਕਿਸ ਵਿਚ ਕਦੋਂ ਮਿਲਾਉਣਾ ਹੈ ਆਦਿ ਦੀ ਜਾਣਕਾਰੀ ਵੀ ਹੋਣੀ ਚਾਹੀਦੀ।

## ਸਮੇਂ ਦੇ ਬਣੀਏ ਪਾਬੰਦ

ਲੇਖਕ : ਗੁਰਜੋਤ ਕੌਰ



ਜਿਹੜਾ ਇਨਸਾਨ ਸਮੇਂ ਦਾ ਪਾਬੰਦ ਹੋਵੇ, ਜਿਹੜਾ ਹਰ ਜਗ੍ਹਾ ਦਿੱਤੇ ਸਮੇਂ ਅਨੁਸਾਰ ਪਹੁੰਚੇ, ਉਸ ਬਾਰੇ ਅਕਸਰ ਕਿਉਂ ਇਹ ਧਾਰਨਾ ਬਣਾ ਲਈ ਜਾਂਦੀ ਹੈ ਕਿ ਇਸ ਇਨਸਾਨ ਕੋਲ ਵਾਧੂ ਜਾਂ ਫਾਲਤੂ ਸਮਾਂ ਹੈ ਕਿਉਂਕਿ ਇਹ ਹਮੇਸ਼ਾ ਪਹਿਲਾਂ ਪਹੁੰਚਦਾ ਹੈ।


ਕਿਉਂ ਅੱਜਕਲ੍ਹ ਨੁਕਸਾਨ ਜਾਂ ਨਮੋਸ਼ੀ ਉਸ ਇਨਸਾਨ ਨੂੰ ਝੱਲਣੀ ਪੈਂਦੀ ਹੈ ਜੋ ਸਮੇਂ ਦੀ ਕਦਰ ਕਰਕੇ, ਮਿਥੇ ਸਮੇਂ 'ਤੇ ਹਰ ਹਾਲ ਵਿਚ ਪਹੁੰਚੇ? ਅੱਜਕਲ੍ਹ ਇੰਜ ਜਾਪਦਾ ਹੈ ਕਿ ਸਮੇਂ ਦੀ ਕਦਰ ਕਰਨਾ ਗੁਨਾਹ ਜਾਂ ਕੋਈ ਬਹੁਤ ਵੱਡਾ ਪਾਪ ਹੋ ਗਿਆ ਹੈ। ਡਾਕਟਰ ਨਾਲ ਮੁਲਾਕਾਤ ਤੋਂ ਲੈ ਕੇ ਸਕੂਲਾਂ ਦੀ ਮਾਪੇ-ਅਧਿਆਪਕ ਮਿਲਣੀ 'ਤੇ ਵੀ ਦਿੱਤੇ ਸਮੇਂ 'ਤੇ ਨਾ ਪਹੁੰਚ ਕੇ ਦੁਨੀਆ ਪਤਾ ਨਹੀਂ ਕੀ ਸਾਬਤ ਕਰਨਾ ਚਾਹੁੰਦੀ ਹੈ ਤੇ ਆਪਣੇ ਬੱਚਿਆਂ ਜਾਂ ਛੋਟਿਆਂ ਲਈ ਕੀ ਉਦਾਹਰਨ ਤੈਅ ਕਰਨਾ ਚਾਹੁੰਦੀ ਹੈ?

ਤੁਸੀਂ ਕਿਸੇ ਡਾਕਟਰ ਤੋਂ ਮੁਲਾਕਾਤ ਲਈ ਸਮਾਂ ਲਿਆ ਹੋਵੇ ਅਤੇ ਪੂਰੇ ਸਮੇਂ 'ਤੇ ਪਹੁੰਚੋ ਤੇ ਜਾ ਕੇ ਪਤਾ ਲਗਦਾ ਹੈ ਕਿ ਹਾਲੇ ਸਮਾਂ ਲੱਗੇਗਾ, ਹਾਲੇ ਤਿੰਨ ਮਰੀਜ਼ ਲਾਈਨ ਵਿਚ ਨੇ, ਕਿਉਂਕਿ ਜਿਸ ਦਾ ਨੰਬਰ ਇਕ ਘੰਟਾ ਪਹਿਲਾਂ ਸੀ, ਉਹ ਇਕ ਘੰਟਾ ਲੇਟ ਹੋ ਗਏ। ਅਜਿਹੇ ਲੋਕਾਂ ਦੀ ਲੇਟ ਲਤੀਫ਼ੀ ਦੀ ਸਜ਼ਾ ਨਿਰਧਾਰਤ ਸਮੇਂ 'ਤੇ ਆਉਣ ਵਾਲਿਆਂ ਨੂੰ ਕਿਉਂ? ਸਾਡੇ ਹਰ ਤਰ੍ਹਾਂ ਦੇ ਕਿੱਤੇ ਦੇ ਪ੍ਰਬੰਧਕਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਸਮੇਂ ਦੇ ਪਾਬੰਦ ਬੰਦੇ ਨਾਲ ਇਹ ਰਵੱਈਆ ਹਰਗਿਜ਼ ਨਹੀਂ ਅਪਣਾਇਆ ਜਾਣਾ ਚਾਹੀਦਾ? ਇਹ ਰਵੱਈਆ ਉਸ ਨਾਲ ਹੋਣਾ ਚਾਹੀਦਾ ਹੈ ਜਿਸ ਨੇ ਸਮੇਂ 'ਤੇ ਨਾ ਪਹੁੰਚ ਕੇ ਹੋਰਾਂ ਦਾ ਪ੍ਰਬੰਧ ਖ਼ਰਾਬ ਕੀਤਾ। ਪਰ ਅਫ਼ਸੋਸ ਸਮਾਜ ਵਿਚ ਸਮੇਂ ਦੇ ਪਾਬੰਦ ਤੇ ਇਨ੍ਹਾਂ ਲੋਕਾਂ ਦੀ ਕਦਰ ਕਰਨ ਵਾਲੇ ਲੋਕ ਬਹੁਤ ਘੱਟ ਨੇ।

ਸਮੇਂ ਦੇ ਪਾਬੰਦ ਹੋਣ ਨਾਲ ਸਾਡੀ ਜ਼ਿੰਦਗੀ ਵਿਚ ਅਨੁਸ਼ਾਸਨ ਪੈਦਾ ਹੋ ਜਾਂਦਾ ਹੈ ਜੋ ਕਿ ਸਾਡੀ ਸ਼ਖ਼ਸੀਅਤ ਦੇ ਨਾਲ-ਨਾਲ ਵੱਡਾ ਹੁੰਦਾ ਜਾਂਦਾ ਹੈ। ਸਮੇਂ ਦੀ ਪਾਬੰਦੀ ਸਾਡੇ ਅੰਦਰ ਆਤਮ-ਵਿਸ਼ਵਾਸ ਪੈਦਾ ਕਰਦੀ ਹੈ ਤੇ ਸਬਰ, ਸਕਾਰਾਤਮਿਕ ਰਵੱਈਆ, ਜਿਨ੍ਹਾਂ ਦੀ ਅੱਜ ਹਰ ਇਨਸਾਨ ਨੂੰ ਲੋੜ ਹੈ। ਸਮੇਂ ਦੀ ਪਾਬੰਦੀ ਸਾਡੇ ਅੰਦਰ ਇਨ੍ਹਾਂ ਦੋਵਾਂ ਚੀਜ਼ਾਂ ਨੂੰ ਹੌਲੀ-ਹੌਲੀ ਪੈਦਾ ਕਰਦੀ ਹੈ। ਸਵੇਰੇ ਸਮੇਂ ਸਿਰ ਉੱਠਣ ਅਤੇ ਹਰ ਕੰਮ ਬਿਨਾਂ ਦੇਰੀ ਤੋਂ ਨਿਰਧਾਰਤ ਸਮੇਂ 'ਤੇ ਸ਼ੁਰੂ ਕਰਨ ਨਾਲ ਮਿੱਥੇ ਸਮੇਂ ਵਿਚ ਤੁਹਾਡਾ ਸਾਰਾ ਕੰਮ ਪ੍ਰਾਥਮਿਕਤਾ ਮੁਤਾਬਿਕ ਹੋ ਜਾਂਦਾ ਹੈ ਜੋ ਸਮੇਂ ਦੀ ਕਦਰ ਨਾ ਕਰਨ ਨਾਲ ਅਸੀਂ ਗਵਾ ਦਿੰਦੇ ਹਾਂ।

ਸਕੂਲਾਂ ਵਿਚ ਪੜ੍ਹਦਿਆਂ ਜਦ ਮੁੱਖ ਮਹਿਮਾਨ ਆਪਣੇ ਮਿੱਥੇ ਸਮੇਂ ਤੋਂ ਬਹੁਤ ਲੇਟ ਆਉਂਦੇ ਸਨ ਤਾਂ ਬਚਪਨ ਵਿਚ ਦਿਮਾਗ਼ ਵਿਚ ਇਕ ਧਾਰਨਾ ਨੇ ਘਰ ਕਰ ਲਿਆ ਸੀ ਕਿ ਸ਼ਾਇਦ ਵੱਡੇ ਅਤੇ ਮਸ਼ਹੂਰ ਲੋਕ ਲੇਟ ਆਉਂਦੇ ਨੇ ਤਾਂ ਹੀ ਉਹ ਸਫ਼ਲ ਨੇ ਪਰ ਜਿਵੇਂ-ਜਿਵੇਂ ਜ਼ਿੰਦਗੀ ਵਿਚ ਸਮਝ ਆਉਣ ਲੱਗੀ ਤਾਂ ਚਾਨਣ ਹੋਇਆ ਕਿ ਅਸਲੀ ਸਫਲਤਾ ਸਮੇਂ ਦੀ ਕਦਰ ਕਰਨ ਵਿਚ ਹੈ, ਬਾਕੀਆਂ ਲਈ ਉਦਾਹਰਨ ਤੈਅ ਕਰਨ ਵਿਚ ਹੈ। ਕਿਉਂਕਿ ਸਮਾਂ ਬਹੁਤ ਤੇਜ਼ੀ ਨਾਲ ਵਧਦਾ ਹੈ, ਕਿਸੇ ਲਈ ਨਹੀਂ ਰੁਕਦਾ, ਸਮੇਂ ਦੀ ਤੇਜ਼ ਰਫ਼ਤਾਰ ਨਾਲ ਜਿਸ ਨੇ ਤਾਲ ਮਿਲਾਉਣੀ ਸਿੱਖ ਲਈ, ਉਸ ਲਈ ਮੰਜ਼ਿਲ ਸਰ ਕਰਨੀ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਆਸਾਨ ਹੋ ਜਾਂਦਾ ਹੈ।

ਸੋ, ਸਾਨੂੰ ਚਾਹੀਦਾ ਹੈ ਕਿ ਆਪਣੇ ਸਮੇਂ ਦੀ ਅਤੇ ਬਾਕੀਆਂ ਦੇ ਸਮੇਂ ਦੀ ਵੀ ਕਦਰ ਕਰਨਾ ਸਿੱਖੀਏ ਤਾਂ ਕਿ ਸਮਾਂ ਵੀ ਸਾਡੀ ਕਦਰ ਕਰੇ।



# CLASSIFIEDS & MATRIMONIALS



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5’3” tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## Looking for Nanny/Home Support Worker

We are looking for a compassionate, Punjabi-speaking caregiver male/ female for our 85-year-old mother. The ideal candidate must be able to stay at home with her, assist with driving to appointments, and help with light cleaning. If interested, please contact us for more details : **604-726-4638, 604-926-1526.**

**Email : Kahlonkamal @yahoo.com**

## BRIDE WANTED

ਇੰਡੀਆ ਰਹਿੰਦੀ ਵਾਲਮੀਕ, ਮੱਜ਼ਬੀ ਸਿੱਖ ਲੜਕੀ, ਉਮਰ 36 ਸਾਲ, ਐਮ. ਐਸ. ਸੀ. (ਫੈਸ਼ਨ ਡਿਜ਼ਾਇਨਿੰਗ), ਪ੍ਰਾਈਵੇਟ ਟੀਚਰ, ਲਈ ਕੈਨੇਡਾ ਵਿੱਚ ਪੀ.ਆਰ. ਜਾਂ ਵਰਕ ਪਰਮਿਟ ਲੜਕੇ ਦੀ ਭਾਲ ਹੈ। ਲੜਕੀ ਤਲਾਕਸ਼ੁਦਾ ਹੈ ਵਿਆਹ ਤੋਂ ਕੁਝ ਦਿਨ ਬਾਅਦ ਹੀ ਤਲਾਕ ਹੋ ਗਿਆ ਸੀ। ਪਿਤਾ ਸਿਹਤ ਵਿਭਾਗ ਤੋਂ ਸੇਵਾ ਮੁਕਤ ਹਨ। ਇੱਕ ਭਰਾ ਹੈਲਥ ਇੰਸਪੈਕਟਰ, ਇੱਕ ਭਰਾ ਕੈਨੇਡਾ ਵਿੱਚ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : +1 - 604-725-0178 AP 13-02

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

# ਕਿਸਾਨਾਂ ਲਈ ਫ਼ਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ ਲਾਜ਼ਮੀ ਕਿਉਂ

ਲੇਖਕ : ਪ੍ਰੋ. ਸੁਖਦੇਵ ਸਿੰਘ
ਸੰਪਰਕ: 94642-25655

ਜੌਹਨ ਐੱਫ ਕੈਨੇਡੀ ਦੇ ਕਥਨ ਅਨੁਸਾਰ ਮੌਜੂਦਾ ਆਰਥਵਿਵਸਥਾ ਵਿੱਚ ‘ਕਿਸਾਨ ਹੀ ਅਜਿਹਾ ਆਦਮੀ ਹੈ ਜੋ ਹਰ ਚੀਜ਼ ਖਰੀਦਦਾ ਪ੍ਰਚੂਨ ਵਿੱਚ ਹੈ ਪਰ ਵੇਚਦਾ ਥੋਕ ਵਿੱਚ ਹੈ, ਤੇ ਦੋਵੇਂ ਤਰ੍ਹਾਂ ਕਰ ਭੁਗਤਾਨ ਕਰਦਾ ਹੈ।’

ਖੇਤੀਬਾੜੀ ਸਾਰੇ ਮਨੁੱਖੀ ਸੱਭਿਆਚਾਰਾਂ ਅਤੇ ਮਨੁੱਖ ਦੁਆਰਾ ਬਣਾਏ ਉਤਪਾਦਨ ਦੇ ਸਾਰੇ ਢੰਗਾਂ ਦੀ ਮਾਂ ਹੈ। ਖੇਤੀਬਾੜੀ ਉਤਪਾਦਨ ਅਤੇ ਇਸ ਦੀ ਖਪਤ ਮੁੱਖ ਤੌਰ ’ਤੇ ਮਨੁੱਖੀ ਹੋਂਦ, ਸਿਹਤ ਅਤੇ ਕਲਿਆਣ ਦੇ ਮੁੱਲਾਂ ਦੁਆਰਾ ਸੇਧਿਤ ਹੁੰਦੇ ਹਨ; ਦੂਜੇ ਬੰਨੇ, ਆਧੁਨਿਕ ਮੰਡੀ ਆਰਥਵਿਵਸਥਾ ਕਿਸਾਨ ਅਤੇ ਖੇਤੀ ਪੈਦਾਵਾਰ ਉੱਤੇ ਮੁਨਾਫੇ ਦੀਆਂ ਕਦਰਾਂ-ਕੀਮਤਾਂ ਭਾਰੂ ਕਰਦੀ ਹੈ। ਖੇਤੀਬਾੜੀ ਬਹੁਤ ਸਾਰੇ ਕਿਸਾਨਾਂ ਲਈ ਨਾ ਸਿਰਫ਼ ਆਮਦਨ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ ਸਗੋਂ ਜੀਵਨ ਜਾਚ ਅਤੇ ਪਛਾਣ ਦਾ ਸੂਚਕ ਵੀ ਹੈ। ਖੇਤੀਬਾੜੀ ਸਮਾਜ ਲਈ ਭੋਜਨ ਸੁਰੱਖਿਆ, ਪੇਂਡੂ ਵਿਕਾਸ, ਸੱਭਿਆਚਾਰਕ ਵਿਰਾਸਤ ਅਤੇ ਲੈਂਡਸਕੇਪ ਦੀ ਸੰਭਾਲ ਲਈ ਮਨੁੱਖ ਦਾ ਕੁਦਰਤ ਨਾਲ ਸੰਵਾਦ ਹੈ। ਉੱਤਰ-ਉਦਯੋਗਿਕ ਮੰਡੀ ਵਿਵਸਥਾ ਖੇਤੀ ਦੇ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਵਿਚਕਾਰ ਟਕਰਾਅ ਪੈਦਾ ਕਰਦੀ ਹੈ ਜਿਸ ਕਰ ਕੇ ਇਸ ਨੂੰ ਕਾਨੂੰਨੀ ਸੁਰੱਖਿਆ ਦੀ ਜ਼ਰੂਰਤ ਹੈ। ਸਮਾਜ ਲਈ ‘ਭੋਜਨ ਸੁਰੱਖਿਆ’ ਅਤੇ ਕਿਸਾਨਾਂ ਦੀ ਆਪਣੀ ‘ਰੋਜ਼ੀ-ਰੋਟੀ ਸੁਰੱਖਿਆ’ ਦੇ ਉਦੇਸ਼, ਭਾਰਤੀ ਕਿਸਾਨਾਂ ਦੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ’ਤੇ ਕਾਨੂੰਨੀ ਗਾਰੰਟੀ ਲਈ ਅੰਦੋਲਨ ਨੂੰ ਜਾਇਜ਼ ਠਹਿਰਾਉਂਦੇ ਹਨ।

ਭਾਰਤ ਵਿੱਚ ਭੋਜਨ ਦੀ ਘਾਟ ਪੂਰੀ ਕਰਨ ਲਈ ਕਿਸਾਨਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਵੱਲ ਹੱਲਾਸ਼ੇਰੀ ਦੇਣ ਲਈ 1966 ਵਿੱਚ ਭਾਰਤ ਸਰਕਾਰ ਨੇ ਕਣਕ ਅਤੇ ਚੌਲਾਂ ਦੀਆਂ ਦੋ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਪ੍ਰਣਾਲੀ ਸ਼ੁਰੂ ਕੀਤੀ। ਇਸ ਨਾਲ ਅਨਾਜ ਵਿੱਚ ਤਾਂ ਆਤਮ-ਨਿਰਭਰਤਾ ਹੋ ਗਈ ਪਰ ਇਸ ਨੇ ਫਸਲੀ ਵੰਨ-ਸਵੰਨਤਾ ਦਾ ਸੰਤੁਲਨ ਵਿਗਾੜ ਦਿੱਤਾ ਹੈ। ਖੇਤੀਬਾੜੀ ਨੂੰ ਧਨਾਢ ਇਜਾਰੇਦਾਰੀ ਤੋਂ ਬਚਾਉਂਦੇ ਹੋਏ ਇਸ ਵਿੱਚ ਦਰੁਸਤੀ ਲਈ ਕਣਕ ਅਤੇ ਚੌਲਾਂ ਤੋਂ ਇਲਾਵਾ ਹੋਰ ਫਸਲਾਂ ਦੇ ਵੀ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਅਤੇ ਇਸ ਨੂੰ ਕਾਨੂੰਨੀ ਬਣਾਉਣ ਦੀ ਬਜਾਇ ਧਨਾਢ ਵਪਾਰੀ ਅਤੇ ਸੰਸਾਰ ਵਪਾਰ ਸੰਗਠਨ ਦੇ ਅਸਰ ਹੇਠ ਭਾਰਤ ਸਰਕਾਰ ਖੇਤੀਬਾੜੀ ਨੂੰ ਉਦਯੋਗ ਮੰਨਦੇ ਹੋਏ ਖੁੱਲ੍ਹੀ ਮੰਡੀ ਹਵਾਲੇ ਛੱਡਣ ਦੀ ਤਜਵੀਜ਼ ਰੱਖਦੀ ਹੈ; ਦੂਜੇ ਪਾਸੇ ਭਾਰਤੀ ਕਿਸਾਨ ਖੇਤੀ ਦੇ ਉਦਯੋਗਿਕ-ਵਪਾਰਕ ਪੱਖ ਨਾਲੋਂ ਇਸ ਦੇ ਸਮਾਜਿਕ ਪੱਖ ਨੂੰ ਅਹਿਮ ਮੰਨਦੇ ਹੋਏ ਇਸ ਦੀ ਸੁਰੱਖਿਆ ਲਈ ਅੰਦੋਲਨ ਕਰ ਰਹੇ ਹਨ। ਵਰਨਣਯੋਗ ਹੈ ਕਿ ਨਾ ਸਿਰਫ 1.42 ਅਰਬ ਤੋਂ ਵੱਧ ਭਾਰਤੀ ਆਬਾਦੀ ਲਈ ਭੋਜਨ ਸੁਰੱਖਿਆ ਸਗੋਂ ਇਸ ਦੇ 58 ਫੀਸਦੀ ਹਿੱਸੇ ਦੀ ਜੀਵਕਾ ਖੇਤੀਬਾੜੀ ਉੱਤੇ ਨਿਰਭਰ ਹੈ।



ਭਾਰਤ ਵਿੱਚ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਹੌਲੀ ਹੌਲੀ ਵਿਕਸਤ ਹੋਈ ਹੈ ਜਿਸ ਲਈ ਅਜੇ ਵੀ ਸੁਧਾਰ ਅਤੇ ਜ਼ਿਆਦਾ ਸਮਰਥਨ ਦੀ ਲੋੜ ਹੈ। ਵਰਤਮਾਨ ਵਿੱਚ ਭਾਰਤ ਸਰਕਾਰ ਦੁਆਰਾ ਗਠਿਤ ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀਏਸੀਪੀ) 23 ਫਸਲਾਂ ਲਈ ਬੀਜਾਂ, ਖਾਦਾਂ, ਕੀਟਨਾਸ਼ਕਾਂ, ਮਨੁੱਖੀ ਮਜ਼ਦੂਰੀ, ਮਸ਼ੀਨੀ ਭਾੜੇ, ਠੇਕੇ ’ਤੇ ਜ਼ਮੀਨ ਦੇ ਕਿਰਾਏ ਆਦਿ ਸਬੰਧੀ ਨਕਦ ਅਦਾ ਕੀਤੇ ਖਰਚਿਆਂ (ਏ2) ਵਿੱਚ ਬਿਨਾਂ ਅਦਾਇਗੀ ਕੀਤੇ ਪਰਿਵਾਰਕ ਮਜ਼ਦੂਰੀ ਖਰਚੇ (ਐੱਫਐੱਲ) ਜੋੜ ਕੇ ਕੁੱਲ ਰਕਮ ਦਾ 1.5 (ਡੇਢ ਗੁਣਾ) ਰਕਮ ਨੂੰ ਘੱਟੋ-ਘੱਟ ਸਮਰਥਨ ਕੀਮਤ ਵਜੋਂ ਸਿਫ਼ਾਰਸ਼ ਕਰਦਾ ਹੈ। ਇਸ ਉਪਰੰਤ, ਉਤਪਾਦਨ ਲਾਗਤਾਂ, ਕਿਸਾਨਾਂ ਲਈ ਵਾਜਿਬ ਮਿਹਨਤਾਨਾ ਅਤੇ ਖਪਤਕਾਰਾਂ ਦੀ ਸਮਰੱਥਾ ਅਤੇ ਬਾਜ਼ਾਰ ਦੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਖੇਤੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ (ਸੀਏਸੀਪੀ) ਦੀ ਸਿਫ਼ਾਰਸ਼ ਨੂੰ ਭਾਰਤ ਦੀ ਸੰਸਦ ਦੁਆਰਾ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਵਿਚਾਰ ਉਪਰੰਤ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਨਿਰਧਾਰਿਤ ਘੱਟੋ-ਘੱਟ ਸਮਰਥਨ ਕੀਮਤ ਤੈਅ ਕਰਦੇ ਹੋਏ ਸੀਏਸੀਪੀ ਮਾਲਕੀ ਵਾਲੀ ਜ਼ਮੀਨ ਦੇ ਕਿਰਾਏ ਅਤੇ ਸੰਦਾਂ ਦੀ ਘਸਾਈ ਕਾਰਨ ਘਟਦੀ ਕੀਮਤ ਨੂੰ ਨਹੀਂ ਜੋੜਦਾ ਜਿਸ ਦੀ ਪ੍ਰਦਰਸ਼ਨਕਾਰੀ ਕਿਸਾਨ ਮੰਗ ਕਰ ਰਹੇ ਹਨ।

ਕਿਸਾਨ ਅੰਦੋਲਨ ਦਾ ਸਭ ਤੋਂ ਵੱਡਾ ਕਾਰਨ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਕੀਮਤ (ਐੱਮਐੱਸਪੀ) ’ਤੇ ਫਸਲ ਵੇਚਣ ਦਾ ਅਧਿਕਾਰ ਮੁਹੱਈਆ ਕਰਨ ਵਾਲੇ ਕਾਨੂੰਨ ਦੀ ਮੰਗ ਹੈ ਜਿਸ ਦਾ ਸੁਝਾਅ ਸੀਏਸੀਪੀ ਨੇ ਖੁਦ ਆਪਣੀ ਕੀਮਤ ਨੀਤੀ ਰਿਪੋਰਟ- 2018-19 ਵਿੱਚ ਦਿੱਤਾ ਸੀ। ਕਿਸਾਨ ਆਪਣੀ ਪੈਦਾਵਾਰ ਲਈ ਉਸੇ ਕਾਨੂੰਨੀ ਅਧਿਕਾਰ ਦੀ ਮੰਗ ਕਰ ਰਹੇ ਹਨ ਜੋ ਇਨ੍ਹਾਂ ਦੀ ਪੈਦਾਵਾਰ ਨੂੰ ਮੰਡੀ ਦੇ ਮੰਗ ਅਤੇ ਪੂਰਤੀ (ਡਿਮਾਂਡ ਤੇ ਸਪਲਾਈ) ਦਬਾਅ ਦੇ ਵਿਰੁੱਧ ਤਾਕਤ ਦੇਵੇ ਕਿਉਂਕਿ ਬਾਜ਼ਾਰ ਨੂੰ ਵਪਾਰੀ ਅਤੇ ਕਾਰਪੋਰੇਟ ਆਪਣੀ ਮਰਜ਼ੀ ਮੁਤਾਬਿਕ ਪ੍ਰਭਾਵਿਤ ਕਰ ਸਕਦੇ ਹਨ; ਇਹ ਚਿੰਤਾ ਸੀਏਸੀਪੀ ਨੇ ਵੀ ਆਪਣੀ 2018-19 ਦੀ ਰਿਪੋਰਟ ਵਿੱਚ ਸਾਂਝੀ ਕੀਤੀ ਹੈ।

ਫ਼ਸਲ ਉਤਪਾਦਨ ਨੂੰ ਉਦਯੋਗਿਕ ਉਤਪਾਦਨ ਵਾਂਗ ਮੰਡੀ ਮੁਤਾਬਿਕ ਅਸਾਨੀ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ; ਫ਼ਸਲੀ ਚੱਕਰ ਅਤੇ ਵਕਤ ਨੂੰ ਬਦਲਣਾ ਇੰਨਾ ਆਸਾਨ ਨਹੀਂ ਹੁੰਦਾ। ਫ਼ਸਲ ਇੱਕ ਵਾਰ ਬੀਜੀ ਗਈ ਤਾਂ ਇਸ ਦੀ ਪੱਕਣ ਪਰਕਿਰਿਆ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਰੁਕ ਰੁਕ ਕੇ ਪਕਾਇਆ ਜਾ ਸਕਦਾ ਹੈ; ਇਸ ਦਾ ਸਮਾਂ ਤੈਅ ਹੈ। ਖੇਤੀਬਾੜੀ ਉਪਜ ਆਪਣੀ ਜੈਵਿਕ ਪ੍ਰਕਿਰਤੀ ਕਾਰਨ ਇੱਕ ਪਾਸੇ ਤਾਂ ਅਣਅਨੁਮਾਨਿਤ ਬੇਕਾਬੂ ਮੌਸਮੀ ਹਾਲਾਤ, ਸੁੰਡੀਆਂ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੀ ਹੈ; ਦੂਜੇ ਪਾਸੇ ਇਸ ਦੀ ‘ਇੱਕੋ ਵਾਰ ਇਕੱਠੀ’ ਉਪਜ ਇਸ ਨੂੰ ਮੰਡੀ ਦੇ ਖਿਡਾਰੀਆਂ ਸਾਹਮਣੇ ਕਮਜ਼ੋਰ ਬਣਾਉਂਦੀ ਹੈ। ਮੰਡੀ ਦਾ ਨਕਾਰਾਤਮਕ ਅਤੇ ਵਿਧੀਵਤ ਅਸਰ ਰੋਕਣ ਲਈ ਘੱਟੋ-ਘੱਟ ਸਮਰਥਨ ਕੀਮਤ ਦੀ ਕਾਨੂੰਨੀ ਗਰੰਟੀ ਜ਼ਰੂਰੀ ਹੈ।

ਕਾਰਪੋਰੇਟ ਦੇ ਉਲਟ, ਛੋਟੇ ਕਿਸਾਨ ਨਾ ਤਾਂ ਫਸਲ ਸਟੋਰ ਕਰ ਕੇ ਥੋੜ੍ਹੀ ਥੋੜ੍ਹੀ ਮਾਤਰਾ ਵਿੱਚ ਵੇਚ ਸਕਦੇ ਹਨ ਅਤੇ ਨਾ ਹੀ ਇਸ ਦੇ ਗੁਣ ਬਦਲ ਕੇ ਇਸ ਨੂੰ ਨਵੇਂ ਰੂਪ ਵਿੱਚ ਵੇਚ ਸਕਦੇ ਹਨ। ਉਨ੍ਹਾਂ ਨੂੰ ਤੁਰੰਤ ਸਾਰੀ ਪੈਦਾਵਾਰ ਵੇਚਣੀ ਪੈਂਦੀ ਹੈ। ਇਸ ਲਈ ਕਿਸਾਨਾਂ ਵੱਲੋਂ ਸਰਕਾਰ ਦੁਆਰਾ ਐਲਾਨੀ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਉਮੀਦ ਕਰਨੀ ਜਾਇਜ਼ ਹੈ।

ਇਹ ਜ਼ਿਕਰਯੋਗ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਪੂਰੀ ਫ਼ਸਲ ਸਰਕਾਰ ਦੁਆਰਾ ਖਰੀਦਣ ਦੀ ਗਾਰੰਟੀ ਨਹੀਂ ਸਗੋਂ ਇਹ ਹੈ ਕਿ ਕੋਈ ਵੀ ਇਸ ਨੂੰ ਐਲਾਨੀ ਘੱਟੋ-ਘੱਟ ਕੀਮਤ ਜਾਂ ਇਸ ਤੋਂ ਵੱਧ ਮੁੱਲ ’ਤੇ ਹੀ ਖਰੀਦੇ।

ਕਾਨੂੰਨੀ ਗਾਰੰਟੀ ਦੀ ਅਣਹੋਂਦ ਵਿੱਚ ਵਪਾਰੀ ਖੇਤੀ ਉਪਜ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਮੁੱਲ ’ਤੇ ਖਰੀਦਦੇ ਹਨ; ਫਿਰ ਵੀ ਉਹ ਖਪਤਕਾਰਾਂ ਨੂੰ ਲਾਭ ਪਹੁੰਚਾਏ ਬਿਨਾਂ ਇਸ ਨੂੰ ਘੱਟੋ-ਘੱਟ ਸਮਰਥਨ ਮੁੱਲ ਤੋਂ ਕਿਤੇ ਵੱਧ ਮੁੱਲ ’ਤੇ ਵੇਚਦੇ ਹਨ। ਅਸਲ ਵਿੱਚ ਖੇਤੀ ਪੈਦਾਵਾਰ ਮਨੁੱਖ ਦੇ ਤੰਦਰੁਸਤ ਜੀਵਨ ਲਈ ਮੁੱਖ ਲੋੜ ਹੈ ਅਤੇ ਇਹ ਕਦੇ ਵੀ ਵਾਧੂ ਨਹੀਂ ਹੁੰਦੀ, ਇਹ ਸਿਰਫ ਕਿਸਾਨ ਦੀਆਂ ਹੋਰ ਲੋੜਾਂ ਦੀ ਪੂਰਤੀ ਅਤੇ ਉਸ ਕੋਲ ਪੈਦਾਵਾਰ ਨੂੰ ਇੰਨੀ ਮਿਕਦਾਰ ਵਿੱਚ ਸਟੋਰ ਨਾ ਕਰ ਸਕਣ ਦੀ ਸਮਰੱਥਾ ਕਰ ਕੇ ਵਾਧੂ ਹੋਣ ਦਾ ਪ੍ਰਭਾਵ ਦਿੰਦੀ ਹੈ ਜਿਸ ਦਾ ਫਾਇਦਾ ਵਪਾਰੀ ਲੈਂਦਾ ਹੈ। ਇਸ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਹੋਣੀ ਲਾਜ਼ਮੀ ਹੈ। ਜੇ ਕਿਸੇ ਬੇਕਾਬੂ ਹਾਲਾਤ ਵਿੱਚ ਕਿਸਾਨ ਦੀ ਫਸਲ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤਾਂ ’ਤੇ ਵਿਕੇ ਤਾਂ ਪਾੜੇ ਦੀ ਭਰਪਾਈ ਸਰਕਾਰ ਕਰੇ।

ਸਾਰੇ ਰਾਜਾਂ ਵਿੱਚ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ‘ਜੈਵਿਕ ਖੇਤੀ ਅਤੇ ਫ਼ਸਲ ਵੰਨ-ਸਵੰਨਤਾ’ ਲਈ ਸਾਧਨ ਵਜੋਂ ਕੰਮ ਕਰ ਸਕਦੀ ਹੈ ਕਿਉਂਕਿ ਕਿਸਾਨਾਂ ਨੂੰ ਕੀਮਤਾਂ ਦੇ ਵਿਧੀਵਤ ਢੰਗ ਨਾਲ ਡਿੱਗਣ ਦੀ ਅਸੁਰੱਖਿਆ ਨਹੀਂ ਹੋਵੇਗੀ। ਖੇਤੀਬਾੜੀ ਉਪਜ ਜੀਵਨ ਲਈ ਹੈ; ਹੋਰ ਸਾਰੇ ਉਦਯੋਗਿਕ ਜਾਂ ਸੇਵਾ ਉਤਪਾਦ ਵਾਧੂ ਆਰਾਮ ਲਈ ਹਨ। ਜੇ ਇਸ ਨੂੰ ਮੰਡੀ ਦੇ ‘ਮੰਗ ਅਤੇ ਪੂਰਤੀ’ ਸਿਧਾਂਤ ਆਸਰੇ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਭੋਜਨ ਦੀ ਅਸੁਰੱਖਿਆ ਦਾ ਕਾਰਨ ਬਣ ਸਕਦਾ ਹੈ ਅਤੇ ਖੇਤੀਬਾੜੀ ਵਿੱਚ ਮੌਜੂਦ ਸਮਾਜਿਕ ਕਦਰਾਂ-ਕੀਮਤਾਂ ਨਾਲ ਸਮਝੌਤਾ ਹੋ ਸਕਦਾ ਹੈ। ਖੇਤੀ ਨੂੰ ਖੁੱਲ੍ਹੀ ਮੰਡੀ ਹਵਾਲੇ ਕਰਨਾ ਨਾ ਤਾਂ ਫਾਇਦੇਮੰਦ ਹੈ ਅਤੇ ਨਾ ਹੀ ਦੇਸ਼ ਪੱਖੀ; ਇਹ ਸਿਰਫ ਕਾਰਪੋਰੇਟ ਪੱਖੀ ਹੈ।

# ਪਾਠਕਾਂ ਦੇ ਖ਼ਤ

ਫੇਸਬੁੱਕ ਕਾਲਮ ਤੋਂ

## ਲੋਕ ਨੁਮਾਇੰਦੇ – ਸੱਤਾ ਅਤੇ ਵਿਰੋਧੀ ਧਿਰਾਂ

**ਵਲੋਂ : ਗੁਰਮੀਤ ਸਿੰਘ ਪਲਾਹੀ, ਫੋਨ: 98158-02070**

ਭਾਰਤ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਉੱਠ ਰਹੇ ਹਨ ਕਿ ਉਹ ਲੋਕਾਂ ਤੋਂ ਵੋਟਾਂ ਲੈ ਕੇ ਪੰਜ ਸਾਲਾਂ ਲਈ ਆਪਣੀ ਗੱਦੀ ਪੱਕੀ ਕਰ ਕੇ ਲੋਕਾਂ ਲਈ ਜਵਾਬਦੇਹ ਨਹੀਂ ਰਹਿ ਜਾਂਦੇ? ਸਵਾਲ ਇਹ ਵੀ ਉੱਠ ਰਹੇ ਹਨ ਕਿ ਆਖ਼ਰ ਜਨਤਾ ਦਾ ਕਸੂਰ ਕੀ ਹੈ ਜਿਨ੍ਹਾਂ ਨੇ ਆਪਣੀਆਂ ਉਮੀਦਾਂ ਦੇ ਸੁਪਨੇ ਸੰਜੋਅ ਕੇ ਉਨ੍ਹਾਂ ਨੂੰ ਸੰਸਦ ਜਾਂ ਵਿਧਾਨ ਸਭਾ 'ਚ ਪਹੁੰਚਾਇਆ, ਅਤੇ ਉਹ ਲੋਕਾਂ ਦੇ ਪੱਲੇ ਕੁਝ ਪਾ ਹੀ ਨਹੀਂ ਰਹੇ। ਕੀ ਜਨਤਾ ਦੇ ਇਹ ਨੁਮਾਇੰਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਕਾਗਜ਼ ਫਾੜਨ, ਕੁਰਸੀਆਂ ਉਲਟੀਆਂ ਕਰਨ, ਇਕ-ਦੂਜੇ ਉਤੇ ਚਿੱਕੜ ਸੁੱਟਣ, ਗਾਲੀ-ਗਲੋਚ ਕਰਨ ਅਤੇ ਆਪਣੀਆਂ ਕਿੜਾਂ ਕੱਢਣ ਲਈ ਹੀ ਇਨ੍ਹਾਂ ਸਦਨਾਂ 'ਚ ਪੁੱਜੇ ਹਨ। ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਸਦਨਾਂ ਦੀ ਕਾਰਵਾਈ ਚਲਦੀ ਹੈ, ਜਨਤਾ ਇਸ ਕਾਰਵਾਈ ਨੂੰ 'ਲਾਈਵ' ਵੇਖਦੀ ਹੈ। ਨਿਰਾਸ਼ਾ ਪੱਲੇ ਪੈਂਦੀ ਹੈ ਜਨਤਾ ਦੇ ਉਦੋਂ, ਜਦੋਂ ਉਨ੍ਹਾਂ ਦੀ ਕੋਈ ਵੀ ਸਮੱਸਿਆ ਇਨ੍ਹਾਂ ਸਦਨਾਂ ਵਿਚ ਵਿਚਾਰੀ ਨਹੀਂ ਜਾਂਦੀ। ਸੱਤਾ ਪੱਖ ਆਪਣੀ ਮਰਜ਼ੀ ਦੇ ਬਿੱਲ ਲਿਆਉਂਦੀ ਹੈ। ਵਿਰੋਧੀ ਧਿਰ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਵਿਚਾਰ ਵਟਾਂਦਰਾ ਤਾਂ ਕੀ ਸੁਣਨਾ ਹੈ, ਉਨ੍ਹਾਂ ਦੇ ਬੋਲ ਸਦਨ 'ਚ ਸੁਣਨ ਹੀ ਨਹੀਂ ਦਿੱਤੇ ਜਾਂਦੇ। ਵਿਚਾਰ-ਵਟਾਂਦਰੇ ਦੀ ਥਾਂ ਵਿਰੋਧੀ ਧਿਰਾਂ ਨੂੰ ਸਦਨ ਵਿਚੋਂ ਬਾਹਰ ਤੋਰ ਦੇਣਾ, ਇਕੋ ਇਕ ਉਪਾਅ ਰਹਿ ਗਿਆ ਹੈ ਤਾਂ ਕਿ ਸੱਤਾ ਧਿਰ ਵਲੋਂ ਆਪਣੀ ਮਰਜ਼ੀ ਕੀਤੀ ਜਾ ਸਕੇ। ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਵਿਚ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਰਾਜਸਥਾਨ ਵਿਧਾਨ ਸਭਾ 'ਚ ਇੰਦਰਾ ਗਾਂਧੀ ਨੂੰ ਦਾਦੀ ਕਹਿ ਦੇਣ ਦਾ ਵਿਰੋਧ ਹੋਇਆ, ਹੰਗਾਮਾ ਹੋਇਆ, ਛੇ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਅਸਲ ਵਿਚ ਜ਼ਿੰਮੇਦਾਰ ਅਹੁਦਿਆਂ 'ਤੇ ਬੈਠੇ ਲੋਕ ਵਿਰੋਧੀ ਧਿਰ ਨੂੰ ਟਿੱਚ ਸਮਝਦੇ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਸੱਤਾ ਪੱਖ ਸਮੇਤ ਮੁੱਖ ਮੰਤਰੀ ਵਾਧੂ ਜਿਹੀਆਂ ਗੱਲਾਂ 'ਤੇ ਉਲਝਦੇ ਵੇਖੇ ਗਏ। ਮਿਹਣੋਂ-ਮਿਹਣੀ ਹੋਣਾ ਤਾਂ ਆਮ ਜਿਹੀ ਗੱਲ ਹੈ। ਵਿਰੋਧੀਆਂ ਨੂੰ ਨੀਵਾਂ ਦਿਖਾਉਣਾ ਅਤੇ ਹਰ ਹੀਲੇ ਉਨ੍ਹਾਂ ਨੂੰ ਖੂੰਜੇ ਲਾਉਣ ਦੀ ਪ੍ਰਵਿਰਤੀ ਮੌਜੂਦਾ ਲੋਕਤੰਤਰ ਵਿਚ ਧੁਰ ਹੇਠਲੀਆਂ ਸਥਾਨਕ ਸਰਕਾਰਾਂ, ਪੰਚਾਇਤੀ ਸੰਸਥਾਵਾਂ ਤੋਂ ਆਰੰਭ ਹੁੰਦੀ ਹੈ। ਪਿੰਡ ਪੰਚਾਇਤਾਂ 'ਚ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ, ਪਰ ਜਿਨ੍ਹਾਂ ਹੱਥ ਸੱਤਾ ਆ ਜਾਂਦੀ ਹੈ, ਉਹ ਵਿਰੋਧੀ ਪੰਚਾਂ ਦੀ ਬਾਤ ਹੀ ਨਹੀਂ ਪੁੱਛਦੇ, ਉਨ੍ਹਾਂ ਦੀ ਕੋਈ ਰਾਏ ਨਹੀਂ ਲੈਂਦੇ। ਮਰਜ਼ੀ ਨਾਲ, ਲੁਕ-ਛਿਪ ਕੇ ਕਾਗਜ਼ੀਂ-ਪੱਤਰੀਂ ਮੀਟਿੰਗਾਂ ਕਰਦੇ ਹਨ, ਕੰਮ ਚਲਾਈ ਰੱਖਦੇ ਹਨ, ਸਰਕਾਰੀ ਤੰਤਰ ਉਨ੍ਹਾਂ ਦੀ ਮਦਦ ਕਰਦਾ ਹੈ। ਇਹੋ ਪ੍ਰਵਿਰਤੀ ਵਿਧਾਨ ਸਭਾ ਚੁਣੇ ਜਾਣ ਉਪਰੰਤ ਸੱਤਾ ਧਿਰ ਦੀ ਬਣ ਜਾਂਦੀ ਹੈ। ਪਹਿਲਾਂ ਤਾਂ ਵਾਹ ਲਗਦਿਆਂ ਵਿਧਾਨ ਸਭਾ ਦੀਆਂ ਮੀਟਿੰਗਾਂ ਹੀ ਨਹੀਂ ਹੁੰਦੀਆਂ। ਜੇਕਰ ਹੁੰਦੀਆਂ ਹਨ ਤਾਂ ਸਮਾਂ ਬਿਲਕੁਲ ਸੀਮਤ ਹੁੰਦਾ ਹੈ। ਸਰਕਾਰੀ ਬਿੱਲ, ਕਾਨੂੰਨ ਬਣਾਉਣ ਲਈ ਵਿਰੋਧੀ ਧਿਰ ਨੂੰ ਸਦਨੋਂ ਬਾਹਰ ਕਰਨ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ, ਅਤੇ ਫਿਰ ਬਿੱਲ, ਆਪਣੀ ਹੀ ਬਹੁਸੰਮਤੀ ਨਾਲ ਪਾਸ ਕਰ ਲਏ ਜਾਂਦੇ ਹਨ। ਹਕੂਮਤ ਚਲਾਈ ਜਾਂਦੀ ਹੈ। ਲੋਕ-ਮਸਲੇ ਲੁਪਤ ਰਹਿੰਦੇ ਹਨ। ਵਿਧਾਨ ਸਭਾਵਾਂ, ਲੋਕ ਸਭਾ 'ਚ ਇਹ ਮੁੱਦੇ, ਮਸਲੇ ਉਠਾਉਣ ਲਈ ਮੌਕੇ ਹੀ ਨਹੀਂ ਮਿਲਦੇ। ਉਂਜ ਵੀ ਲੋਕਾਂ ਦੇ ਮਸਲੇ ਉਠਾਉਣ ਵਾਲੇ ਨੇਤਾਵਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੋਕ ਸਭਾ, ਵਿਧਾਨ ਸਭਾਵਾਂ 'ਚ ਪਹੁੰਚਣ ਵਾਲੇ ਬਹੁਤੇ ਲੋਕ ਧਨਵਾਨ ਹਨ, ਜਿਹੜੇ ਆਮ ਲੋਕਾਂ ਦੀਆਂ ਧੁਰ ਅੰਦਰਲੀਆਂ ਸਮੱਸਿਆਵਾਂ ਤੋਂ ਜਾਣੂ ਹੀ ਨਹੀਂ ਹਨ। ਇਸਦੇ ਨਾਲ-ਨਾਲ ਅਪਰਾਧਕ ਪਿਛੋਕੜ ਵਾਲੇ ਲੋਕ ਵੀ ਵੱਡੀ ਗਿਣਤੀ 'ਚ ਇਨ੍ਹਾਂ ਲੋਕਤੰਤਰੀ ਸੰਵਿਧਾਨਕ ਸਦਨਾਂ 'ਚ ਜਾ ਬੈਠੇ ਹਨ। ਭਲਾ ਇਹੋ ਜਿਹੇ ਲੋਕਾਂ ਤੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨੀ-ਸੁਣਨੀ ਕੀ ਸੰਭਵ ਹੈ? ਏ.ਡੀ.ਆਰ. ਰਿਪੋਰਟ ਅਨੁਸਾਰ 514 ਮੌਜੂਦਾ ਮੈਂਬਰ ਪਾਰਲੀਮੈਂਟ ਵਿਚੋਂ 225 (44 ਫੀਸਦੀ) ਉਤੇ ਅਪਰਾਧਕ ਮਾਮਲੇ ਦਰਜ ਹਨ, ਜਿਨ੍ਹਾਂ ਵਿਚ ਬਲਾਤਕਾਰ, ਕਤਲ ਤੱਕ ਦੇ ਮਾਮਲੇ ਹਨ ਅਤੇ 5 ਫੀਸਦੀ ਐਮ ਪੀ 100 ਕਰੋੜ ਤੋਂ ਵੱਧ ਦੌਲਤ ਦੇ ਮਾਲਕ ਹਨ। ਉੱਤਰ-ਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਦੇ ਅੱਧੇ ਤੋਂ ਵੱਧ (50 ਫੀਸਦੀ ਤੋਂ ਵੱਧ) ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਉਤੇ ਅਪਰਾਧਕ ਮਾਮਲਿਆਂ ਸਬੰਧੀ ਕੇਸ ਥਾਣਿਆਂ ਅਤੇ ਅਦਾਲਤਾਂ 'ਚ ਦਰਜ ਹਨ। 28 ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 4001 (ਕੁੱਲ 4033) ਦੇ ਕੀਤੇ ਏ.ਡੀ.ਆਰ. ਸਰਵੇ ਅਨੁਸਾਰ 44 ਫੀਸਦੀ ਵਿਧਾਇਕਾਂ 'ਤੇ ਆਪਰਾਧਕ ਪਰਚੇ ਦਰਜ ਮਿਲੇ ਅਤੇ ਉਨ੍ਹਾਂ ਵਿਚੋਂ 1136 (28% ਉਤੇ) ਗੰਭੀਰ ਅਪਰਾਧਕ ਮਾਮਲੇ ਦਰਜ ਹਨ। ਇਨ੍ਹਾਂ 4001 ਵਿਧਾਇਕਾਂ ਵਿਚੋਂ 88 (2%) ਕੋਲ ਪ੍ਰਤੀ ਵਿਧਾਇਕ 100 ਕਰੋੜ ਤੋਂ ਵੱਧ ਧਨ ਹੈ। ਫਰਵਰੀ 2025 'ਚ ਦਿੱਲੀ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ 31 'ਤੇ ਅਪਰਾਧਕ ਮਾਮਲੇ ਅਤੇ ਭਾਜਪਾ ਦੀ ਚੁਣੀ ਸਰਕਾਰ ਦੇ 7 ਮੰਤਰੀਆਂ ਵਿਚੋਂ 5 ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। ਲੋਕ ਸਭਾ, ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਦਿੱਤੇ ਟੈਕਸ ਵਿਚੋਂ ਲੱਖਾਂ ਰੁਪਏ ਪ੍ਰਤੀ ਸਾਲ ਤਨਖਾਹ, ਭੱਤੇ ਅਤੇ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਲੋਕ ਸਭਾ, ਵਿਧਾਨ ਸਭਾਵਾਂ ਦੇ ਸੈਸ਼ਨ 'ਤੇ ਜਾਣ ਲਈ ਭੱਤੇ ਅਤੇ ਹੋਰ ਸਹੂਲਤਾਂ ਦੇ ਵੀ ਉਹ ਹੱਕਦਾਰ ਹਨ। ਹੈਰਾਨੀ ਹੁੰਦੀ ਹੈ, ਉਸ ਵੇਲੇ ਜਦੋਂ ਕਈ ਨੁਮਾਇੰਦਿਆਂ ਨੂੰ ਸਦਨਾਂ ਦੇ ਸੈਸ਼ਨ ਦੌਰਾਨ ਸੁੱਤਿਆਂ ਵੇਖੀਦਾ ਹੈ। ਕਈ 'ਭੱਦਰਪੁਰਸ਼' ਤਾਂ ਸਦਨਾਂ ਵਿਚ ਬਹੁਤ ਘੱਟ ਹਾਜ਼ਰੀ ਭਰਦੇ ਹਨ, ਬਹੁਤ ਘੱਟ ਬੋਲਦੇ ਹਨ ਭਾਵ ਚੁੱਪੀ ਧਾਰੀ ਰੱਖਦੇ ਹਨ ਤੇ ਪੰਜ ਸਾਲ 'ਮੋਨ' ਧਾਰ ਕੇ ਆਪਣੀ ਟਰਮ ਖਤਮ ਕਰ ਲੈਂਦੇ ਹਨ। ਆਖ਼ਰ ਇਹੋ ਜਿਹੇ ਲੋਕਾਂ ਤੋਂ ਆਮ ਲੋਕ ਕੀ ਤਵੱਕੋਂ ਕਰ ਸਕਦੇ ਹਨ? ਇਹ ਧਿਆਨ ਦੇਣ ਯੋਗ ਹੈ ਕਿ ਸੰਸਦ ਨੂੰ ਚਲਾਉਣ ਲਈ ਹਰ ਘੰਟੇ ਡੇਢ ਕਰੋੜ ਦਾ ਖਰਚਾ ਆਉਂਦਾ ਹੈ। ਐਤਕਾਂ ਦੇ ਲੋਕ ਸਭਾ ਸੈਸ਼ਨ ਦੌਰਾਨ ਪਿਛਲੇ 5 ਦਿਨਾਂ 'ਚ ਬੱਸ 5 ਫੀਸਦੀ ਕੰਮ ਹੋਇਆ ਅਤੇ ਲੋਕ ਸਭਾ 69 ਮਿੰਟ ਚੱਲੀ ਅਤੇ ਰਾਜ ਸਭਾ 94 ਮਿੰਟ। ਇਨ੍ਹਾਂ ਬੈਠਕਾਂ 'ਚ ਸਿਆਸਤ ਦੇ ਮੁੱਦੇ ਅਲੱਗ ਹੀ ਰਹੇ, ਜਿਨ੍ਹਾਂ ਦਾ ਆਮ ਲੋਕਾਂ ਨਾਲ ਸਰੋਕਾਰ ਹੀ ਕੋਈ ਨਹੀਂ। ਸਾਡੇ ਦੇਸ਼ ਦੇ ਐਮ.ਪੀਜ਼ ਨੇ ਜਿਵੇਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਰਾਜਨੀਤੀ ਦੀ ਖੂੰਡੀ 'ਤੇ ਟੰਗ ਦਿੱਤਾ ਹੈ, ਉਹ ਲੋਕਤੰਤਰ ਉੱਤੇ ਧੱਬਾ ਹੈ। ਭਾਰਤ ਦੀ ਸੰਸਦ ਦੇ ਤਿੰਨ ਅੰਗ ਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ ਹਨ। ਵਰਤਮਾਨ ਭਾਰਤ ਦੀ ਸੰਸਦ ਵਿਚ 790 ਮੈਂਬਰ ਹਨ। ਭਾਰਤ ਦੀ ਸੰਸਦ ਦੇ ਤਿੰਨ ਸਤਰ ਹੁੰਦੇ ਹਨ ਅਤੇ ਲੱਗਭਗ ਪੂਰੇ ਸਾਲ ਵਿਚ 100 ਦਿਨ ਕੰਮ ਕਰਨਾ ਹੁੰਦਾ ਹੈ। ਜਿਸ ਉਤੇ 600 ਕਰੋੜ ਖਰਚੇ ਹੁੰਦੇ ਹਨ, ਭਾਵ ਪ੍ਰਤੀ ਦਿਨ 6 ਕਰੋੜ ਰੁਪਏ। ਜੇਕਰ ਇਨ੍ਹਾਂ ਸਦਨਾਂ ਨੇ ਕੰਮ ਹੀ ਨਹੀਂ ਕਰਨਾ ਤਾਂ ਆਖ਼ਰ ਇਨ੍ਹਾਂ ਕਾਨੂੰਨ ਘਾੜੀਆਂ ਸੰਸਥਾਵਾਂ ਦੀ ਚੋਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ? ਜੇਕਰ ਇੰਨਾ ਖ਼ਰਚ ਕੀਤਿਆਂ ਵੀ ਸਦਨ ਵਿਚ ਇਕ-ਦੂਜੇ ਵਿਰੁੱਧ, ਭਾਰਤੀ ਸਿਆਸਤ ਦੇ ਆਪਣੇ ਤੋਂ ਪਹਿਲੇ ਨੇਤਾਵਾਂ ਦੇ ਨੁਕਸ ਕੱਢਣ ਉਤੇ ਹੀ ਚਰਚਾ ਹੋਣੀ ਹੈ ਤੇ ਸਮਾਂ ਤੇ ਪੈਸਾ ਹੀ ਬਰਬਾਦ ਹੋਣਾ ਹੈ ਤਾਂ ਇਹ ਭਾਰਤੀ ਲੋਕਤੰਤਰ ਲਈ ਕਿਸੇ ਵੀ ਤਰ੍ਹਾਂ ਯੋਗ ਨਹੀਂ ਮੰਨਿਆ ਜਾ ਸਕਦਾ। ਬਿਨਾ ਸ਼ੱਕ ਮੌਜੂਦਾ ਦੌਰ 'ਚ ਚੰਗੇ ਨੇਤਾਵਾਂ ਦੀ ਭਾਰਤ 'ਚ ਕਮੀ ਵੇਖਣ ਨੂੰ ਮਿਲ ਰਹੀ ਹੈ। ਵੰਸ਼ਵਾਦੀ ਨੇਤਾਵਾਂ ਦੀ ਭਰਮਾਰ ਹੋ ਰਹੀ ਹੈ। ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਯਤਨਾਂ 'ਚ ਰੂੜੀਵਾਦੀ ਨੇਤਾ ਦੇਸ਼ ਦੀ ਸਿਆਸਤ ਨੂੰ ਪ੍ਰਭਾਵਤ ਕਰ ਰਹੇ ਹਨ। ਵਿਰੋਧੀ ਸੁਰਾਂ ਵਾਲੇ ਨੇਤਾਵਾਂ ਨੂੰ ਸਿਆਸੀ ਗਲਿਆਰਿਆਂ 'ਚ ਲੁਪਤ ਕਰਨ ਲਈ ਸੱਤਾ ਧਿਰ ਯਤਨਸ਼ੀਲ ਹੈ। ਅਪਮਾਨ ਜਨਕ, ਉੱਚੇ ਬੋਲ ਬੋਲਣ ਵਾਲੇ ਹੰਕਾਰੀ ਨੇਤਾ ਸਦਨ ਵਿਚ ਬਾਹਾਂ ਉਲਾਰਦੇ, ਧੱਕਾ ਧੌਂਸ ਦਿਖਾਉਂਦੇ ਆਪਣੀ ਗਲਤ ਗੱਲ ਨੂੰ ਵੀ ਸਹੀ ਕਰਦੇ ਵੇਖੇ ਜਾਂਦੇ ਹਨ। ਇਹੋ ਜਿਹੀ ਸਿਆਸਤ ਕਰਨ ਵਾਲੇ ਨੇਤਾ ਕੀ ਲੋਕਹਿਤੈਸ਼ੀ ਸਿਆਸਤ ਕਰ ਸਕਦੇ ਹਨ? ਸ਼ਾਇਦ ਕਦਾਚਿਤ ਨਹੀਂ। ਪਿਛਲੇ ਦੋ ਦਹਾਕਿਆਂ ਤੋਂ ਖਾਸ ਤੌਰ 'ਤੇ ਲੋਕ ਨੁਮਾਇੰਦਿਆਂ ਦੀ ਚੋਣ ਦਾ ਦ੍ਰਿਸ਼ ਅਤੇ ਢੰਗ ਵੀ ਬਦਲ ਗਿਆ ਹੈ। ਸਿਆਸੀ ਧਿਰਾਂ ਦਾ ਕੰਮ ਕਰਨ ਦਾ ਮੰਤਵ ਲੋਕ ਸੇਵਾ ਨਹੀਂ, ਕੁਰਸੀ ਹਥਿਆਉਣਾ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਲੌਲੀਪੌਪ ਵਿਖਾਏ ਜਾਂਦੇ ਹਨ, ਲੋਕਾਂ ਨੂੰ ਭਰਮਾਇਆ ਜਾਂਦਾ ਹੈ, ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਵਚਨ ਦਿੱਤੇ ਜਾਂਦੇ ਹਨ, ਅਤੇ ਇਸੇ ਅਧਾਰ 'ਤੇ ਚੋਣਾਂ ਜਿੱਤ ਲਈਆਂ ਜਾਂਦੀਆਂ ਹਨ। ਲੋਕ ਲੁਭਾਊ ਨਾਹਰੇ, ਪੈਸਾ, ਅਤੇ ਧੱਕਾ ਧੌਂਸ ਅੱਜ ਸਿਆਸੀ ਆਗੂਆਂ ਦੇ ਚੋਣ-ਗਹਿਣੇ ਬਣ ਚੁੱਕੇ ਹਨ। ਵੋਟ ਖਰੀਦਣ ਦੀ ਪ੍ਰਵਿਰਤੀ ਲੋਕਤੰਤਰ ਨੂੰ ਢਾਅ ਲਾ ਰਹੀ ਹੈ। ਨੈਤਿਕ ਤੌਰ 'ਤੇ ਨੇਤਾ ਲੋਕ ਇੰਨੀ ਨਿਵਾਣ ਵੱਲ ਚਲੇ ਗਏ ਹਨ ਕਿ ਇਕ ਪਾਰਟੀ ਤੋਂ ਚੋਣ ਜਿੱਤਦੇ ਹਨ, ਅਤੇ ਚੋਣ ਤੋਂ ਤੁਰੰਤ ਬਾਅਦ ਮੰਤਰੀ-ਸੰਤਰੀ ਦੀ ਕੁਰਸੀ ਪਾਉਣ ਲਈ, ਸੱਤਾ ਹਥਿਆਉਣ ਲਈ ਚੋਣਾਂ 'ਚ ਵੈਰੀ ਰਹੇ, ਅਤੇ ਬਾਅਦ 'ਚ ਮਿੱਤਰ ਬਣੇ ਦਿਸਣਾ, ਆਮ ਗੱਲ ਹੋ ਗਈ ਹੈ। ਇਹ ਭਾਰਤ ਦੀ ਅਜੋਕੀ ਸਿਆਸਤ ਦਾ ਭੈੜਾ ਰੰਗ ਅਤੇ ਭੈੜਾ ਕਿਰਦਾਰ ਬਣ ਚੁੱਕਾ ਹੈ। ਬਿਹਾਰੀ ਬਾਬੂ ਨਿਤੀਸ਼ ਅਤੇ ਆਂਧਰਾ ਪ੍ਰਦੇਸ਼ ਦਾ ਚੰਦਰ ਬਾਬੂ ਨਾਇਡੂ, ਜੋ ਕਦੇ ਭਾਜਪਾ ਵਿਰੋਧੀ ਸੀ, ਉਹ ਮੌਜੂਦਾ ਭਾਰਤੀ ਕੇਂਦਰੀ ਸਰਕਾਰ ਦੀਆਂ ਫੌਹੜੀਆਂ ਬਣ ਚੁੱਕੇ ਹਨ। ਪੰਜਾਬ 'ਚ ਜਿਵੇਂ ਕਾਰਪੋਰੇਸ਼ਨ ਚੋਣਾਂ 'ਚ ਸੱਤਾ ਧਿਰ ਨੇ, ਵਿਰੋਧੀ ਧਿਰ ਦੇ ਕੌਂਸਲਰਾਂ ਨੂੰ ਪੁੱਟਿਆ, ਆਪਣੀ ਪਾਰਟੀ 'ਚ ਲਿਆ ਕੇ ਵੱਡੇ ਅਹੁਦੇ ਦਿੱਤੇ ਅਤੇ ਫਿਰ ਸਥਾਨਕ ਚੋਣਾਂ 'ਚ ਜਿੱਤ ਦੇ ਵੱਡੇ ਦਾਅਵੇ ਕੀਤੇ, ਉਹ ਅਜੋਕੇ ਸਮੇਂ ਦੀ ਬੇਰੰਗੀ ਸਥਾਨਕ ਸਰਕਾਰਾਂ ਦੀ ਸਿਆਸਤ ਦਾ ਇਕ ਭੈੜਾ ਰੰਗ ਸੀ। ਲੋਕ ਨੁਮਾਇੰਦਿਆਂ ਤੋਂ ਅੱਜ ਦਾ ਭਾਰਤੀ ਸਮਾਜ ਉਪਰਾਮ ਹੈ, ਕਿਉਂਕਿ ਉਹ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਤਾਂ ਕਰਦੇ ਹਨ, ਪਰ ਅਮਲਾਂ 'ਚ ਪੂਰੇ ਨਹੀਂ ਉਤਰ ਰਹੇ। ਲੋਕਾਂ ਦੀ ਜਿਹੜੀ ਅਵਾਜ਼ ਸਦਨ ਵਿਚ ਗੂੰਜਣੀ ਚਾਹੀਦੀ ਹੈ, ਵਿਰੋਧੀ ਧਿਰ ਉਹ ਅਵਾਜ਼ ਚੁੱਕ ਨਹੀਂ ਰਹੀ। ਸੱਤਾ ਧਿਰ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਗੰਭੀਰ ਨਹੀਂ, ਉਹ ਤਾਂ ਆਪਣੇ ਉਨ੍ਹਾਂ ਆਕਾਵਾਂ, 'ਕਾਰਪੋਰੇਟਾਂ', ਧਨ ਕੁਬੇਰਾਂ ਨੂੰ ਖੁਸ਼ ਕਰਨ ਦੇ ਯਤਨ 'ਚ ਹੈ, ਜਿਹੜੇ ਉਨ੍ਹਾਂ ਉਤੇ ਧਨ ਦੀ ਵਰਖਾ ਕਰਦੇ ਹਨ।

## Important Contacts

### EMERGENCY

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

### NON-EMERGENCY

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

### SIKH GURDWARAS

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# Khalsa Secondary School Students Assemble 60 Care Packages for Vancouver's Homeless Youth Shelter











Vancouver, B.C. – A group of students from Khalsa Secondary School has stepped up to help homeless and at-risk youth by creating 60 care packages for Covenant House Vancouver. The initiative, called Khalsa Cares, was completely organized and carried out by the students, demonstrating their dedication to giving back to the community.

The students first launched a fundraiser in November, working hard to collect money to purchase essential supplies. After months of planning, they carefully assembled the care packages, which included clothing, hygiene products, umbrellas, gloves, and other useful items to help young people facing difficult times.

The students took charge of every part of the initiative, ensuring that the packages contained meaningful and necessary items for those in need. They also focused on making sure the items were practical, especially for youth who may be spending time outdoors or in uncertain living conditions.

Covenant House Vancouver provides shelter, food, and support to homeless and at-risk youth, offering them a safe place to stay and opportunities for a better future. The donations from Khalsa Cares will help provide comfort and necessities to the young people staying at the shelter. Through their hard work and generosity, the students at Khalsa Secondary have shown the power of youth-led community service. Their efforts not only provided much-needed supplies to Covenant House but also inspired others to take action and support those in need.

ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

ਬੀ.ਸੀ. ਦੇ 99% ਤੋਂ ਵੱਧ ਵਸਨੀਕਾਂ ਨੂੰ ਛੋਟ ਹੈ
ਪਰ ਤੁਹਾਡੇ ਲਈ ਫਿਰ ਵੀ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ।

ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਧਾਰਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਤੋਂ ਰਾਹਤ ਹੈ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਕਰਨ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 2017 ਤੋਂ ਲੈਕੇ ਹੁਣ ਤੱਕ 'ਹੋਮਜ਼ ਫੌਰ ਬੀ ਸੀ' ਅਤੇ 'ਹੋਮਜ਼ ਫੌਰ ਪੀਪਲ' ਯੋਜਨਾਵਾਂ ਦੇ ਤਹਿਤ ਬੀ.ਸੀ. ਭਰ ਵਿੱਚ 90,000 ਤੋਂ ਵੱਧ ਘਰ ਉਪਲਬਧ ਕੀਤੇ ਜਾ ਚੁੱਕੇ ਹਨ ਜਾਂ ਕੀਤੇ ਜਾਣ ਵਾਲੇ ਹਨ।

31 ਮਾਰਚ, 2025 ਤੱਕ **gov.bc.ca/spectax** 'ਤੇ ਜਾਂ **1.833.554.2323** ਟੋਲ ਫ੍ਰੀ 'ਤੇ ਫ਼ੋਨ ਕਰਕੇ ਘੋਸ਼ਿਤ ਕਰੋ

ਰਿਹਾਇਸ਼ਾਂ ਨੂੰ ਵਧੇਰੇ ਕਿਫ਼ਾਇਤੀ ਬਣਾਉਣਾ

BRITISH COLUMBIA



# ਪੰਜਾਬ ਸਿਰ ਕਰਜ਼ੇ ਦੀ ਪੰਡ ਦੇਸ਼ ਭਰ ਵਿਚੋਂ ਸਭ ਤੋਂ ਭਾਰੀ

## • ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਪੰਜਾਬ, • ਜੀ.ਡੀ.ਪੀ.ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਪੰਜਾਬ ਨੇ

ਪੰਜਾਬ ਕਰਜ਼ਾ ਲੈਣ ਵਾਲੇ ਸੂਬਿਆਂ ਵਿਚ ਸਭ ਤੋਂ ਅੱਗੇ ਹੈ, ਜਿਸ ਨੇ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਦੇਸ਼ ਵਿਚ ਪੰਜਾਬ ਸਮੇਤ 15 ਹੋਰ ਸੂਬੇ ਹਨ, ਜਿਨ੍ਹਾਂ ਨੇ ਆਪਣੀ ਜੀ.ਡੀ.ਪੀ. ਦੀ ਤੁਲਨਾ ਵਿਚ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਇਹ ਸੂਬੇ ਆਪਣੇ ਚੋਣ ਵਾਅਦੇ ਪੂਰੇ ਕਰਨ ਲਈ ਰਿਕਾਰਡ ਕਰਜ਼ਾ ਲੈ ਰਹੇ ਹਨ। ਆਪਣੀ ਜੀ.ਡੀ.ਪੀ. ਦੀ ਤੁਲਨਾ 'ਚ ਜ਼ਿਆਦਾ ਕਰਜ਼ਾ ਲੈਣ ਵਾਲਿਆਂ ਵਿਚ ਪੰਜਾਬ 44.1 ਫ਼ੀਸਦੀ ਨਾਲ ਸਭ ਤੋਂ ਅੱਗੇ ਹੈ, ਜਦਕਿ ਹਿਮਾਚਲ ਪ੍ਰਦੇਸ਼ ਦਾ 42.5 ਫ਼ੀਸਦੀ, ਅਰੁਣਾਚਲ ਪ੍ਰਦੇਸ਼ ਦਾ 40.1 ਫ਼ੀਸਦੀ, ਨਾਗਾਲੈਂਡ ਦਾ 38.6 ਫ਼ੀਸਦੀ, ਮੇਘਾਲਿਆ ਦਾ 37.6 ਫ਼ੀਸਦੀ , ਪੱਛਮੀ ਬੰਗਾਲ ਦਾ 36.9 ਫ਼ੀਸਦੀ, ਰਾਜਸਥਾਨ ਦਾ 36 ਫ਼ੀਸਦੀ, ਬਿਹਾਰ ਦਾ 35.7 ਫ਼ੀਸਦੀ, ਮਨੀਪੁਰ ਦਾ 34.5 ਫ਼ੀਸਦੀ, ਕੇਰਲਾ ਦਾ 34 ਫ਼ੀਸਦੀ, ਉੱਤਰ ਪ੍ਰਦੇਸ਼ ਦਾ 32.7 ਫ਼ੀਸਦੀ, ਮੱਧ ਪ੍ਰਦੇਸ਼ ਦਾ 32 ਫ਼ੀਸਦੀ ਤ੍ਰਿਪੁਰਾ ਦਾ 24.5 ਫ਼ੀਸਦੀ ਤੇ ਸਿੱਕਮ ਦਾ 24 ਫ਼ੀਸਦੀ ਦਾ ਅਨੁਪਾਤ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਲਈ ਰਾਜਨੀਤਿਕ ਪਾਰਟੀਆਂ ਨੇ ਮੁਫ਼ਤ ਦੀਆਂ ਸਕੀਮਾਂ ਦੀ ਝੜੀ ਲਗਾ ਦਿੱਤੀ ਹੈ। ਇਨ੍ਹਾਂ ਚੋਣ ਰਿਉੜੀਆਂ ਨਾਲ ਵੋਟਾਂ ਦੇ ਬਾਅਦ ਸੂਬਿਆਂ ਦੀ ਅਰਥਵਿਵਸਥਾ 'ਤੇ ਪੈਣ ਵਾਲੇ ਅਸਰ ਦਾ ਟਰੈਕ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜਿਹੜੀਆਂ ਪਾਰਟੀਆਂ ਸਬਸਿਡੀਆਂ ਅਤੇ ਗਾਰੰਟੀਆਂ ਦੇ ਸਿਰ 'ਤੇ ਸੱਤਾ ਵਿਚ ਆਈਆਂ ਹਨ, ਉਹ ਹੁਣ ਬਾਜ਼ਾਰ ਵਿਚੋਂ ਕਰਜ਼ਾ ਲੈ ਕੇ ਚੋਣ ਵਾਅਦੇ ਪੁਗਾਉਣ ਲਈ ਮਜਬੂਰ ਹਨ। ਉਦਾਹਰਣ ਵਜੋਂ ਕਰਨਾਟਕ ਸਰਕਾਰ ਨੂੰ ਚੋਣਾਂ ਵੇਲੇ ਦਿੱਤੀਆਂ 5 ਗਾਰੰਟੀਆਂ ਪੂਰੀਆਂ ਕਰਨ ਲਈ 60 ਹਜ਼ਾਰ ਕਰੋੜ ਵਾਧੂ ਰਕਮ ਦੀ ਲੋੜ ਹੈ। ਮੱਧ ਪ੍ਰਦੇਸ਼ ਨੂੰ ਸਿਰਫ 'ਲਾਡਲੀ ਬਹਿਨਾ' ਯੋਜਨਾ ਲਈ ਹਰ ਸਾਲ 24 ਹਜ਼ਾਰ ਕਰੋੜ ਦੀ ਲੋੜ ਪਵੇਗੀ। ਤੇਲੰਗਾਨਾ ਦੀ ਕੁੱਲ ਕਮਾਈ ਦਾ 25 ਫ਼ੀਸਦੀ ਹਿੱਸਾ 6 ਗਾਰੰਟੀਆਂ ਪੂਰੀਆਂ ਕਰਨ ਵਿਚ ਜਾ ਰਿਹਾ ਹੈ। ਭਾਰਤ ਦੇ 15 ਸੂਬੇ ਅਜਿਹੇ ਹਨ, ਜਿਨ੍ਹਾਂ ਦੀ ਜੀ.ਡੀ.ਪੀ. ਦੇ ਮੁਕਾਬਲੇ ਕਰਜ਼ ਦਾ ਅਨੁਪਾਤ 30 ਫ਼ੀਸਦੀ ਤੋਂ ਵੱਧ ਹੈ। ਦੇਸ਼ ਦੇ 10 ਸੂਬੇ ਅਜਿਹੇ ਹਨ, ਜਿਨ੍ਹਾਂ ਨੂੰ ਅਗਲੇ 3 ਮਹੀਨਿਆਂ ਵਿਚ 4.73 ਲੱਖ ਕਰੋੜ ਰੁਪਏ ਦਾ ਕਰਜ਼ਾ ਬਾਜ਼ਾਰ ਵਿਚੋਂ ਲੈਣਾ ਪਵੇਗਾ। ਇਹ ਸੂਬੇ ਚਾਲੂ ਵਿੱਤੀ ਸਾਲ ਦੇ ਅੱਧ ਵਿਚ 3.46 ਲੱਖ ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੇ ਹਨ। ਇਸ ਹਿਸਾਬ ਨਾਲ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ




ਸੂਬਿਆਂ ਸਿਰ ਪੂਰੇ ਸਾਲ ਦੀ 9.20 ਲੱਖ ਕਰੋੜ ਰੁਪਏ ਦੀ ਉਧਾਰੀ ਹੋ ਜਾਵੇਗੀ। ਇਸ ਨਾਲ ਕਰਜ਼ੇ ਦਾ ਇਕ ਨਵਾਂ ਰਿਕਾਰਡ ਬਣੇਗਾ, ਜੋ ਪਿਛਲੇ ਸਾਲ ਦੇ ਕਰਜ਼ੇ ਤੋਂ 28.7 ਫ਼ੀਸਦੀ ਵੱਧ ਹੈ। ਇਨ੍ਹਾਂ ਸੂਬਿਆਂ ਨੇ ਕੋਰੋਨਾ ਵੇਲੇ ਛੋਟ ਦੇ ਬਾਵਜੂਦ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ । ਕਰਨਾਟਕ ਅਗਲੇ 3 ਮਹੀਨਿਆਂ ਵਿਚ ਸਭ ਤੋਂ ਜ਼ਿਆਦਾ 48,000 ਕਰੋੜ ਰੁਪਏ ਦਾ ਕਰਜ਼ਾ ਲਵੇਗਾ, ਤਾਮਿਲਨਾਡੂ 45,000 ਕਰੋੜ ਤੇ ਤੇਲੰਗਾਨਾ 30,000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਵਿਚ ਹੈ।

ਇਨ੍ਹਾਂ ਸੂਬਿਆਂ ਨੇ 2024-25 ਦੌਰਾਨ ਨਵੰਬਰ ਤੱਕ 9.20 ਲੱਖ ਕਰੋੜ ਦਾ ਕਰਜ਼ਾ ਲਿਆ ਹੈ, ਜਦਕਿ ਪਿਛਲੇ ਸਾਲ 7.17 ਲੱਖ ਕਰੋੜ, 2022-2023 ਦੌਰਾਨ 5.18 ਲੱਖ ਕਰੋੜ , 2021-2022 ਵਿਚ 4.92 ਲੱਖ ਕਰੋੜ ਅਤੇ 2020-21 ਦੌਰਾਨ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਹਾਲਾਂਕਿ ਸਬਸਿਡੀਆਂ ਨੂੰ ਲੈ ਕੇ ਦੋ ਰਾਵਾਂ ਚੱਲ ਰਹੀਆਂ ਹਨ, ਇਕ ਵਰਗ ਦਾ ਕਹਿਣਾ ਹੈ ਕਿ ਸਬਸਿਡੀਆਂ ਦੀ ਲੋੜ ਨਹੀਂ, ਜਦਕਿ ਦੂਜਾ ਵਰਗ ਕੇਵਲ ਲੋੜਵੰਦਾਂ ਨੂੰ ਸਬਸਿਡੀ ਦੇਣ ਦੇ ਹੱਕ ਵਿਚ ਹੈ। ਪਰ ਸਭ ਨੂੰ ਸਬਸਿਡੀ ਦਾ ਲਾਭ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਕਈ ਅਜਿਹੇ ਲੋਕ ਵੀ ਹਨ, ਜੋ ਜਾਅਲੀ ਕਾਗਜ਼ਾਤ ਤਿਆਰ ਕਰਵਾ ਕੇ ਸਬਸਿਡੀਆਂ ਦਾ ਲਾਭ ਲੈ ਰਹੇ ਹਨ। ਹੋਰ ਤਾਂ ਹੋਰ ਮ੍ਰਿਤਕ ਵੀ ਸਰਕਾਰੀ ਅੰਨ ਖਾ ਰਹੇ ਹਨ ਅਤੇ ਕਈ ਹਸਪਤਾਲਾਂ 'ਚ ਮ੍ਰਿਤਕਾਂ ਦੇ ਨਾਂਅ 'ਤੇ ਇਲਾਜ ਹੋਣ ਦੇ ਤੱਥ ਵੀ ਸਾਹਮਣੇ ਆਏ ਹਨ।

ਪੰਜਾਬ ਸਰਕਾਰ ਨੂੰ ਘਰਾਂ ਲਈ ਹਰ ਮਹੀਨੇ 300 ਯੂਨਿਟ ਤੇ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਵਾਸਤੇ ਕਈ ਹਜ਼ਾਰ ਕਰੋੜ ਦਾ ਕਰਜ਼ਾ ਹਰ ਸਾਲ ਚੁੱਕਣਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਕੁੱਲ ਮਾਲੀਏ ਦਾ 23 ਫ਼ੀਸਦੀ ਕਰਜ਼ੇ ਦਾ ਵਿਆਜ ਚੁਕਾਉਣ ਵਿਚ ਚਲਾ ਜਾਂਦਾ ਹੈ। ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਪੈਸੇ ਦੀ ਤੰਗੀ ਕਾਰਨ ਚੋਣਾਂ ਵੇਲੇ ਔਰਤਾਂ ਨੂੰ 1000 ਰੁਪਏ ਦੇਣ ਦੀ ਗਾਰੰਟੀ ਹਾਲੇ ਪੂਰੀ ਨਹੀਂ ਕੀਤੀ ਜਾ ਰਹੀ ਹੈ, ਜਦਕਿ ਉਸ ਨੇ ਦਿੱਲੀ ਵਿਚ ਔਰਤਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਕਾਂਗਰਸ ਤੇ ਭਾਜਪਾ ਵੀ ਪਿੱਛੇ ਨਹੀਂ ਰਹੀਆਂ। ਦੋਹਾਂ ਪਾਰਟੀਆਂ ਨੇ ਸੱਤਾ ਵਿਚ ਆਉਣ 'ਤੇ ਔਰਤਾਂ ਨੂੰ 2500 ਰੁਪਏ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ। ਦਰਅਸਲ ਸਹੂਲਤਾਂ ਤੇ ਗਾਰੰਟੀਆਂ ਦਾ ਚੋਗਾ ਪਾ ਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ, ਗਾਰੰਟੀਆਂ ਦੇ ਲਾਲਚ ਹੇਠ ਅਸਲ ਮੁੱਦੇ ਦੱਬ ਕੇ ਰਹਿ ਜਾਂਦੇ ਹਨ। ਸਿਆਸੀ ਪਾਰਟੀਆਂ ਨੇ ਗ਼ਰੀਬਾਂ ਨੂੰ ਭਰਮਾਉਣ ਤੇ ਉਨ੍ਹਾਂ ਦੀਆਂ ਲੋੜਾਂ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦਾ ਰਾਹ ਲੱਭ ਲਿਆ ਹੈ। ਪਰ ਇਹ ਇਕ ਕੌੜਾ ਸੱਚ ਹੈ ਕਿ ਸਬਸਿਡੀਆਂ ਦਾ ਭਾਰ ਸਿੱਧੇ ਤੌਰ 'ਤੇ ਆਮ ਲੋਕਾਂ 'ਤੇ ਹੀ ਪੈ ਰਿਹਾ ਹੈ।

ਵੇਖਿਆ ਇਹ ਗਿਆ ਹੈ ਕਿ ਸਬਸਿਡੀ ਸ਼ੁਰੂ ਕਰਨ ਵਾਲੀ ਕਾਂਗਰਸ ਸਰਕਾਰ 1997 ਵਿਚ ਹਾਰ ਗਈ ਸੀ। ਇਸ ਤੋਂ ਬਾਅਦ ਅਕਾਲੀ-ਭਾਜਪਾ ਸਰਕਾਰ ਵੀ ਅਗਲੀਆਂ ਚੋਣਾਂ ਵਿਚ ਹਾਰ ਗਈ ਸੀ ਅਤੇ ਫਿਰ 2007 ਵਿਚ ਕਾਂਗਰਸ ਹਾਰ ਗਈ ਸੀ ਅਤੇ 2017 ਵਿਚ ਅਕਾਲੀ-ਭਾਜਪਾ ਦੀ ਗੱਠਜੋੜ ਸਰਕਾਰ ਵੀ ਵਿਧਾਨ ਸਭਾ ਦੀਆਂ ਚੋਣਾਂ ਹਾਰ ਗਈ ਸੀ। ਫਿਰ ਕਾਂਗਰਸ ਨੇ ਵੀ 2022 ਵਿਚ ਹਾਰ ਦਾ ਸਾਹਮਣਾ ਕੀਤਾ।ਇੱਥੇ ਇਸ ਉਦਾਹਰਨ ਨਾਲ ਸਪਸ਼ਟ ਹੋ ਰਿਹਾ ਕਿ ਮੁਫ਼ਤ ਸਹੂਲਤਾਂ ਨਾਲ ਕੋਈ ਪਾਰਟੀ ਅਗਲੀ ਵਾਰ ਜਿੱਤ ਜਾਵੇਗੀ, ਇਸ ਦਾ ਕੋਈ ਸਿੱਧਾ-ਸਾਦਾ ਸਬੰਧ ਨਹੀਂ ਹੈ। ਇਸ ਕਰਕੇ ਪੰਜਾਬ ਸਰਕਾਰ ਨੂੰ ਕਰਜ਼ਾ ਚੁੱਕਣ ਦੀ ਥਾਂ ਆਮਦਨੀ ਵਧਾਉਣ ਦੇ ਯਤਨ ਕਰਨੇ ਚਾਹੀਦੇ ਹਨ।

# ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ

## ਭਾਰਤ ਤੋਂ ਬੰਗਲਾਦੇਸ਼ 'ਚ ਜਾ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ 45% ਵਾਧਾ

ਵਾਸ਼ਿੰਗਟਨ: ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਲਈ ਭਾਰਤੀ ਵਿਦਿਆਰਥੀਆਂ ਦੀਆਂ ਤਰਜੀਹਾਂ ਬਦਲ ਰਹੀਆਂ ਹਨ। ਭਾਰਤੀ ਵਿਦਿਆਰਥੀ ਹੁਣ ਕੈਨੇਡਾ ਦੀ ਬਜਾਏ ਰੂਸ ਜ਼ਿਆਦਾ ਜਾ ਰਹੇ ਹਨ। ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਹੈ। ਰੂਸ ਤੋਂ ਇਲਾਵਾ, ਫਰਾਂਸ ਅਤੇ ਜਰਮਨੀ ਵਿੱਚ ਵੀ ਭਾਰਤੀ ਵਿਦਿਆਰਥੀਆਂ ਦੀ ਦਿਲਚਸਪੀ ਵਧੀ ਹੈ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਲਈ ਇੱਕ ਹਾਟ ਸਪਾਟ ਮੰਨਿਆ ਜਾ ਰਿਹਾ ਹੈ। ਖਾਸ ਕਰਕੇ, ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਜਾ ਰਹੇ ਸਨ। ਪਰ ਜੇ ਅਸੀਂ ਨਵੇਂ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਰੁਝਾਨ ਕੁਝ ਹੱਦ ਤੱਕ ਬਦਲਦਾ ਜਾਪਦਾ ਹੈ।

ਦਰਅਸਲ, ਬੀਤੇ ਦਿਨੀਂ ਲੋਕ ਸਭਾ ਵਿੱਚ, ਜਦੋਂ ਕੇਂਦਰੀ ਸਿੱਖਿਆ ਰਾਜ ਮੰਤਰੀ ਸੁਕਾਂਤ ਮਜੂਮਦਾਰ ਨੇ ਸੰਸਦ ਮੈਂਬਰ ਈ.ਟੀ. ਮੁਹੰਮਦ ਬਸ਼ੀਰ ਦੁਆਰਾ ਉਠਾਏ ਗਏ ਇੱਕ ਸਵਾਲ ਦੇ ਜਵਾਬ ਵਿੱਚ ਪਿਛਲੇ ਤਿੰਨ ਸਾਲਾਂ ਦਾ ਅੰਕੜਾ ਪੇਸ਼ ਕੀਤਾ, ਤਾਂ ਕਈ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ। ਪੰਜਾਬ, ਹਰਿਆਣਾ, ਗੁਜਰਾਤ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਲਈ ਪੜ੍ਹਾਈ ਤੋਂ ਇਲਾਵਾ, ਕੈਨੇਡੀਅਨ ਪੀਆਰ ਵੀਜ਼ਾ ਪ੍ਰਾਪਤ ਕਰਨਾ ਅਤੇ ਫਿਰ ਨੌਕਰੀ ਲੱਭਣਾ ਵੀ ਇੱਕ ਵੱਡਾ ਆਕਰਸ਼ਣ ਸੀ। ਪਰ ਇਸ ਦੇ ਬਾਵਜੂਦ, ਗਿਰਾਵਟ ਦਰਜ ਕੀਤੀ ਜਾ ਰਹੀ ਹੈ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ ਭਾਰਤੀ ਵਿਦਿਆਰਥੀਆਂ ਵਿੱਚ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੀ ਇੱਛਾ ਥੋੜ੍ਹੀ ਘੱਟ ਗਈ ਜਾਪਦੀ ਸੀ। 2024 ਵਿੱਚ, ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਵੱਧ ਲੋਕ ਪੜ੍ਹਾਈ ਲਈ ਵਿਦੇਸ਼ ਗਏ। ਇੱਕ ਹੋਰ ਜਾਣਕਾਰੀ ਜੋ ਤੁਹਾਨੂੰ ਹੈਰਾਨ ਕਰ ਦੇਵੇਗੀ ਉਹ ਇਹ ਹੈ ਕਿ ਹੁਣ ਭਾਰਤੀ ਵਿਦਿਆਰਥੀ ਰੂਸ ਨੂੰ ਇੱਕ ਚੰਗੇ ਬਦਲ ਵਜੋਂ ਦੇਖ ਰਹੇ ਹਨ। ਸਭ ਤੋਂ ਪਹਿਲਾਂ, ਅੰਕੜਿਆਂ ਦੀ ਗੱਲ ਕਰੀਏ ਤਾਂ ਸਿੱਖਿਆ ਮੰਤਰਾਲੇ ਦੇ ਅਨੁਸਾਰ, 2024 ਵਿੱਚ, ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 15% ਦੀ ਕਮੀ ਆਈ ਹੈ। ਜਦੋਂ ਕਿ 2022 ਵਿੱਚ 7.5 ਲੱਖ ਤੋਂ ਵੱਧ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਸਨ, ਇਹ ਗਿਣਤੀ 2024 ਵਿੱਚ ਘੱਟ ਕੇ 6.5 ਲੱਖ ਤੋਂ ਵੀ ਘੱਟ ਰਹਿ ਗਈ।

ਸਭ ਤੋਂ ਵੱਡੀ ਗਿਰਾਵਟ ਕੈਨੇਡਾ ਵਿੱਚ ਦੇਖੀ ਗਈ। 2023 ਵਿੱਚ 4 ਲੱਖ ਤੋਂ ਵੱਧ ਵਿਦਿਆਰਥੀ ਕੈਨੇਡਾ ਗਏ ਸਨ, ਪਰ 2024 ਵਿੱਚ ਇਹ ਗਿਣਤੀ ਘੱਟ ਕੇ 2.5 ਲੱਖ ਤੋਂ ਵੀ ਘੱਟ ਰਹਿ ਗਈ। ਇਹ 41% ਦੀ ਵੱਡੀ ਗਿਰਾਵਟ ਹੈ!" ਪਰ ਦੂਜੇ ਪਾਸੇ, ਰੂਸ ਦੀ ਕਹਾਣੀ ਬਿਲਕੁਲ ਉਲਟ ਹੈ। ਜਿੱਥੇ 2023 ਵਿੱਚ 11 ਹਜ਼ਾਰ ਵਿਦਿਆਰਥੀ ਰੂਸ ਗਏ ਸਨ, 2024 ਵਿੱਚ ਇਹ ਗਿਣਤੀ 33% ਵਧੀ ਅਤੇ ਬਹੁਤ ਜ਼ਿਆਦਾ ਹੋ ਗਈ। ਰੂਸ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਅਜਿਹਾ ਕਿਉਂ ਹੈ? ਕਿਉਂਕਿ ਰੂਸੀ ਸਰਕਾਰ



ਸਕਾਲਰਸ਼ਿਪ ਵਧਾ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕਈ ਕਦਮ ਚੁੱਕ ਰਹੀ ਹੈ। ਕੈਨੇਡਾ ਕਦੇ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਸਥਾਨ ਸੀ, ਪਰ ਅੱਜ ਲੋਕ ਉਸੇ ਕੈਨੇਡਾ ਜਾਣ ਤੋਂ ਝਿਜਕ ਰਹੇ ਹਨ? ਇਸ ਬਾਰੇ ਪੁੱਛੇ ਜਾਣ 'ਤੇ, ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਵਧਦਾ ਰਾਜਨੀਤਿਕ ਤਣਾਅ, ਇੰਮੀਗ੍ਰੇਸ਼ਨ ਸਖਤ ਕਨੂੰਨ ਇਸ ਦਾ ਕਾਰਣ ਹਨ।

ਤੁਹਾਨੂੰ ਦੱਸ ਦੇਈਏ ਕਿ ਸਿਰਫ਼ ਕੈਨੇਡਾ ਹੀ ਨਹੀਂ, ਅਮਰੀਕਾ ਅਤੇ ਯੂਕੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੀ ਘੱਟ ਗਈ ਹੈ। ਅਮਰੀਕਾ ਵਿੱਚ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 2 ਲੱਖ 34 ਹਜ਼ਾਰ ਤੋਂ ਘੱਟ ਕੇ 2024 ਵਿੱਚ 2 ਲੱਖ ਰਹਿ ਜਾਵੇਗੀ, ਭਾਵ 13% ਦੀ ਸਿੱਧੀ ਗਿਰਾਵਟ। ਇਸਦਾ ਕਾਰਨ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਟਰੰਪ ਹਨ। ਭਾਰਤੀ ਵਿਦਿਆਰਥੀ ਡੋਨਾਲਡ ਟਰੰਪ 'ਤੇ ਆਸਾਨੀ ਨਾਲ ਭਰੋਸਾ ਨਹੀਂ ਕਰ ਪਾ ਰਹੇ ਹਨ ਅਤੇ ਉਨ੍ਹਾਂ ਦੀਆਂ ਬਦਲਦੀਆਂ ਨੀਤੀਆਂ ਕਾਰਨ ਅਮਰੀਕਾ ਜਾਣ ਤੋਂ ਝਿਜਕ ਰਹੇ ਹਨ। ਜੇਕਰ ਅਸੀਂ ਯੂਕੇ ਦੀ ਗੱਲ ਕਰੀਏ ਤਾਂ ਯੂਕੇ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ 1 ਲੱਖ 36 ਹਜ਼ਾਰ ਤੋਂ ਘੱਟ ਕੇ 98 ਹਜ਼ਾਰ ਵਿਦਿਆਰਥੀਆਂ 'ਤੇ ਆ ਗਈ ਹੈ, ਇਸਦਾ ਕਾਰਨ ਵੀਜ਼ਾ ਦੇ ਸਖ਼ਤ ਨਿਯਮ ਅਤੇ ਨੌਕਰੀ ਦੇ ਮੌਕਿਆਂ ਵਿੱਚ ਬਦਲਾਅ ਵੀ ਹੋ ਸਕਦੇ ਹਨ। ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਇਹ ਸਪੱਸ਼ਟ ਹੈ ਕਿ ਭਾਰਤੀ ਵਿਦਿਆਰਥੀ ਹੁਣ ਆਪਣੇ ਵਿਕਲਪਾਂ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਲੈ ਰਹੇ ਹਨ। ਜਿੱਥੇ ਇੱਕ ਪਾਸੇ, ਕੈਨੇਡਾ ਵਰਗੇ ਦੇਸ਼ ਤਣਾਅ ਅਤੇ ਸਖ਼ਤ ਨਿਯਮਾਂ ਕਾਰਨ ਵਿਦਿਆਰਥੀਆਂ ਨੂੰ ਭਜਾ ਰਹੇ ਹਨ, ਉੱਥੇ ਦੂਜੇ ਪਾਸੇ, ਰੂਸ ਵਰਗੇ ਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਸਕਾਲਰਸ਼ਿਪਾਂ ਨਾਲ ਆਕਰਸ਼ਿਤ ਕਰ ਰਹੇ ਹਨ ਅਤੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਹ ਬਦਲਾਅ ਸਿਰਫ਼ ਅੰਕੜਿਆਂ ਦਾ ਮਾਮਲਾ ਨਹੀਂ ਹੈ, ਸਗੋਂ ਭਾਰਤੀ ਵਿਦਿਆਰਥੀਆਂ ਦੀ ਸੋਚ ਅਤੇ ਤਰਜੀਹਾਂ ਵਿੱਚ ਬਦਲਾਅ ਨੂੰ ਵੀ ਦਰਸਾਉਂਦਾ ਹੈ।

ਪਹਿਲਾਂ ਉਨ੍ਹਾਂ ਮੁਲਕਾਂ ਬਾਰੇ ਗੱਲ ਕਰਦੇ ਹਾਂ ਜਿੱਥੇ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ।

**ਕੈਨੇਡਾ-** ਕੈਨੇਡਾ ਵਿੱਚ ਸਾਲ 2023 ਵਿੱਚ 2,33,532 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਘੱਟ ਕੇ 1,37,608 ਹੋ ਗਈ। ਇਹ ਘਾਟਾ 95,924 ਹੈ ਜੋ ਕਿ ਕਰੀਬ 41 ਫ਼ੀਸਦ ਹੈ।

**ਅਮਰੀਕਾ-** ਅਮਰੀਕਾ ਵਿੱਚ ਸਾਲ 2023 ਵਿੱਚ 2,34,473 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਘੱਟ ਕੇ 2,04,053 ਹੋ ਗਈ। ਇਹ ਘਾਟਾ 30,420 ਹੈ ਜੋ ਕਿ ਕਰੀਬ 13 ਫ਼ੀਸਦ ਹੈ।

**ਯੂਕੇ-** ਯੂਕੇ ਵਿੱਚ ਸਾਲ 2023 ਵਿੱਚ 1,36,921 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਘੱਟ ਕੇ 98,890 ਹੋ ਗਈ। ਇਹ ਘਾਟਾ 38,031 ਹੈ ਜੋ ਕਿ ਕਰੀਬ 28 ਫ਼ੀਸਦ ਹੈ।

**ਆਸਟ੍ਰੇਲੀਆ-** ਆਸਟ੍ਰੇਲੀਆ ਵਿੱਚ ਸਾਲ 2023 ਵਿੱਚ 78,093 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਘੱਟ ਕੇ 68,572 ਹੋ ਗਈ। ਇਹ ਘਾਟਾ 9521 ਹੈ ਜੋ ਕਿ ਕਰੀਬ 12 ਫ਼ੀਸਦ ਹੈ।

**ਚੀਨ-** ਚੀਨ ਵਿੱਚ ਸਾਲ 2023 ਵਿੱਚ 7279 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਘੱਟ ਕੇ 4978 ਹੋ ਗਈ। ਇਹ ਘਾਟਾ 2301 ਹੈ ਜੋ ਕਿ ਕਰੀਬ 32 ਫ਼ੀਸਦ ਹੈ।

ਹੁਣ ਗੱਲ ਕਰਦੇ ਹਾਂ ਉਨ੍ਹਾਂ ਮੁਲਕਾਂ ਦੀ ਜਿੱਥੇ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।

**ਜਰਮਨੀ-** ਜਰਮਨੀ ਵਿੱਚ ਸਾਲ 2023 ਵਿੱਚ 23,296 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਵੱਧ ਕੇ 34,702 ਹੋ ਗਈ। ਇਹ ਵਾਧਾ 11,406 ਦਾ ਹੈ ਜੋ ਕਰੀਬ 49 ਫ਼ੀਸਦ ਹੈ।

**ਰੂਸ-** ਰੂਸ ਵਿੱਚ ਸਾਲ 2023 ਵਿੱਚ 23,503 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਵੱਧ ਕੇ 31,444 ਹੋ ਗਈ। ਇਹ ਵਾਧਾ 7941 ਦਾ ਹੈ ਜੋ ਕਰੀਬ 34 ਫ਼ੀਸਦ ਹੈ।

ਬੰਗਲਾਦੇਸ਼- ਬੰਗਲਾਦੇਸ਼ ਵਿੱਚ ਸਾਲ 2023 ਵਿੱਚ 20,368 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਵੱਧ ਕੇ 29,232 ਹੋ ਗਈ। ਇਹ ਵਾਧਾ 8864 ਦਾ ਹੈ ਜੋ ਕਰੀਬ 45 ਫ਼ੀਸਦ ਹੈ।

**ਸਿੰਗਾਪੁਰ-** ਸਿੰਗਾਪੁਰ ਵਿੱਚ ਸਾਲ 2023 ਵਿੱਚ 12,763 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਵੱਧ ਕੇ 14,547 ਹੋ ਗਈ। ਇਹ ਵਾਧਾ 1784 ਦਾ ਹੈ ਜੋ ਕਰੀਬ 14 ਫ਼ੀਸਦ ਹੈ।

**ਨਿਊਜ਼ੀਲੈਂਡ-** ਨਿਊਜ਼ੀਲੈਂਡ ਵਿੱਚ ਸਾਲ 2023 ਵਿੱਚ 6471 ਭਾਰਤੀ ਵਿਦਿਆਰਥੀ ਗਏ ਸਨ ਜਦਕਿ ਸਾਲ 2024 ਵਿੱਚ ਇਹ ਗਿਣਤੀ ਵੱਧ ਕੇ 7297 ਹੋ ਗਈ। ਇਹ ਵਾਧਾ 826 ਦਾ ਹੈ ਜੋ ਕਰੀਬ 13 ਫ਼ੀਸਦ ਹੈ।

# ਓਂਟਾਰੀਓ ਨੇ 25% ਬਿਜਲੀ ਸਰਚਾਰਜ ਕੀਤਾ ਮੁਅੱਤਲ

**ਟੋਰਾਂਟੋ, (ਸਿਮਰਨਜੀਤ ਸਿੰਘ):** ਓਂਟਾਰੀਓ ਪ੍ਰੀਮੀਅਰ ਡਗ ਫੋਰਡ ਨੇ ਐਲਾਨ ਕੀਤਾ ਹੈ ਕਿ ਉਸ ਦੀ ਸਰਕਾਰ ਤਿੰਨ ਅਮਰੀਕੀ ਰਾਜਾਂ 'ਚ ਬਿਜਲੀ ਨਿਰਯਾਤ 'ਤੇ ਲਾਗੂ 25% ਸਰਚਾਰਜ ਨੂੰ ਮੁਅੱਤਲ ਕਰ ਰਹੀ ਹੈ। ਇਹ ਐਲਾਨ ਵਾਸ਼ਿੰਗਟਨ ਵਿੱਚ ਅਮਰੀਕੀ ਵਪਾਰ ਸਕੱਤਰ ਨਾਲ ਹੋਣ ਵਾਲੀ ਮੁਲਾਕਾਤ ਦੀ ਗੱਲਬਾਤ ਪੱਕੀ ਹੋਣ ਤੋਂ ਬਾਅਦ ਕੀਤਾ ਗਿਆ।

ਇਹ ਫੈਸਲਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫੋਰਡ ਵਿਚਕਾਰ ਵਧ ਰਹੀ ਤਣਾਅ ਭਰੀ ਗੱਲਬਾਤ ਦੇ ਬਾਅਦ ਆਇਆ। ਟਰੰਪ ਨੇ ਓਂਟਾਰੀਓ ਦੀ ਨਵੀਂ ਨੀਤੀ ਦੀ ਆਲੋਚਨਾ ਕਰਦੇ ਹੋਏ ਕੈਨੇਡਾ ਦੀ ਆਟੋਮੋਬਾਈਲ ਉਦਯੋਗ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਦੀ ਧਮਕੀ ਦਿੱਤੀ।

ਫੋਰਡ ਅਤੇ ਅਮਰੀਕੀ ਵਪਾਰ ਸਕੱਤਰ ਹਾਵਰਡ ਲੁਟਨਿਕ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੈਨੇਡਾ ਦੇ ਵਿੱਤ ਮੰਤਰੀ ਡੋਮਿਨਿਕ ਲੇਬਲਾਂਕ ਅਤੇ ਫੋਰਡ ਨੂੰ ਵਾਈਟ ਹਾਊਸ ਆਉਣ ਦਾ ਸੱਦਾ ਦਿੱਤਾ ਗਿਆ ਹੈ।

ਫੋਰਡ 14 ਮਾਰਚ ਨੂੰ ਵਾਸ਼ਿੰਗਟਨ ਜਾਣਗੇ, ਜਿੱਥੇ ਉਹ ਅਮਰੀਕੀ ਵਪਾਰ ਟੀਮ ਨਾਲ ਮੁਲਾਕਾਤ ਕਰਨਗੇ। ਪਰ ਉਨ੍ਹਾਂ ਨੇ ਕਿਹਾ ਕਿ ਉਹ ਅਜੇ ਯਕੀਨੀ ਨਹੀਂ ਹਨ ਕਿ ਉਹ ਟਰੰਪ ਨਾਲ ਵੀ ਮਿਲਣਗੇ ਜਾਂ ਨਹੀਂ।

ਓਂਟਾਰੀਓ ਨੇ ਆਪਣਾ 25% ਬਿਜਲੀ ਸਰਚਾਰਜ ਸਿਰਫ਼ 24 ਘੰਟਿਆਂ ਦੇ ਅੰਦਰ ਹੀ ਹਟਾ ਦਿੱਤਾ, ਪਰ ਅਮਰੀਕਾ ਨੇ 50% ਸਟੀਲ ਅਤੇ ਐਲੂਮੀਨੀਅਮ ਟੈਰਿਫ਼ 'ਤੇ ਅਜੇ ਕੋਈ ਵੱਡਾ ਐਲਾਨ ਨਹੀਂ ਕੀਤਾ।

ਕੈਨੇਡਾ 'ਤੇ 25% ਵਾਧੂ ਟੈਰਿਫ਼ ਨਹੀਂ ਲਾਗੂ ਕੀਤਾ ਜਾਵੇਗਾ, ਪਰ ਅਮਰੀਕਾ ਨੇ ਕਿਹਾ ਕਿ ਉਹ ਮੁੱਢਲੀਆਂ



25% ਟੈਰਿਫ਼ ਨੂੰ ਜਾਰੀ ਰੱਖਣਗੇ।

ਮੰਗਲਵਾਰ ਸਵੇਰੇ, ਟਰੰਪ ਨੇ ਟਰੂਥ ਸ਼ੋਸ਼ਲ 'ਤੇ ਲਿਖਿਆ ਕਿ "ਜੇ ਓਂਟਾਰੀਓ ਆਪਣੀ ਨੀਤੀ ਤੋਂ ਵਾਪਸ ਨਹੀਂ ਆਉਂਦਾ, ਤਾਂ ਅਸੀਂ ਕੈਨੇਡਾ ਦੇ ਆਟੋ ਉਦਯੋਗ ਨੂੰ ਹਮੇਸ਼ਾ ਲਈ ਬੰਦ ਕਰ ਦੇਵਾਂਗੇ।"

ਉਨ੍ਹਾਂ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਧਮਕੀ ਵੀ ਦਿੱਤੀ।

ਅੰਤ ਵਿੱਚ, 3 ਵਜੇ ਦੁਪਹਿਰ ਇੱਕ ਅਸਥਾਈ ਸਮਝੌਤਾ ਹੋਇਆ, ਜਿਸ ਤੋਂ ਬਾਅਦ ਟੈਨਸ਼ਨ ਘੱਟ ਹੋਈ।

ਫੋਰਡ ਨੇ ਕੁਈਨਜ਼ ਪਾਰਕ 'ਚ ਕਿਹਾ, "ਅਸੀਂ ਇੱਕ-ਦੂਜੇ 'ਤੇ ਧਮਕੀਆਂ ਦੇਣ ਦੀ ਬਜਾਏ, ਅੱਗੇ ਵਧਣ ਲਈ ਇੱਕ ਵਧੀਆ ਰਾਹ ਖੋਜਣਾ ਚਾਹੁੰਦੇ ਹਾਂ।" ਉਨ੍ਹਾਂ ਨੇ ਕਿਹਾ ਕਿ ਫੈਡਰਲ ਸਰਕਾਰ ਹੁਣ ਅਮਰੀਕਾ ਨਾਲ ਵਪਾਰਕ ਗੱਲਬਾਤ ਦੀ ਅਗਵਾਈ ਕਰੇਗੀ।

ਫੋਰਡ ਨੇ ਇਹ ਵੀ ਦੱਸਿਆ ਕਿ ਉਹ ਸਾਰੇ ਕੈਨੇਡੀਅਨ ਪ੍ਰੀਮੀਅਰਾਂ ਨਾਲ ਗੱਲਬਾਤ ਕਰਨਗੇ, ਤਾਂ ਜੋ ਇਹ ਮਾਮਲਾ ਫੈਡਰਲ ਪੱਧਰ 'ਤੇ ਹੱਲ ਹੋ ਸਕੇ।

ਫੋਰਡ ਨੇ ਆਪਣੀ ਸਖ਼ਤ ਪਾਲਸੀ 'ਚ ਨਰਮੀ ਆਉਣ ਦੇ ਕਾਰਨਾਂ ਬਾਰੇ ਦੱਸਦੇ ਹੋਏ ਕਿਹਾ, "ਜਦੋਂ ਕੋਈ ਤੁਹਾਨੂੰ 'ਓਲਿਵ ਬ੍ਰਾਂਚ' ਦਿੰਦਾ ਹੈ (ਸ਼ਾਂਤੀ ਦੀ ਪੇਸ਼ਕਸ਼ ਕਰਦਾ ਹੈ), ਤਾਂ ਸਭ ਤੋਂ ਮਾੜੀ ਗੱਲ ਉਹਨੂੰ ਅਣਡਿੱਠਾ ਕਰਨਾ ਹੁੰਦੀ ਹੈ।"

ਉਨ੍ਹਾਂ ਨੇ ਵਾਈਟ ਹਾਊਸ ਦੀ ਪੇਸ਼ਕਸ਼ ਨੂੰ ਸਵਾਗਤਯੋਗ ਕਰਾਰ ਦਿੰਦਿਆਂ ਕਿਹਾ ਕਿ "ਅਸੀਂ ਇੱਕ-ਦੂਜੇ ਨਾਲ ਬੈਠ ਕੇ ਇਹ ਮਸਲਾ ਹੱਲ ਕਰ ਸਕਦੇ ਹਾਂ।"

ਮੁਲਾਕਾਤ ਦੀ ਪੇਸ਼ਕਸ਼ ਤੋਂ ਬਾਅਦ, ਟਰੰਪ ਨੇ ਫੋਰਡ ਦੀ ਤਾਰੀਫ਼ ਕਰਦੇ ਹੋਏ ਕਿਹਾ, "ਕੈਨੇਡਾ ਵਿੱਚ ਇੱਕ ਬਹੁਤ ਹੀ ਮਜ਼ਬੂਤ ਆਦਮੀ ਹੈ, ਜਿਸ ਨੇ ਕਿਹਾ ਸੀ ਕਿ ਉਹ ਬਿਜਲੀ ਉੱਤੇ ਟੈਰਿਫ਼ ਲਗਾਵੇਗਾ। ਹੁਣ ਉਸਨੇ ਕਿਹਾ ਕਿ ਉਹ ਨਹੀਂ ਕਰੇਗਾ। ਇਹ ਇੱਕ ਚੰਗੀ ਗੱਲ ਹੈ, ਅਤੇ ਮੈਂ ਉਸਦਾ ਸਤਿਕਾਰ ਕਰਦਾ ਹਾਂ।"

ਜ਼ਿਕਰਯੋਗ ਹੈ ਕਿ ਟੈਰਿਫ਼ ਟਰੰਪ ਦੀਆਂ ਆਰਥਿਕ ਯੋਜਨਾਵਾਂ ਦਾ ਕੇਂਦਰੀ ਹਿੱਸਾ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਟੈਰਿਫ਼ ਅਮਰੀਕੀ ਨਿਰਮਾਣ ਨੂੰ ਹੁਲਾਰਾ ਦੇਣਗੇ ਅਤੇ ਨੌਕਰੀਆਂ ਦੀ ਰੱਖਿਆ ਕਰਨਗੇ, ਨਾਲ ਹੀ ਟੈਕਸ ਮਾਲੀਆ ਵਿੱਚ ਵਾਧਾ ਹੋਵੇਗਾ ਅਤੇ ਅਰਥਵਿਵਸਥਾ ਵੀ ਵਧੇਗੀ। ਚੀਨ, ਮੈਕਸੀਕੋ ਅਤੇ ਕੈਨੇਡਾ ਤੋਂ ਆਉਣ ਵਾਲੀਆਂ ਵਸਤਾਂ 2024 ਵਿੱਚ ਅਮਰੀਕਾ ਦੇ ਆਯਾਤ ਦਾ 40 ਫੀਸਦ ਹਿੱਸਾ ਸਨ। ਜਦੋਂ ਉਨ੍ਹਾਂ ਨੇ ਪਹਿਲੀ ਵਾਰ ਨਵੇਂ ਟੈਰਿਫ਼ਾਂ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ, ਤਾਂ ਵ੍ਹਾਈਟ ਹਾਊਸ ਨੇ ਕਿਹਾ ਸੀ ਕਿ ਰਾਸ਼ਟਰਪਤੀ "ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਅਤੇ ਜ਼ਹਿਰੀਲੇ ਫੈਂਟੇਨਾਇਲ ਅਤੇ ਹੋਰ ਨਸ਼ਿਆਂ ਨੂੰ ਸਾਡੇ ਦੇਸ਼ ਵਿੱਚ ਆਉਣ ਤੋਂ ਰੋਕਣ ਦੇ ਆਪਣੇ ਵਾਅਦਿਆਂ ਲਈ ਦਲੇਰਾਨਾ ਕਦਮ ਚੁੱਕ ਰਹੇ ਹਨ।" This report was written by Simranjit Singh as part of the Local Journalism Initiative.

# ਵੈਨਕੂਵਰ ਕੰਪਨੀਆਂ ਸਟੀਲ ਅਤੇ ਐਲੂਮੀਨੀਅਮ ਦੀਆਂ ਕੀਮਤਾਂ ਵਧਾਉਣ ਲਈ ਮਜ਼ਬੂਰ

ਵੈਨਕੂਵਰ (ਸਿਮਰਨਜੀਤ ਸਿੰਘ): ਵੈਨਕੂਵਰ ਦੀ ਇੱਕ ਡਿਰਿੰਕਿੰਗ ਕੈਨ ਬਣਾਉਣ ਵਾਲੀ ਕੰਪਨੀ ਨੇ ਕਿਹਾ ਹੈ ਕਿ ਸਟੀਲ ਅਤੇ ਐਲੂਮੀਨੀਅਮ 'ਤੇ ਨਵੇਂ ਟੈਕਸ ਲਾਗੂ ਹੋਣ ਕਾਰਨ, ਉਹ ਆਪਣੇ ਕੈਨਜ਼ ਦੀ ਕੀਮਤ ਵਧਾਉਣ ਲਈ ਤਿਆਰ ਹੋ ਰਹੀ ਹੈ।

Superflux Beer Company ਦੇ ਐਡਮ ਹੈਂਡਰਸਨ ਨੇ ਦੱਸਿਆ, "ਅਸੀਂ ਮਹੀਨੇ ਦੇ ਅੰਤ 'ਤੇ ਆਪਣੇ ਕੈਨਜ਼ ਦੀ ਕੀਮਤ ਲਗਭਗ 10% ਵਧਾਉਣ ਦੀ ਯੋਜਨਾ ਬਣਾ ਰਹੇ ਹਾਂ। ਇਹ ਐਲੂਮੀਨੀਅਮ ਦੀ ਕੀਮਤ ਵਿੱਚ ਵਾਧਾ ਹੋਣ ਕਾਰਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਇੱਕ ਹੋਰ 25% ਤੋਂ 50% ਤੱਕ ਦਾ ਟੈਰਿਫ਼ ਵੀ ਲਾਗੂ ਹੋ ਸਕਦਾ ਹੈ, ਜਿਸਦੀ ਰਕਮ ਅਜੇ ਤੈਅ ਨਹੀਂ ਹੈ।" ਕੰਪਨੀ ਨੇ ਕਿਹਾ ਕਿ ਉਹ ਆਪਣੀਆਂ ਕੈਨਜ਼ ਐਲੂਮੀਨੀਅਮ ਦੀ ਵਰਤੋਂ ਕਰਕੇ ਤਿਆਰ ਕਰਦੀ ਹੈ। ਕੈਨੇਡਾ ਵਿੱਚ ਉਤਪਾਦਿਤ ਐਲੂਮੀਨੀਅਮ ਨੂੰ ਅਮਰੀਕਾ ਭੇਜਿਆ ਜਾਂਦਾ ਹੈ, ਜਿੱਥੇ ਇਸ ਨੂੰ ਕੈਨਜ਼ ਦੇ ਰੂਪ ਵਿੱਚ ਤਿਆਰ ਕਰਕੇ ਮੁੜ ਕੈਨੇਡਾ ਵਿੱਚ ਵਿਕਰੀ ਲਈ ਭੇਜ ਦਿੱਤਾ ਜਾਂਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਗੂ ਕੀਤੇ ਗਏ ਐਲੂਮੀਨੀਅਮ ਅਤੇ ਸਟੀਲ 'ਤੇ ਟੈਕਸ ਅਤੇ ਕੈਨੇਡਾ ਵੱਲੋਂ ਉਨ੍ਹਾਂ ਦੇ ਉੱਤੇ ਉਲਟ-ਟੈਕਸ ਲਗਾਉਣ



ਦੀ ਯੋਜਨਾ, ਕੰਪਨੀਆਂ ਲਈ ਨਵੇਂ ਚੁਣੌਤੀਆਂ ਪੈਦਾ ਕਰ ਰਹੀਆਂ ਹਨ।

ਮੰਗਲਵਾਰ ਨੂੰ ਵਪਾਰਕ ਯੁੱਧ ਹੋਰ ਭੰਬਲਭੂਸੇ 'ਚ ਪੈ ਗਿਆ, ਜਦੋਂ ਟਰੰਪ ਨੇ ਇੱਕ ਦਿਨ ਵਿੱਚ ਤਿੰਨ ਵਾਰ ਆਪਣੀ ਟੈਕਸ ਨੀਤੀ ਬਦਲੀ।

ਸਵੇਰੇ ਟਰੰਪ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਐਲੂਮੀਨੀਅਮ ਅਤੇ ਸਟੀਲ 'ਤੇ ਲਾਗੂ ਹੋਣ ਵਾਲੇ 25% ਦੇ ਟੈਕਸ ਨੂੰ 50% ਕਰ ਦਿੱਤਾ ਜਾਵੇਗਾ, ਜੋ ਕਿ ਬੁੱਧਵਾਰ ਤਕ ਲਾਗੂ ਹੋ ਜਾਵੇਗਾ।

ਇਹ ਵਾਧੂ ਟੈਕਸ ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਵੱਲੋਂ ਅਮਰੀਕਾ ਨੂੰ ਨਿਰਯਾਤ ਕੀਤੀ ਜਾਂਦੀ ਬਿਜਲੀ 'ਤੇ 25% ਦਾ ਵਾਧੂ ਕਰ ਲਗਾਉਣ ਦੇ ਐਲਾਨ ਦੀ ਤੋੜ ਵਜੋਂ ਲਾਇਆ ਗਿਆ ਸੀ।

ਪਰ ਸ਼ਾਮ ਦੇ ਸਮੇਂ, ਫੋਰਡ ਨੇ ਐਲਾਨ ਕੀਤਾ ਕਿ ਉਹ ਇਹ ਵਾਧੂ ਕਰ ਹਟਾ ਰਹੇ ਹਨ ਕਿਉਂਕਿ ਉਨ੍ਹਾਂ ਨੇ ਵਾਸ਼ਿੰਗਟਨ ਵਿੱਚ ਅਮਰੀਕੀ ਵਪਾਰ ਮੰਤਰੀ ਨਾਲ ਇਕ ਮੁਲਾਕਾਤ ਪ੍ਰਾਪਤ ਕਰ ਲਈ ਹੈ।

ਇਸ ਮੁਲਾਕਾਤ ਦੀ ਵਜ੍ਹਾ ਨਾਲ, ਟਰੰਪ ਨੇ ਦੱਸਿਆ ਕਿ ਐਲੂਮੀਨੀਅਮ ਅਤੇ ਸਟੀਲ 'ਤੇ ਟੈਕਸ 25% 'ਤੇ ਹੀ ਰਹੇਗਾ, ਅਤੇ ਕੋਈ 50% ਵਾਧੂ ਟੈਕਸ ਨਹੀਂ ਲਾਇਆ ਜਾਵੇਗਾ।

ਆਰਥਿਕ ਮਾਹਿਰਾਂ ਨੇ ਕਿਹਾ ਕਿ ਵਪਾਰ ਨੀਤੀ ਵਿੱਚ ਇਹ ਬੇਸਮਝ ਅਤੇ ਅਚਾਨਕ ਹੋ ਰਹੇ ਬਦਲਾਅ, ਨਿਵੇਸ਼ਕਾਂ ਨੂੰ ਝਟਕਾ ਦੇ ਰਹੇ ਹਨ ਅਤੇ ਕਿਸੇ ਵੀ ਨਵੇਂ ਨਿਵੇਸ਼ ਨੂੰ ਰੋਕ ਰਹੇ ਹਨ।

ਜ਼ਿਕਰਯੋਗ ਹੈ ਕਿ ਅੰਕੜਿਆਂ ਮੁਤਾਬਕ, ਕੈਨੇਡਾ ਹਰ ਸਾਲ 35 ਅਰਬ ਡਾਲਰ ਮੁੱਲ ਦੇ ਐਲੂਮੀਨੀਅਮ ਅਤੇ ਸਟੀਲ ਦੀ ਨਿਰਯਾਤ ਅਮਰੀਕਾ ਨੂੰ ਕਰਦਾ ਹੈ।

ਉਦਯੋਗਾਂ ਅਤੇ ਨਿਰਯਾਤਕਰਤਾਵਾਂ ਲਈ ਇਹ ਨਵੇਂ ਟੈਕਸ, ਉਨ੍ਹਾਂ ਦੀਆਂ ਉਤਪਾਦਨ ਲਾਗਤਾਂ 'ਚ ਵਾਧੂ ਅਤੇ ਉਨ੍ਹਾਂ ਦੇ ਲਾਭ 'ਚ ਵੱਡੀ ਗਿਰਾਵਟ ਕਰ ਸਕਦੇ ਹਨ। This report was written by Simranjit Singh as part of the Local Journalism Initiative.

# ਕਿਊਬੈਕ 'ਚ ਇੱਕ ਪੁਰਾਣੀ ਜੇਲ੍ਹ ਬਦਲਿਆ ਜਾਵੇਗਾ ਸਸਤੀ ਰਿਹਾਇਸ਼ੀ ਇਮਰਾਤ ਵਿੱਚ

ਕਿਊਬੈਕ (ਸਿਮਰਨਜੀਤ ਸਿੰਘ): ਕੈਨੇਡਾ ਦੀ ਫੈਡਰਲ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਲਾਵਾਲ, ਕਿਊਬੈਕ ਵਿੱਚ ਸਥਿਤ ਇੱਕ ਪੁਰਾਣੀ ਜੇਲ੍ਹ ਨੂੰ ਸਸਤੀ ਰਿਹਾਇਸ਼ ਵਿੱਚ ਬਦਲਿਆ ਜਾਵੇਗਾ।

ਬੀਤੇ ਦਿਨੀਂ ਇੱਕ ਪ੍ਰੈਸ ਰੀਲਿਜ਼ ਵਿੱਚ, ਫੈਡਰਲ ਸਰਵਜਨਕ ਸੇਵਾਵਾਂ ਦੇ ਮੰਤਰੀ ਈਵ ਦੂਕਲੋਸ ਨੇ ਐਲਾਨ ਕੀਤਾ ਕਿ ਸੇਂਟ-ਵਿੰਸੈਂਟ ਜੇਲ੍ਹ ਨੂੰ 2025 ਦੇ ਅਖੀਰ ਤਕ ਕੈਨੇਡਾ ਲੈਂਡਜ਼ ਕੰਪਨੀ ਦੇ ਹਵਾਲੇ ਕਰ ਦਿੱਤਾ ਜਾਵੇਗਾ, ਤਾਂ ਜੋ ਉੱਥੇ ਨਵੇਂ ਰਿਹਾਇਸ਼ੀ ਅਤੇ ਸਮੂਹਕ ਵਿਕਾਸ ਪ੍ਰੋਜੈਕਟ ਸ਼ੁਰੂ ਹੋ ਸਕਣ। ਸਰਕਾਰ ਨੇ ਦੱਸਿਆ ਕਿ ਅਪਰੈਲ 2025 ਤਕ ਜ਼ਰੂਰੀ ਕਾਰਵਾਈਆਂ ਪੂਰੀਆਂ ਕਰ ਲਈਆ ਜਾਣਗੀਆਂ। ਮੰਤਰੀ ਦੂਕਲੋਸ ਨੇ ਕਿਹਾ, "ਇਸ ਥਾਂ ਨੂੰ ਕੁੱਲ ਮਿਲਾ ਕੇ ਅਜਿਹਾ ਵਿਕਸਤ ਕੀਤਾ ਜਾਵੇਗਾ ਕਿ ਇਹ ਕੈਨੇਡਾ ਵਾਸੀਆਂ ਲਈ ਆਰਥਿਕ ਅਤੇ ਸਮਾਜਿਕ ਲਾਭ ਪੈਦਾ ਕਰੇ। ਇਹ ਦੱਸਣ ਲਈ ਇਕ ਉਦਾਹਰਣ ਹੈ ਕਿ ਅਸੀਂ ਰਾਸ਼ਟਰੀ ਰਿਹਾਇਸ਼ੀ ਸੰਕਟ ਨੂੰ ਹੱਲ ਕਰਨ ਲਈ ਇਕੱਠੇ ਕੰਮ ਕਰ ਰਹੇ ਹਾਂ।"

ਲਾਵਾਲ ਦੇ ਮੇਅਰ ਸਟੀਫ਼ਨ ਬੋਏ ਨੇ ਐਲਾਨ 'ਤੇ ਖ਼ੁਸ਼ੀ ਜ਼ਾਹਰ ਕਰਦੇ ਹੋਏ ਕਿਹਾ, "ਇਹ ਪਹਿਲਾ ਕਦਮ ਹੈ ਜੋ ਇਹ ਨਿਸ਼ਚਤ ਕਰਦਾ ਹੈ ਕਿ ਇਹ ਥਾਂ ਪੁਨਰ-



ਵਿਕਾਸ ਲਈ ਉਪਲਬਧ ਹੋਵੇਗੀ, ਅਤੇ ਇਹ ਬਹੁਤ ਵਧੀਆ ਖ਼ਬਰ ਹੈ।"

ਉਨ੍ਹਾਂ ਨੇ ਦੱਸਿਆ ਕਿ, "ਅਸੀਂ ਕਈ ਸਾਲਾਂ ਤੋਂ ਇਸ ਮਾਮਲੇ 'ਤੇ ਕੰਮ ਕਰ ਰਹੇ ਹਾਂ। ਇਹ ਹੀ ਉਹ ਮੁੱਖ ਮਸਲਾ ਸੀ ਜਿਸ 'ਤੇ ਮੇਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਪਹਿਲੀ ਮੀਟਿੰਗ ਹੋਈ ਸੀ।"

ਜ਼ਿਕਰਯੋਗ ਹੈ ਕਿ 1873 ਵਿੱਚ ਬਣੀ ਇਹ ਜੇਲ੍ਹ ਪਹਿਲਾਂ "ਸਿਸਟਰਸ ਆਫ਼ ਪ੍ਰੋਵੀਡੈਂਸ ਸਕ੍ਰੇਡ ਹਾਰਟ ਕਾਨਵੈਂਟ" ਦੀ ਜ਼ਮੀਨ 'ਤੇ ਬਣਾਈ ਗਈ ਸੀ। 1861 ਵਿੱਚ, ਕੈਨੇਡਾ ਈਸਟ ਸਰਕਾਰ ਨੇ ਇਸ ਨੂੰ ਇੱਕ ਸੁਧਾਰ ਸਕੂਲ ਵਜੋਂ ਥਾਪਣ ਲਈ ਖਰੀਦਿਆ ਸੀ।

1872 ਵਿੱਚ, ਫੈਡਰਲ ਸਰਕਾਰ ਨੇ ਇਸ ਨੂੰ ਕਿਊਬੈਕ ਪ੍ਰਾਂਤ ਤੋਂ ਖਰੀਦ ਲਿਆ ਅਤੇ 1873 ਵਿੱਚ ਇਹ ਫੈਡਰਲ ਜੇਲ੍ਹ ਵਜੋਂ ਕਾਰਜਸ਼ੀਲ ਹੋ ਗਈ।

19 ਮਈ 1873 ਨੂੰ, ਕਿੰਗਸਟਨ ਜੇਲ੍ਹ ਵਿੱਚੋਂ ਪਹਿਲੇ ਕੈਦੀ ਅਤੇ ਜੇਲ੍ਹ ਕਰਮਚਾਰੀ ਇੱਕ ਸਟੀਮਸ਼ਿਪ ਰਾਹੀਂ ਇੱਥੇ ਆਏ ਸਨ।

1989 ਵਿੱਚ, ਇਹ ਫੈਡਰਲ ਜੇਲ੍ਹ ਵਜੋਂ ਬੰਦ ਹੋ ਗਈ ਅਤੇ 1990 ਵਿੱਚ ਕੈਨੇਡਾ ਦੇ ਰਾਸ਼ਟਰੀ ਇਤਿਹਾਸਕ ਟਿਕਾਣੇ ਵਿੱਚ ਸ਼ਾਮਲ ਕਰ ਲਈ ਗਈ।

ਫੈਡਰਲ ਸਰਕਾਰ ਨੇ ਜਨਵਰੀ 2025 ਵਿੱਚ ਇਹ ਇਸ਼ਾਰਾ ਦਿੱਤਾ ਕਿ ਕਿੰਗਸਟਨ ਪੈਨ ਜੋ ਕਿ ਇੱਕ ਸਾਬਕਾ ਵੱਧ-ਸੁਰੱਖਿਆ ਜੇਲ੍ਹ ਹੈ, ਨੂੰ ਵੀ ਰਿਹਾਇਸ਼ੀ ਵਿਕਾਸ ਲਈ ਬਦਲਿਆ ਜਾ ਸਕਦਾ ਹੈ। ਇਸ ਜੇਲ੍ਹ ਕੈਨੇਡਾ ਦੇ ਕਈ ਪ੍ਰਸਿੱਧ ਕ੍ਰਿਮਿਨਲ ਕੈਦ ਹਨ, ਜਿਨ੍ਹਾਂ ਵਿੱਚ ਪੌਲ ਬਰਨਾਰਡੋ ਵਰਗੇ ਮਸ਼ਹੂਰ ਦੋਸ਼ੀ ਵੀ ਹਨ। This report was written by Simranjit Singh as part of the Local Journalism Initiative.



WINNIPEG LOCATION
NOW OPEN 9am to 9pm
#3- 1375 McPhillips St.
SABZI MANDI SUPERMARKET
Serving our Community since 2003
Ramadan Mubarak!
HOT PRICE FRESH SPINACH ਪਾਲਕ Bunch 1.29 ea
HOT PRICE INDIAN CARROTS ਦੇਸੀ ਗਾਜਰਾਂ 1.69 /lb
HOT PRICE FRESH TOMATOES ਫਰੈਸ਼ ਟਮਾਟਰ 99¢ /lb
HOT PRICE FRESH CILANTRO ਧਨੀਆਂ Bunch 2 for 99¢
ALMOND OIL ਬਦਾਮ ਤੇਲ 1L 11.99 ea
UNBEATABLE DEAL
ANNAPURNA ATTA ਅਨਪੂਰਨਾ ਆਟਾ 20lb 12.99 ea
Annapurna Chakki
FRESH GINGER ਅੰਦਰਕ 1.49 /lb
ROSHNI TAMARIND ਰੋਸ਼ਨੀ ਇਮਲੀ 400g 2 for $5
AMBROSIA APPLES ਐਮਬਰੋਜ਼ਾ ਸੇਬ 88¢ /lb
PUNJABI BY NATURE GUR RUSK ਪੰਜਾਬੀ ਬਾਈ ਨੇਚਰ ਗੁੜ ਰੱਸਕ 600g 4.99 ea
CASE LOT SALE
FRESH CILANTRO ਧਨੀਆਂ 60 bunches $27 ea
AMBROSIA APPLES ਐਮਬਰੋਜ਼ਾ ਸੇਬ 40lb Case $32 ea
JUMBO CARROTS ਵੱਡੀਆਂ ਗਾਜਰਾਂ 22lb $16 ea
JUMBO CAULIFLOWER ਗੋਭੀ 2.99 ea
PITTED DATES ਖੰਜੂਰਾਂ 680g 5.99 ea
JUMBO CARROTS ਵੱਡੀਆਂ ਗਾਜਰਾਂ 69¢ /lb
FRESH OPO ਲੌਕੀ 1.29 /lb
EXTRA FANCY RED ONIONS ਲਾਲ ਗੰਢੇ 25lb 16.99 ea
JUMBO EGGPLANT ਵੱਡੇ ਵਤਾਊਂ 1.49 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 3.99 ea
FRESH METHI ਮੇਥੀ Bunch 1.89 ea
PEELED GARLIC ਲਸਣ 5lb 11.99 ea
RUSSET POTATOES ਆਲੂ 10lb 3.99 ea
FRESH GARLIC ਲਸਣ 1.69 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. March 14, 2025 - Wed. March 19, 2025
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com